ਅਪ੍ਰੈਲ/ਮਈ/ਜੂਨ, 1990
April/May/June, 1990

# ਵਤਨ



ਪੰਜਾਬੀ ਜ਼ਬਾਨ ਸਾਹਿਤ ਅਤੇ
ਸਭਿਆਚਾਰ ਦਾ ਤ੍ਰੈਮਾਸਕ ਪੱਤਰ

ਕੀਮਤ ਦੋ ਡਾਲਰ
Price per copy - $2.00

# ਸੰਪਾਦਕੀ

ਬਾਕੀ ਪੰਜਾਬੀਆਂ ਵਾਂਗ ਕੈਨੇਡੀਅਨ ਪੰਜਾਬੀਆਂ ਨੂੰ ਵੀ ਸਭਿਆਚਾਰਕ ਤੌਰ ਤੇ ਦੋ ਵਿਰੋਧੀ ਤਾਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ: ਇਕ, ਤਾਕਤਵਰ ਪੱਛਮੀ ਸਭਿਆਚਾਰ; ਦੂਜਾ ਪੰਜਾਬੀਆਂ ਦੇ ਅੰਦਰੂਨੀ ਰੁਝਾਨ। ਦੋਨ੍ਹਾਂ ਹੀ ਪੰਜਾਬਾਂ (ਭਾਰਤੀ ਅਤੇ ਪਾਕਿਸਤਾਨੀ ਪੰਜਾਬੀ) ਤੋਂ ਆਏ ਲੋਕ ਆਪਣੀ ਪਛਾਣ ਆਪਣੇ ਪੰਜਾਬੀ ਹੋਣ ਨਾਲ ਨਹੀਂ ਸਗੋਂ ਆਪਣੇ ਧਰਮ ਨਾਲ ਕਰਾਉਣ ਤੇ ਤੁਲੇ ਹੋਏ ਹਨ। ਪੰਜਾਬੀਆਂ ਅੰਦਰਲੇ ਇਹਨਾਂ ਰੁਝਾਨਾਂ ਕਾਰਨ ਪੰਜਾਬੀ ਸਭਿਆਚਾਰ ਦਾ ਸਾਰੇ ਦਾ ਸਾਰਾ ਸੰਕਲਪ (concept) ਹੀ ਖਤਰੇ ਵਿਚ ਜਾਪਦਾ ਹੈ।

ਸਾਡੇ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਸਭਿਆਚਾਰ ਅਤੇ ਬੋਲੀ ਪ੍ਰਤੀ ਬਣਦੀ ਆਪਣੀ ਜ਼ਿੰਮੇਵਾਰੀ ਤੋਂ ਚੇਤੰਨ ਹੋਈਏ। ਕੈਨੇਡਾ ਵਿਚਲੀ ਬਹੁ-ਸਭਿਆਚਾਰਕ (ਮਲਟੀਕਲਚਰਲ) ਪਾਲਿਸੀ ਅਨੁਸਾਰ ਆਪਣੀ ਬੋਲੀ ਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਦਾ ਸਾਡੇ ਕੋਲ ਵਧੀਆ ਮੌਕਾ ਹੈ। ਜੇ ਅਸੀਂ ਇਥੇ ਮਿਲਦੇ ਹੱਕਾਂ ਤੇ ਸੁਵਿਧਾਵਾਂ ਨੂੰ ਪੂਰੀ ਤਰ੍ਹਾਂ ਇਸਤੇਮਾਲ ਕਰੀਏ ਤਾਂ ਅਸੀਂ ਸਿਰਫ ਆਪਣੇ ਲਈ ਜਾਂ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਭਿਆਚਾਰ ਤੇ ਬੋਲੀ ਲਈ ਵੀ ਕਈ ਕੁਝ ਕਰ ਸਕਦੇ ਹਾਂ।

ਅਸੀਂ ਇਸ ਮੁਲਕ ਵਿਚ 'ਪ੍ਰਾਹੁਣੇ' ਨਹੀਂ ਨਾ ਹੀ ਅਸੀਂ ਇਥੇ ਸਿਰਫ 'ਸਫਰ' ਲਾਉਣ ਆਏ ਹਾਂ। ਸਾਨੂੰ ਇਹ ਸਚਾਈ ਮੰਨ ਲੈਣੀ ਚਾਹੀਦੀ ਹੈ ਕਿ ਇਹ ਸਾਡਾ ਆਪਣਾ ਮੁਲਕ ਹੈ ਤੇ ਇਥੇ ਸਾਨੂੰ ਆਪਣੇ ਘਰ ਵਾਲੇ ਬਣ ਕੇ ਰਹਿਣਾ ਚਾਹੀਦਾ ਹੈ। ਇਸ ਮੁਲਕ ਦੇ ਨਾਗਰਿਕ ਹੋਣ ਨਾਤੇ ਸਾਡੇ ਜੋ ਫਰਜ ਹਨ ਸਾਨੂੰ ਨਿਭਾਉਣੇ ਚਾਹੀਦੇ ਹਨ ਅਤੇ ਸਾਨੂੰ ਜੋ ਹੱਕ ਹਾਸਲ ਹਨ ਉਹਨਾਂ ਨੂੰ ਵਰਤਣਾ ਚਾਹੀਦਾ ਹੈ।

ਸਾਨੂੰ ਇਹ ਹੱਕ ਹੈ ਕਿ ਅਸੀਂ ਇਥੋਂ ਦੀਆਂ ਪਬਲਿਕ ਲਾਇਬਰੇਰੀਆਂ ਵਿੱਚ ਪੰਜਾਬੀ ਪੁਸਤਕਾਂ ਤੇ ਰਸਾਲਿਆਂ ਲਈ ਮੰਗ ਕਰ ਸਕਦੇ ਹਾਂ। ਸਰਕਾਰੀ ਤੇ ਗੈਰ ਸਰਕਾਰੀ ਸੇਵਾਵਾਂ ਬਾਰੇ ਜਾਣਕਾਰੀ ਪੰਜਾਬੀ ਵਿਚ ਹੋਣ ਦੀ ਮੰਗ ਕਰਨਾ ਵੀ ਸਾਡਾ ਹੱਕ ਹੈ ਜੋ ਵਰਤਣਾ ਚਾਹੀਦਾ ਹੈ। ਉਦਾਹਰਣ ਲਈ ਵੈਨਕੂਵਰ ਜਾਂ ਟਰਾਂਟੋ ਵਰਗੀ ਹਵਾਈ ਅੱਡਿਆਂ ਤੋਂ ਸੈਂਕੜੇ ਪੰਜਾਬੀ ਹਰ ਹਫਤੇ ਸਫਰ ਕਰਦੇ ਹਨ ਉਹਨਾਂ ਦੀ ਸਹੂਲਤ ਲਈ ਇਕ ਵੀ ਸ਼ਬਦ ਪੰਜਾਬੀ ਵਿਚ ਬੋਲਿਆ ਨਹੀਂ ਜਾਂਦਾ ਜਾਂ ਇਕ ਵੀ ਅੱਖਰ ਪੰਜਾਬੀ ਵਿਚ ਲਿਖਿਆ ਨਹੀਂ ਮਿਲਦਾ। ਇਸੇ ਹਵਾਈ ਅੱਡੇ ਤੇ ਜਪਾਨੀ ਤੇ ਚੀਨੀ ਵਿਚ ਅਨਾਊਂਸਮੈਂਟਾਂ ਹੁੰਦੀਆਂ ਹਨ। ਜੇ ਸਰਕਾਰ ਤੇ ਨਹੀਂ ਤਾਂ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਤੇ ਤਾਂ ਪੰਜਾਬੀ ਵਿਚ ਸੇਵਾ ਦੇਣ ਦਾ ਦਬਾਅ ਪਾਇਆ ਜਾ ਸਕਦਾ ਹੈ, ਕਿਉਂਕਿ ਉਹਨਾਂ ਨੂੰ ਪੰਜਾਬੀ ਹਰ ਸਾਲ ਕਿੰਨੇ ਹੀ ਮਿਲੀਅਨ ਡਾਲਰਾਂ ਦਾ ਵਪਾਰ ਦਿੰਦੇ ਹਨ।

ਕੈਨੇਡਾ ਦੇ ਇਕ ਸੂਬੇ ਨੂੰ ਛੱਡ ਕੇ ਬਾਕੀ ਸਾਰੇ ਦੇਸ ਵਿਚ ਲੋਕਾਂ ਨੂੰ ਇਹ ਹੱਕ ਹੈ ਕਿ ਉਹ ਆਪਣੀ ਦੁਕਾਨ ਜਾਂ ਆਪਣੇ ਵਪਾਰ ਦਾ ਨਾਂ ਪੰਜਾਬੀ ਵਿਚ ਜਾਂ ਕਿਸੇ ਵੀ ਜ਼ਬਾਨ ਵਿਚ ਲਿਖ ਸਕਦੇ ਹਨ। ਉਤਰੀ ਅਮਰੀਕਾ ਦੇ ਕਿਸੇ ਵੀ ਸ਼ਹਿਰ ਵਿਚ ਜਿਥੇ ਚੀਨੇ ਜਾਂ ਜਪਾਨੀ ਲੋਕ ਵਸਦੇ ਹਨ ਉਹਨਾਂ ਦੇ ਆਪਣੇ ਵੱਖਰੇ ਕੇਂਦਰ ਬਣੇ ਹੋਏ ਹਨ ਤੇ ਉਹਨਾਂ ਦੀ ਪਛਾਣ ਦਾ ਵੱਡਾ ਜ਼ਰੀਆ ਉਹਨਾਂ ਦੀਆਂ ਦੁਕਾਨਾਂ ਅੱਗੇ/ਉਪਰ ਲੱਗੀ ਉਹਨਾਂ ਦੀ ਜ਼ਬਾਨ ਵਿਚ ਲਿਖੇ ਵੱਡੇ ਵੱਡੇ ਬੋਰਡ ਹਨ। ਕੈਨੇਡਾ ਵਿਚਲੇ ਪੰਜਾਬੀ ਇਸ ਹੱਕ ਨੂੰ ਬਹੁਤ ਘੱਟ ਵਰਤ ਰਹੇ ਹਨ। ਉਦਾਹਰਣ ਵਜੋਂ ਵੈਨਕੂਵਰ ਦੀ ਮੇਨ ਸਟਰੀਟ ਤੇ ਬਹੁਤ ਘੱਟ ਦੁਕਾਨਾਂ ਉਪਰ ਪੰਜਾਬੀ ਬੋਰਡ ਹਨ। ਜਿਹੜੇ ਕੁਝ ਬੋਰਡ ਪੰਜਾਬੀ ਵਿਚ ਹਨ ਉਹ ਅੰਗਰੇਜ਼ੀ ਤੋਂ ਛੋਟੇ ਅਤੇ ਮੁਕਾਬਲੇ ਵਿਚ ਘਟੀਆ ਹਨ। ਬੋਲੀ ਪ੍ਰਤੀ ਇਹੋ ਜਿਹੀ ਅਣਗਹਿਲੀ ਨੂੰ ਖਤਮ ਕਰਨਾ ਚਾਹੀਦਾ ਹੈ।

ਬੋਲੀ ਦੇ ਨਾਲ ਨਾਲ ਸਭਿਆਚਾਰਕ ਕੇਂਦਰ ਉਸਾਰਨ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਅਸੀਂ ਕੈਨੇਡੀਅਨ ਰਹਿੰਦੇ ਹੋਏ ਆਪਣਾ ਸੰਗੀਤ, ਲੋਕ-ਨਾਚ, ਰੰਗ-ਮੰਚ ਪ੍ਰਫੁਲੱਤ ਕਰ ਸਕਦੇ ਹਾਂ। ਜੇ ਅਸੀਂ, ਪਹਿਲੀ ਪੀੜੀ ਦੇ ਲੋਕ ਆਪਣੀ ਬੋਲੀ ਤੇ ਸਭਿਆਚਾਰ ਪ੍ਰਤੀ ਚੇਤਨ, ਸੁਹਿਰਦ ਤੇ ਮਾਣ ਦੀ ਭਾਵਨਾ ਨਾਲ ਸਰਗਰਮ ਹੋਵਾਂਗੇ ਤਾਂ ਹੀ ਅਸੀਂ ਆਸ ਰੱਖ ਸਕਦੇ ਹਾਂ ਕਿ ਸਾਡੀ ਆਉਣ ਵਾਲੀ ਪੀੜੀ ਇਹਨਾਂ ਗੱਲਾਂ ਵੱਲ ਮਾਣ ਨਾਲ ਦੇਖੇਗੀ।

ਸਮੇਂ ਦੀ ਮੰਗ ਹੈ ਕਿ ਅਸੀਂ ਆਪਣੀ ਪੰਜਾਬੀਅਤ, ਕਾਇਮ ਰੱਖਦੇ ਹੋਏ ਕੈਨੇਡੀਅਨ ਸਮਾਜ ਦਾ ਹਿੱਸਾ ਬਣਨ ਦੀ ਕੋਸ਼ਿਸ਼ ਕਰੀਏ। ਇਥੋਂ ਦੀ ਬੋਲੀ ਸਿੱਖੀ ਜਾਵੇ। ਇਥੋਂ ਦੇ ਇਤਿਹਾਸ ਬਾਰੇ, ਸਭਿਆਚਾਰੇ ਬਾਰੇ ਪੂਰੀ ਜਾਣਕਾਰੀ ਹਾਸਲ ਕੀਤੀ ਜਾਵੇ। ਕੈਨੇਡਾ ਵਿਚ ਪੰਜਾਬੀਆਂ ਦਾ ਆਪਣਾ ਇਤਹਾਸ ਹੈ ਜਿਸਦੀ ਖੋਜ ਕਰਨਾ ਤੇ ਆਉਣ ਵਾਲੀਆਂ ਪੁਸ਼ਤਾਂ ਨੂੰ ਦੱਸਣਾ ਸਾਡਾ ਹੀ ਫਰਜ ਹੈ। ਇਸ ਇਤਿਹਾਸ ਵਿਚ ਗਦਰ ਪਾਰਟੀ ਦੀਆਂ ਸਰਗਰਮੀਆਂ ਹਨ। ਕਾਮਾਗਾਟਾ ਮਾਰੂ ਦਾ ਘੋਲ ਹੈ। ਸ਼ਹੀਦ ਮੇਵਾ ਸਿੰਘ ਹੈ। ਨਸਲੀ ਇੰਮੀਗਰੇਸ਼ਨ ਕਾਨੂੰਨਾਂ ਵਿਰੁੱਧ ਨਿਰੰਤਰ ਜਦੋ ਜਹਿਦ ਕਰਨ ਦਾ ਇਤਿਹਾਸ ਹੈ। ਮਜ਼ਦੂਰਾਂ ਦੀਆਂ ਯੂਨੀਅਨਾਂ ਸਥਾਪਤ ਕਰਨ ਲਈ ਦਰਸ਼ਨ ਸਿੰਘ ਕਨੇਡੀਅਨ ਵਰਗੇ ਘੁਲਾਟੀਏ ਇਸ ਇਤਿਹਾਸ ਦਾ ਹਿੱਸਾ ਹਨ। ਪਹਿਲੀਆਂ ਵਿਚ ਆਏ ਬਜ਼ੁਰਗਾਂ ਦੀਆਂ ਜਾਤੀ ਪੱਧਰ ਤੇ ਕੀਤੀਆਂ ਅਥਾਹ ਕੁਰਬਾਨੀਆਂ (ਕਹਿਰਾਂ ਦੀ ਠੰਡ ਵਿਚ ਪੱਧਰੇ ਜਾਂ ਘੋੜਿਆਂ ਦੇ ਤਬੇਲਿਆਂ 'ਚ ਪਰਨਾਲੀ ਤੇ ਸੌਣਾ ਕੀ ਕੁਰਬਾਨੀ ਨਹੀਂ?) ਇਸ ਸੁਨਹਿਰੀ ਇਤਿਹਾਸ ਦਾ ਹਿੱਸਾ ਹਨ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਇਸ ਇਤਹਾਸਕ ਵਿਰਸੇ ਨੂੰ ਕਨੇਡੀਅਨ ਇਤਿਹਾਸ ਦਾ ਹਿੱਸਾ ਬਣਵਾਇਆ ਜਾਵੇ। ਸਕੂਲਾਂ ਵਿਚ ਪੜ੍ਹਦੇ ਬੱਚੇ ਸਿਰਫ ਮਕੈਂਜੀ ਕਿੰਗ ਬਾਰੇ ਹੀ ਨਾ ਪੜ੍ਹਨ ਉਹਨਾਂ ਨੂੰ ਹਸਨ ਰਹੀਮ ਦਾ ਤੇ ਮੇਵਾ ਸਿੰਘ ਦਾ ਵੀ ਪਤਾ ਹੋਣਾ ਚਾਹੀਦਾ ਹੈ। ਆਪਣੀ ਬੋਲੀ ਤੇ ਸਭਿਆਚਾਰ ਨੂੰ ਆਪਣੀ ਅਗਲੀ ਪੀੜੀ ਤੱਕ ਪਹੁੰਚਾਣਾ ਆਪਣੀ ਔਲਾਦ ਨੂੰ ਪਾਲਣ ਪੋਸਣ ਦਾ ਇਕ ਹਿੱਸਾ ਹੁੰਦਾ ਹੈ ਅਤੇ ਹੋਣਾ ਚਾਹੀਦਾ ਹੈ।

* * *

11 ਫਰਵਰੀ 1990 ਨੂੰ ਸਾਊਥ ਅਫਰੀਕਨ ਲੋਕਾਂ ਦਾ ਮਹਿਬੂਬ ਲੀਡਰ, ਨੈਲਸਨ ਮੰਡੇਲਾ, 28 ਵਰ੍ਹੇ ਜੇਲ੍ਹ 'ਚ ਬਿਤਾ ਰਿਹਾ ਹੋਇਆ ਹੈ। ਜੇਲ੍ਹ 'ਚ ਹੁੰਦਿਆਂ ਹੋਇਆਂ ਵੀ ਮੰਡੇਲਾ ਅਫਰੀਕਨ ਲੋਕਾਂ ਵਲੋਂ ਅਪਾਰਥਾਈਡ ਵਿਰੁੱਧ ਲੜੀ ਜਾਂਦੀ ਲੜਾਈ ਦਾ ਚਾਨਣ ਮੁਨਾਰਾ ਸੀ। ਉਸਦੀ ਰਿਹਾਈ ਤੇ ਦੁਨੀਆਂ ਭਰ ਵਿਚ ਖੁਸ਼ੀਆਂ

ਬਾਕੀ ਸਫਾ 43 'ਤੇ

ਸਾਲ ਪਹਿਲਾ
ਅੰਕ ਚੌਥਾ

ਅਪ੍ਰੈਲ/ਮਈ/ਜੂਨ, 1990

# ਵਤਨ

**Vol. 1, No.4**
**Spring, 1990**
**April/May/June**

**Watan**
**P.O. Box 67681, Stn. 'O'**
**Vancouver, B.C., V5W 3V2**

**ਸੰਪਾਦਕ:**
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

**ਮੈਨੇਜਿੰਗ ਸੰਪਾਦਕ:**
ਪਾਲ ਬਿਨਿੰਗ 270-7842

**ਐਡਵਰਟਾਇਜ਼ਿੰਗ ਸੰਪਾਦਕ:**
ਅਮਨਪਾਲ ਸਾਰਾ 434-1543

**ਸਰਕੂਲੇਸ਼ਨ ਸੰਪਾਦਕ:**
ਹਰਜਿੰਦਰ ਸਾਂਗਰਾ
ਅੰਜੂ ਹੁੰਦਲ

**ਸਹਿਯੋਗੀ:**
ਸਰੀ
ਗੁਰਮੇਲ ਰਾਏ 583-7512
ਐਡਮੰਟਨ:
ਸਤਵੰਤ ਦੀਪਕ 461-1917
ਲਾਟ ਭਿੰਡਰ 435-7469

**Editors:**
Sadhu Binning 437-9014
Sukhwant Hundal 581-3211

**Managing Editor:**
Paul Binning 270-7842

**Advertising Editor:**
Amanpal Sara 434-1543

**Circulation Editors:**
Harjinder Sangra
Anju Hundal 581-3211

**Associates:**
Surrey:
Gurmail Rai 583-7512
Edmonton:
Satwant Deepak 461-1917
Latt Bhinder 435-7469

## ਇਸ ਅੰਕ ਵਿਚ

ਸੰਪਾਦਕੀ

**ਕਵਿਤਾ:**
ਸੰਤੋਖ ਸਿੰਘ ਧੀਰ
ਕਮਲ ਦੇਵ ਪਾਲ
ਸੁਖਵਿੰਦਰ ਕੰਬੋਜ਼
ਡਾ: ਮਹਿੰਦਰ ਗਿੱਲ
ਮੰਗਾ ਬਾਸੀ
ਅਮਨਪਾਲ ਸਾਰਾ
ਨਿਕੋਲਸ ਗੁਇਲਨ
ਲਾਰੈਂਸ ਬੈੱਨਫੋਰਡ
ਦਰਸ਼ਨ ਗਿੱਲ

**ਲੇਖ:**
ਬਲਦੇਵ ਦੂਹੜੇ
ਨੈਲਸਨ ਮੰਡੇਲਾ

**ਕਹਾਣੀ:**
ਰਘੁਬੀਰ ਢੰਡ
ਸ਼ਸ਼ੀ ਸਮੁੰਦਰਾ
ਮਹਿੰਦਰ ਸੂਮਲ
ਹਰਪ੍ਰੀਤ ਸੇਖਾ

**ਸਥਾਈ ਕਾਲਮ:**
ਆਪਣੇ ਲੋਕ
ਮਾਨਸਿਕ ਸਿਹਤ
ਪੁਸਤਕ ਪਰਿਚੈ
ਸਰਗਰਮੀਆਂ
ਤੇ ਤੁਸੀਂ ਲਿਖਿਆ

ਚੰਦਾ ਭੇਜਣ ਲਈ ਨਾਲ ਦਿੱਤਾ ਲਫਾਫਾ ਵਰਤੋ। ਸਟੈਂਪ ਲਾਉਣ ਦੀ ਲੋੜ ਨਹੀਂ।
ਜੇ ਤੁਸੀਂ ਚੰਦਾ ਭੇਜ ਚੁੱਕੇ ਹੋ ਤਾਂ ਇਹ ਸੁਨੇਹਾ ਅੱਖੋ ਉਹਲੇ ਕਰ ਦੇਵੋ। ਧੰਨਵਾਦ।

Price: $2:00 ਕੀਮਤ ਦੋ ਡਾਲਰ

Annual Subscription:
canada & U.S.A.
Individuals- $12:00
Institutions- $18:00
Other Countries:- $18:00

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿਜੀ ਹਨ।
ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the official policies of Watan.
All officeholders and members of Watan Publications past and present, have been and are honorary associsates of Watan.

# MINT AUTO BODY LTD.

* Complete Professional Auto Body repairs and Refinishing on all makes and models
* I.C.B.C. claims handled promptly
* Complete framework
* UNI-Body repairs
* All work conditionally guranteed
* Free estimates
* Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਡੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ।

**ਫੋਨ: ਭੁਪਿੰਦਰ(ਬੋਬ) ਸਹੋਤਾ**

**433-1207**

5590 LANE ST. BURNABY, B.C.

# DEVINDERJIT (DAVE) SINGH PUREWAL

(Barrister, Solicitor & Notary Public)

## ਦਵਿੰਦਰਜੀਤ (ਡੇਵ) ਸਿੰਘ ਪੁਰੇਵਾਲ

Ph.: (403) 462-7555

General Practice of Law Including -

* ਕ੍ਰਿਮੀਨਲ (Criminal) * ਇਮੀਗਰੇਸ਼ਨ (Immigration)
* ਰੀਅਲ ਅਸਟੇਟ ਤੇ ਮੋਰਗੇਜ਼ (Real Estate & Mortgage)
* ਵਿੱਲ ਤੇ ਅਸਟੇਟ (Will & Estate) *ਸਿਵਲ (Civil)
* ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

Milwood Office : 9209 - 34th Ave. Edmonton, Alta. T6E 5T5

ਸੇਵਾਵਾਂ ਪੰਜਾਬੀ, ਹਿੰਦੀ ਤੇ ਉਰਦੂ ਵਿਚ ਵੀ ਮਿਲਦੀਆਂ ਹਨ



KULDIP RANGI
RES: 278-8320

# BYING OR SELLING

RESIDENTIAL, COMMERCIAL, FARMS OR LOTS

CONTACT

# RANGI BROTHERS

# 327-1111

## NORTHRIDGE REALTY LTD.

## 6417 FRASER ST., VANCOUVER V5W 3A6



DARSHAN RANGI
RES:270-7100

LOWEST PRICES GUARANTEED

# ROYAL FURNITURE LTD.

MASTER CARD VISA ACCEPTED

2607 MAIN STREET (at 10th. AVE.), VANCOUVER, B.C.

VISA MasterCard

TEL. 874-9525

* ਲਿਵਿੰਗ ਰੂਮ * ਡਾਈਨਿੰਗ ਰੂਮ
* ਬੈੱਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖਰੀਦੋ।

ਜੇ ਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖਰੀਦਣਾ ਹੋਵੇ ਤਾਂ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦੇਵੋ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ ।* ਜੇਕਰ ਪੁਰਾਣਾ ਫਰਨੀਚਰ ਟਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ ਟੌਪ ਕੁਆਲਟੀ ਅਤੇ ਵਾਜ਼ਬ ਕੀਮਤਾਂ

**TEL. 874-9525**

*ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ*

Lowest Prices Guaranteed In B.C. * New *Used Or * Trade Ins

# ਦੁਖਾਂਤ

## -ਸੰਤੋਖ ਸਿੰਘ ਧੀਰ

ਮੈਂ ਉਹਨਾਂ ਵੱਲ ਖਲੋਤਾ ਹਾਂ
ਜਿਹੜੇ ਨਹੀਂ ਖਲੋਤੇ
ਕਦੇ, ਆਪਣੇ ਆਪ ਵੱਲ
ਜਿਨ੍ਹਾਂ ਨੂੰ ਨਹੀਂ ਪਤਾ
ਕੌਣ ਮਿੱਤਰ
ਕੌਣ ਵੈਰੀ।

ਮੈਂ ਉਹਨਾਂ ਵੱਲ ਖਲੋਤਾ ਹਾਂ
ਜਿਨ੍ਹਾਂ ਨੂੰ ਨਹੀਂ ਪਤਾ
ਉਹ ਕੀਹਦੇ ਵੱਲ ਖਲੋਤੇ ਹਨ।

ਮੈਂ ਉਹਨਾਂ ਵੱਲ ਖਲੋਤਾ ਹਾਂ
ਜੋ ਈਸਾ ਨੂੰ ਨਹੀਂ ਜਾਣਦੇ
ਈਸਾਈ ਹੋਣਾ ਜਾਣਦੇ ਹਨ
ਜੋ ਨਾਨਕ ਦਾ ਨਾਂ ਤਾਂ ਲੈਂਦੇ ਹਨ
ਪਰ ਨਾਨਕ ਵਾਂਗ ਹੋਣਾ
ਪਸੰਦ ਨਹੀਂ ਕਰਦੇ,
ਮੈਂ ਉਹਨਾਂ ਵੱਲ ਖਲੋਤਾ ਹਾਂ
ਜੋ ਮੁਸਲਮਾਨ ਤਾਂ ਹਨ
ਪਰ, ਮੁਹੰਮਦ ਸਾਹਿਬ ਤੋਂ ਦੂਰ ਹਨ
ਮੁਹੰਮਦ ਜਿਹਾ ਹੋਣਾ, ਜਿਨ੍ਹਾਂ ਨੂੰ
ਵਾਰਾ ਨਹੀਂ ਖਾਂਦਾ।

ਮੈਂ ਉਹਨਾਂ ਵੱਲ ਖਲੋਤਾ ਹਾਂ
ਜੋ ਸੂਰਜ ਨੂੰ, ਉਂਜ ਤਾਂ
ਨਮਸਕਾਰ ਕਰਦੇ ਹਨ
ਪਰ ਸੂਰਜ ਦੀ ਧੁੱਪ ਵਿਚ
ਅੱਖਾਂ ਨਹੀਂ ਖੋਲ੍ਹਦੇ
ਅਤੇ, ਖ਼ੁਸ਼ ਰਹਿੰਦੇ ਹਨ
ਰਾਤ ਦੇ ਹਨੇਰੇ ਵਿਚ।

ਮੈਂ ਉਹਨਾਂ ਵੱਲ ਖਲੋਤਾ ਹਾਂ
ਜਿਹੜੇ ਮੈਨੂੰ ਆਪਣੇ ਵੱਲ
ਖਲੋਤਾ ਨਹੀਂ ਜਾਣਦੇ।
ਇਹੋ ਹੈ ਦੁਖਾਂਤ
ਮੇਰਾ
ਉਹਨਾਂ ਦਾ।

# ਆ ਜਾ ਅਫਰੀਕਾ

(ਨੈਲਸਨ ਮੰਡੇਲਾ ਦੀ ਰਿਹਾਈ ਤੇ)

## ਡਾ: ਮਹਿੰਦਰ ਗਿੱਲ, (U.K.)

ਐ ਕਲਮ
ਲਿਖ।
ਕਿ ਅੱਜ ਤਾਰਿਆਂ ਦੇ ਹਜੂਮ
ਸ਼ਹਿਰਾਂ ਤੇ ਪਿੰਡਾਂ 'ਚ
ਗਾਉਂਦੇ ਨੇ ਰੋਸ਼ਨੀ ਦੇ ਗੀਤ।
ਰਕਸ ਦੇ ਤਾਲ 'ਚੋਂ
ਧੜਕੇ ਨੇ ਧੌਂਸੇ
ਯੁਗਾਂ ਦੀ ਜੁਦਾਈ ਦਾ ਅੰਤ,
ਅਜ ਮਿਲਿਆ ਹੈ ਮੀਤ।
ਲਹੂ ਦੇ ਤੁਪਕਿਆਂ 'ਚੋਂ
ਉੱਗਿਆ ਸੂਹਾ ਗੁਲਾਬ
ਹੈ ਉਨ੍ਹਾਂ ਦੀ ਕਹਾਣੀ
ਕਿ ਜਿਨ੍ਹਾਂ ਦੀ ਪ੍ਰੀਤ
ਚੁੰਮ ਗਈ ਗੋਲੀ ਦੇ ਹੋਂਠ
ਤਾਂ ਕਿ ਵਤਨ ਦੀਆਂ
ਨਾੜਾਂ ਦੀ ਗਰਮੀ
ਨਾ ਕਿਤੇ ਹੋ ਜਾਵੇ ਸੀਤ।

ਲਿਖ ਕਿ
ਆਸ਼ਕਾਂ ਭੌਰਾਂ ਨੂੰ ਕਦੇ
ਕੋਈ ਨਾ ਸਕਿਆ ਹੈ ਕੀਲ।
ਬਾਣੀਆਂ ਮਿਲਿਆ ਸਮੇਂ ਦਾ
ਹੋ ਸਦਾ ਜ਼ਾਲਮ ਬਖੀਲ।
ਚਿੱਟਿਆਂ ਨਾਗਾਂ ਨੇ
ਚੂਸੀ ਰੱਤ ਦੋ ਜਾਂ ਤਿੰਨ ਸਦੀ
ਕਾਰਤੂਸਾ ਦੀ ਝੜੀ
ਜਾਂ ਵਰ੍ਹਦੀ ਰਹੀ ਆ ਅੰਜੀਲ।
ਰਾਖ 'ਚੋਂ ਕੁਕਨੂਸ ਵਾਂਗ
ਉਠ ਕੇ ਆ ਜਾ ਅਫਰੀਕਾ
ਹਰ ਤਰਫ ਆਵਾਜ਼ ਆਉਂਦੀ
ਹਰ ਤਰਫ ਵਜਦੇ ਨੇ ਜ਼ੀਲ।

ਜੇਲ੍ਹ ਦੇ ਪਿੰਜਰੇ
ਕਿਵੇਂ ਰੋਕਣ
ਖਿਆਲਾਂ ਦੀ ਉਡਾਣ।
ਪਿਆਰ ਤੇਰਾ
ਹਰ ਮੁਣਸਫੀ ਰੂਹ ਨੂੰ
ਮਿਲਿਆ ਹੈ ਆਣ।
ਧਾਰ ਨਾ ਤਲਵਾਰ
ਨਾ ਟੈਂਕਾਂ ਦਾ ਇਹ ਮੁਹਤਾਜ
ਨਸਲਾਂ ਦੀ ਹਵਸਾਂ ਦਾ ਕੈਦੀ
ਕਿਸ ਤਰ੍ਹਾਂ ਸਕਦਾ ਹੈ ਜਾਣ।
ਉਹ ਕਦੀ ਮਰਦਾ ਨਹੀਂ
ਹੈ ਹਿਰਦਿਆਂ ਵਿੱਚ ਜੀਂਵਦਾ
ਵਤਨ ਦੀ ਦੇਹੀ ਦੇ ਅੰਦਰ
ਜਿਸਦੇ ਹੁੰਦੇ ਪ੍ਰਾਣ।

ਲਿਖ ਕਿ
ਪੰਧ ਔਖੜਾ।
ਪੈਂਡਾ ਅਜੇ ਹੈ ਬਿਖੜਾ।
ਬਾਜ਼ ਨੇ ਪਰ ਤੋਲਦੇ
ਸ਼ਾਹਾਂ ਦਾ ਭਾਰੀ ਹੈ ਧੜਾ
ਦੂਰ ਚਿੱਟੀਆਂ ਬਸਤੀਆਂ ਵਿੱਚ
ਪਕ ਰਹੇ ਮਤਿਆਂ ਦਾ ਲਿਖ
ਸੂਰਜ ਨੇ ਦੋ-ਫਾੜ ਹੋਣਾ
ਤੇਖਲਾ ਸੰਸਾ ਬੜਾ।

ਲਿਖ ਕਿ
ਚਿੱਟੇ ਦਰਜੀ ਦੀ ਕੈਂਚੀ
ਅਫਰੀਕਾ ਦਾ ਕਪੜਾ
ਲੀਰੋ ਲੀਰਾਂ ਕਰ ਨਾ ਸੁਟੇ
ਵਤਨ ਟੁੱਕੜਾ ਟੁੱਕੜਾ।
ਸੈਂਕੜੇ ਵਰ੍ਹਿਆਂ ਹੈ ਝਲਿਆ
ਤੀਰਗੀ ਦਾ ਕੰਡੜਾ।
ਅਜ ਦਾ ਦਿਨ ਚਾਨਣਾ
ਹੈ ਸਾਜ਼ਸ਼ੀ ਜਾਪੇ ਬੜਾ।
ਅਜ ਦਾ ਦਿਨ ਚਾਨਣਾ
ਹੈ ਸਾਜ਼ਸ਼ੀ ਜਾਪੇ ਬੜਾ।

# ਮਿਰਜ਼ੇ ਦਾ ਵਰਤਮਾਨ

## ਸੁਖਵਿੰਦਰ ਕੰਬੋਜ

ਮਿਰਜ਼ਾ ਸਦਾ ਵਾਂਗ ਨਹੀ ਸੌਂਦਾ
ਉਹਨੂੰ ਰਾਈਫ਼ਲਾਂ ਤੋਂ ਡਰ ਲਗਦਾ ਹੈ
ਉਹਦੇ ਭਾਣੇ ਤਾਂ ਸਾਹਿਬਾਂ ਜੰਡ ਤੋਂ ਥੋੜਾ ਪਾਰ ਦਾ ਸਫ਼ਰ ਹੈ
ਪਰ ਵਿਚਾਰਾ ਨਹੀਂ ਜਾਣਦਾ,
ਕਿ ਡਾਲਰਾਂ ਦੇ ਹਥਿਆਰ ਸਾਹਿਬਾਂ ਦੇ ਦਰ ਮੂਹਰੇ ਪਹਿਰੇ ਤੇ ਖਲੋਤੇ ਹਨ।
ਮਿਰਜ਼ੇ ਦੇ ਤੀਰ, ਇੱਕਲੇ ਹੁਣ ਕੰਮ ਨਹੀ ਕਰਦੇ
ਇਨ੍ਹਾਂ ਨੂੰ ਹਰ ਲਾਸ਼ 'ਚੋਂ ਉੱਠਦੀ ਭਾਫ਼ ਦੀ ਭਾਸ਼ਾ 'ਦੇ ਹੱਥ ਚਾਹੀਦੇ ਹਨ।
ਪਰ ਮਿਰਜ਼ੇ ਕੋਲ ਸਿਵਾ ਲੜਨ ਮਰਨ ਦੇ ਹੋਰ ਚਾਰਾ ਵੀ ਕੀ ਹੈ?
ਕਿ ਚੁੱਪ ਚਾਪ ਘਰੇ ਬੈਠ ਜਾਣ ਬਾਦ ਵੀ,
ਅਚਿੰਤੇ ਬਾਜ਼ਾ ਨੇ ਉਸ ਤੇ ਟੁੱਟ ਪੈਣਾ ਹੈ
ਕਿ ਮਿਰਜ਼ੇ ਦਾ ਮੌਲਵੀ
ਉਦੋਂ ਵਾਂਗ ਹੁਣ ਵੀ ਵਿਸ਼ਵ ਵਿਦਿਆਲਿਆਂ 'ਚ ਲੁਕ ਕੇ
ਸ਼ਰ੍ਹਾ ਦੇ ਅਰਥਾਂ ਨੂੰ ਮਨਚਾਹੇ ਖੋਟੇ ਰੰਗਾਂ 'ਚ ਬਦਲਦਾ ਹੈ
ਮਿਰਜ਼ਾ ਜਾਵੇ ਤਾਂ ਕਿਥੇ?
ਉਸ ਪਾਰ ਪੈਸਾ ਤਾਂ ਹੈ, ਪਰ ਸਾਹਿਬਾਂ ਨਹੀਂ ਹੈ
ਇਸ ਪਾਰ ਸਾਹਿਬਾਂ ਤਾ ਹੈ
ਪਰ ਖਾਣ ਲਈ ਸਿਰਫ਼ ਸਿਧਾਂਤਾਂ ਦੀ ਰੇਤ ਹੈ
ਜਾਫ਼ਿਰ ਰਫ਼ਲ ਦੇ ਸਹਿਮ ਵਰਗੀ ਪ੍ਰਛਾਵਿਆਂ ਦਾ ਤਉ-
ਉਂਝ ਅੱਜ ਕੱਲ-
ਨਾ ਤਉ 'ਚ ਪਵਣ ਚਲਦੀ ਹੈ, ਨਾ ਘਟਨਾਵਾਂ ਦੇ ਮਰੇ ਪੰਛੀ
ਚਲਦੇ ਹਨ ਤਾਂ ਮਿਰਜ਼ੇ ਦੇ ਕਬੀਲੇ ਦੇ ਅੰਗਸਾਕ
ਜਿਨ੍ਹਾਂ ਨੂੰ ਲਾਣੇਦਾਰਾਂ ਤੇ ਸੋਨਚਿੜੀਆਂ ਦੀ ਖ਼ਹਿਬਾਜ਼ੀ ਨੇ
ਹੁਣ ਤੀਕ ਸਫ਼ੈਦ ਕਾਗਜ਼ ਵਾਂਗ ਕੋਰੇ ਹੀ ਰੱਖਿਆ ਹੈ!
ਮਤੇ ਉਨ੍ਹਾਂ ਨੂੰ ਲਗ ਜਾਵੇ, ਚੇਤਨਾ ਦੀ ਖਟਾਸ਼ ਜਾਗ।
ਮਤੇ ਉਹ ਜਾਣ ਜਾਵੇ ਕਿ ਹਰ ਬੰਦੂਕ ਪਿਛਲਾ ਹੱਥ ਜੋਧਾ ਨਹੀਂ
ਸਗੋਂ ਖ਼੍ਰੀਦੀ ਹੋਈ ਭਾੜੇ ਦੀ ਖੱਚਰ ਹੈ
ਜਿਸ ਕੋਲ ਨਾ ਹੜ੍ਹਾਂ ਨੂੰ ਸਾਂਭਣ ਦੀ ਸ਼ਕਤੀ ਹੈ
ਨਾ ਲੂਣ ਦੇ ਖੁਰ ਜਾਣ ਦਾ ਝੋਰਾ ਹੈ
ਉਂਝ ਭਲਾ ਆਹ ਡਾਂਡੀ ਸਫ਼ਰ ਕੀ ਹੈ?
ਮਿਰਜ਼ੇ ਦੀ ਮੌਤ ਲਈ ਲਿਖਿਆ ਹਰਫ਼ੇ ਆਖਿਰ
ਜਾਂ ਸ਼ਰ੍ਹਾ ਦੀ ਕੈਦ 'ਚ ਗੁੰਮ ਹਉਕਿਆਂ ਦੀ ਦਾਸਤਾਨ
ਤੇ ਮਾਸੀ ਬੀਬੋ ਦੇ ਵਕਤ ਦੀ ਸਰਹੱਦ ਤੇ ਲਿਖੇ ਬੋਲ
ਨਾ ਮਿਰਜ਼ੇ ਨੂੰ ਪੜ੍ਹਨ ਦੀ ਵਿਹਲ ਹੈ
ਨਾ ਸਾਹਿਬਾਂ ਕੋਲ ਪਾਰਖੂ ਅੱਖ ਹੈ
ਇਸੇ ਲਈ ਅੱਜ ਕੱਲ ਮਿਰਜ਼ਾ, ਭਾਈਬੰਦਾ ਕੋਲ ਬੈਠਕੇ ਪੁੱਛਦਾ ਹੈ
ਇਸ ਖ਼ੂਨੀ ਗੁਸਲ ਦੇ ਲਹੂ ਨੂੰ ਕਦੋ
ਹੱਕ ਸੱਚ ਦੀ ਸਹੀ ਕਮਾਨ 'ਚ ਬਦਲਣਾ ਹੈ?
ਕਿ ਇਸ ਪਾਸ਼ ਪਾਸ਼ ਹੋਈ ਕੋਹੀ ਚਿੜੀ ਦਾ
ਕੀ ਬਾਜ਼ਾਂ ਨੂੰ ਵੇਦਾਂ ਤੇ ਗ੍ਰੰਥਾਂ ਨੇ ਹੱਕ ਦਿਤਾ ਹੈ?
ਪਰ ਇਸ ਵਾਰ ਮਿਰਜ਼ੇ ਨੇ ਹਾਰਨਾ ਨਹੀਂ ਹੈ
ਉਸ ਲੈਣਾ ਹੈ ਆਪਣੇ ਨਾਮ ਚੜ੍ਹੇ ਕਰਜ਼ੇ ਦਾ ਹਿਸਾਬ
ਜੋ ਉਹਦੇ ਪਿਉ ਦਾਦੇ ਤੋਂ ਪਹਿਲਾਂ ਦੇ
ਲੀੜਿਆਂ 'ਚ ਲਿਖਿਆ ਹੈ।

# ਸੇਵਾ ਵਿੱਚ

## ਕਮਲ ਦੇਵ ਪਾਲ

ਜੋ ਤੁਹਾਨੂੰ, ਨਿਰਹੋਂਦ ਸਮਝਦੇ ਹਨ।
ਉਨ੍ਹਾਂ ਦੀ ਸੇਵਾ ਵਿਚ,
ਹੁਣ ਜ਼ਰੂਰੀ ਹੋ ਗਿਆ ਹੈ
ਕਿ, ਦੱਸ ਦਿੱਤਾ ਜਾਵੇ।
ਅਸੀਂ ਹੱਥਾਂ ਨੂੰ
ਫੌਲਾਦ ਵਿਚ,
ਬਦਲ ਰਹੇ ਹਾਂ।
ਦਿਮਾਗਾਂ ਵਿਚ
ਰੌਸ਼ਨੀ ਦੇ ਜੁਗਨੂੰ
ਭਰ ਰਹੇ ਹਾਂ।
ਮੁਰਦਾ ਜੂਸਿਆਂ ਵਿਚ
ਅਣਖ ਦੇ ਬੀਅ,
ਬੀਜ ਰਹੇ ਹਾਂ।

ਜੋ ਤੁਹਾਨੂੰ, ਨਿਰਹੋਂਦ ਸਮਝਦੇ ਹਨ।
ਉਨ੍ਹਾਂ ਦੀ ਸੇਵਾ ਵਿਚ,
ਹੁਣ ਜ਼ਰੂਰੀ ਹੋ ਗਿਆ ਹੈ
ਕਿ, ਦੱਸ ਦਿੱਤਾ ਜਾਵੇ।
ਅਸੀਂ ਸੋਚਦੇ ਹਾਂ,
ਲੜਨ ਤੋਂ ਬਿਨ੍ਹਾਂ, ਜੀਵਨ
ਕਬਰਾਂ ਦੀ ਚੁੱਪ ਹੁੰਦਾ ਹੈ।
ਅਸੀਂ ਸਮਝਦੇ ਹਾਂ,
'ਕੱਲੇ 'ਕੱਲੇ ਲੜਨਾ
ਵਾਜਬ ਨਹੀਂ ਹੁੰਦਾ।
ਅਸੀਂ ਜਾਣਦੇ ਹਾਂ,
ਲੜਾਈ ਕਣਕ 'ਚੋਂ, ਪੋਲ੍ਹੀ
ਵੱਢਣ ਦੀ ਖੁਸ਼ੀ ਵਰਗੀ ਹੈ।

ਜੋ ਤੁਹਾਨੂੰ, ਨਿਰਹੋਂਦ ਸਮਝਦੇ ਹਨ।
ਉਨ੍ਹਾਂ ਦੀ ਸੇਵਾ ਵਿਚ,
ਹੁਣ ਜ਼ਰੂਰੀ ਹੋ ਗਿਆ ਹੈ
ਕਿ, ਦੱਸ ਦਿੱਤਾ ਜਾਵੇ।
ਅਸੀਂ ਤਾਂ ਬੱਸ,
ਏਨ੍ਹਾਂ ਹੀ ਸਮਝਦੇ ਹਾਂ।
ਇਨਕਲਾਬ
ਗੁਰਬਾਣੀ ਦੇ, "ਰਾਗਾਂ 'ਚ ਨਹੀਂ ਹੁੰਦਾ"।
ਇਨਕਲਾਬ
ਗੀਤਾ ਦੇ, "ਉਪਦੇਸ਼ਾਂ 'ਚ ਨਹੀਂ ਹੁੰਦਾ"।
ਇਨਕਲਾਬ

ਬਾਇਬਲ ਦੇ, "ਉਦੇਸ਼ਾਂ 'ਚ ਨਹੀਂ ਹੁੰਦਾ"।
ਇਨਕਲਾਬ
ਮਸੀਤ ਦੀਆਂ, "ਟਾਵਾਂ 'ਚ ਨਹੀਂ ਹੁੰਦਾ"।
ਇਨਕਲਾਬ
ਵੇਦਾਂ ਦੇ, "ਮੰਤਰਾਂ 'ਚ ਨਹੀਂ ਹੁੰਦਾ"।
ਇਨਕਲਾਬ
ਬੁੱਧ ਦੀ, "ਸ਼ਾਂਤੀ 'ਚ ਨਹੀਂ ਹੁੰਦਾ"।

ਜੋ ਤੁਹਾਨੂੰ, "ਨਿਰਹੋਂਦ ਸਮਝਦੇ ਹਨ।
ਉਨ੍ਹਾਂ ਦੀ ਸੇਵਾ ਵਿੱਚ,
ਹੁਣ ਜ਼ਰੂਰੀ ਹੋ ਗਿਆ ਹੈ।
ਕਿ, ਦੱਸ ਦਿੱਤਾ ਜਾਵੇ।
ਅਸੀਂ ਖੋਜ ਕੀਤੀ ਹੈ।
ਖਾਣ ਵਾਲਿਆਂ ਦੇ ਨਾਮ,
ਦਾਣਿਆ ਉੱਤੇ,
ਲਿਖੇ ਨਹੀਂ ਹੁੰਦੇ।
ਅਸੀਂ ਅਜੇ, ਕਾਰਨ ਲਭਦੇ ਹਾਂ।
ਚਿਮਨੀ ਦਾ ਧੂੰਆਂ,
ਮਾਂ ਦੀਆਂ ਅੱਖਾਂ 'ਚੋਂ,
ਕਿਉਂ ਨਿਕਲਦਾ ਹੈ
ਅਸੀਂ ਅਜੇ, ਪੁੱਛਣਾ ਹੈ।
ਨਹਿਰੂ ਦੇ ਕੋਟ ਦਾ,
ਮੁਰਝਾਇਆ ਗੁਲਾਬ,
ਮਹਾਨ ਕਿਵੇਂ ਹੈ।

ਜੋ ਤੁਹਾਨੂੰ, ਨਿਰਹੋਂਦ ਸਮਝਦੇ ਹਨ।
ਉਨ੍ਹਾਂ ਦੀ ਸੇਵਾ ਵਿਚ,
ਹੁਣ ਜ਼ਰੂਰੀ ਹੋ ਗਿਆ ਹੈ।
ਕਿ, ਦੱਸ ਦਿੱਤਾ ਜਾਵੇ।
ਅਸੀਂ, ਪੂਰਵ-ਇਨਕਲਾਬ,
ਲੜਨ ਦੀ ਸਮੂਹਕ ਜਾਚ,
ਸਿੱਖ ਰਹੇ ਹਾਂ।
ਹੁਣ ਜ਼ਰੂਰੀ ਹੋ ਗਿਆ ਹੈ।
ਕਿ, ਦੱਸ ਦਿੱਤਾ ਜਾਵੇ।

---

**ਗੁਰੂ ਨਾਨਕ: ਕਵੀ ਤੇ ਫਿਲਾਸਫਰ**
ਲੇਖਕ- ਸਾਧੂ ਸਿੰਘ ਧਾਮੀ
ਕੀਮਤ - 10 ਡਾਲਰ

**Third Eye Publications Inc.**
**31 Clarke Side Rd.**
**London, Ontario, N5W 5W5**

# ਬਰਫ਼ ਦਾ ਮਾਰੂਥਲ

## -ਮੰਗਾ ਬਾਸੀ

ਅਰਮਾਨਾਂ ਦਾ ਜਵਾਰ ਭਾਟਾ
ਜਦੋਂ ਮੈਨੂੰ,
ਬਰਫ਼ ਦੇ ਮਾਰੂਥਲ ਵਿਚ
ਛੱਡਕੇ ਵਾਪਸ
ਪਰਤਿਆ,
ਤਾਂ ਮੈਂ,
ਠੰਢ ਦੀ ਲਪੇਟ ਵਿਚ ਫਸੇ
ਪੰਛੀ ਦੀ ਤਰ੍ਹਾਂ
ਉਡਾਨ ਭਰਨ ਲਈ ਲੋਚਦਾ
ਠੁਰ ਠੁਰ ਕਰਨ ਲੱਗਾ ।
ਇਥੇ,
ਬਾਰੂ ਰੇਤ ਉੱਪਰ ਪੈਂਦੀਆ
ਸੂਰਜ ਕਿਰਨਾਂ ਦੀ
ਅਬਰਕੀ ਚਮਕ ਵਰਗਾ
ਕੁਝ ਨਜ਼ਰ ਨਹੀਂ ਪੈਂਦਾ!
ਚਾਰੇ ਪਾਸੇ
ਦਿਸਦੇ ਨੇ ਬਰਫ਼ ਦੇ ਟਿੱਬੇ!
ਨਖਲਸਤਾਨ ਦੇ ਕੰਢੇ
ਮਿੱਠੀਆਂ ਖਜੂਰਾਂ ਦੇ
ਗੁੱਛਿਆਂ ਦਾ
ਚਾਨਣੀ ਰਾਤ ਸਮੇਂ
ਤਾਰਿਆਂ ਸੰਗ
ਬਾਤਾਂ ਪਾਉਣ ਵਰਗਾ
ਟੋਲ੍ਹਿਆਂ ਵੀ ਨਹੀਂ ਮਿਲਦਾ
ਇੱਥੇ ਤਾਂ
ਬਰਫ਼ ਵਿਚ ਬਰਫ਼ ਹੋਈ
ਮਨੁੱਖੀ ਜਬਾਨ,
ਰੰਗਾਂ ਦੀ ਬੋਲੀ ਵਿਚ
ਅਰਥ ਕਰਦੀ ਏ।
ਘੁੱਗੀਆਂ ਦੀ ਘੁਟਕਣ,
ਮੋਰਾਂ ਦੀਆਂ ਪੈਲਾਂ ਤਾਂ
ਦੂਰ ਰਹਿ ਗਈਆਂ ਨੇ,
ਖਿੜਦੇ ਫੁੱਲ ਵੀ
ਮਹਿਕ ਦੇ ਪਰਾਗੇ
ਬਰਫ਼ ਦੀ ਝੋਲੀ ਪਾ
ਮਹਿਕ ਵਿਹੂਣੇ
ਗਏ ਨੇ ਹੋ!

ਗੁਲਾਬ ਦੀ ਪਰਖ
ਕੌਣ ਕਰਦਾ ਏ?
ਬਰਫ਼ ਦੀ ਬੁੱਕਲ ਨੇ
ਸੁੰਘਣ ਇੰਦਰੀਆਂ ਤਾਂ
ਸੁੰਨ ਕਰ ਦਿੱਤੀਆਂ ਨੇ!
ਮੈਂ ਤਾਂ ਅੱਜ ਵੀ,
ਤੱਤੇ ਗੁੜ ਦੀ
ਮਹਿਕ ਵਰਗੀ
ਹਵਾ ਚੋਂ ਸੁਗੰਧ
ਟੋਲਦਾ ਹਾਂ!
ਪਰ ਜਦੋਂ,
ਸਰ੍ਹੋਂ ਦੇ ਫੁੱਲਾਂ ਦੇ
ਕਣਕ ਦੀਆਂ
ਬੱਲੀਆਂ ਸੰਗ
ਕੀਤੇ ਕੌਲ
ਯਾਦ ਆਉਂਦੇ ਨੇ,
ਤਾਂ ਕੁੱਝ
ਪੋਲੀ ਦੇ
ਕੰਡਿਆਂ ਵਰਗੀ
"ਬਰਫ਼ੀਲੀ ਖ਼ਿਜਾਂ",
ਯਾਦਾਂ ਦੇ
ਕੋਮਲ ਪਿੰਡੇ ਨੂੰ
ਝਰੀਟ ਦਿੰਦੀ ਏ।
ਉਦੋਂ ਮੈਂ,
ਬਰਫ਼ ਦੇ ਟਿੱਬੇ ਤੇ ਖੜ੍ਹਾ
ਜ਼ਿੰਦਗੀ ਭਰੇ
ਪਲਾਂ ਵਿਚ
ਖੋਲ੍ਹਦੇ ਖਾਬਾਂ ਦੇ
ਤਿੜਕਦੇ ਅਕਾਰਾਂ ਨੂੰ
ਤਕਦਾ ਹੋਇਆ
ਸੋਚਦਾ ਹਾਂ ਕਿ:
ਅਰਮਾਨਾ ਦਾ ਬੂਟਾ
ਬਰਫ਼ ਦੇ ਮਾਰੂਥਲ ਵਿਚ
ਸਿੱਟਿਆਂ ਦਾ ਤਾਜ਼
ਕਿਵੇਂ ਪਹਿਨ
ਸਕਦਾ ਏ ?
ਇੱਥੇ ਤਾਂ,
ਡਾਬਰ ਵਰਗੇ
ਵਲਵਲੇ ਵੀ
ਬਰਫ਼ ਵਰਗੇ ਹੀ
ਬਣ ਗਏ ਦਿਸਦੇ ਨੇ!

# ਰੱਬ

## ਅਮਨਪਾਲ ਸੈਰਾ

(23 ਮਾਰਚ ਦੇ ਉਨ੍ਹਾਂ ਸ਼ਹੀਦਾਂ ਦੇ ਨਾਂ ਜਿਨ੍ਹਾਂ ਨੇ ਇਨਕਲਾਬੀ ਹੋਣ ਦੇ ਨਾਲ ਨਾਲ, ਰੱਬ, ਬ੍ਰਹਿਮੰਡ, ਜੋਤਿਸ਼ ਤੇ ਸਮਾਜਿਕ ਬੇਇਨਸਾਫ਼ੀ ਵਰਗੇ ਵਿਸ਼ਿਆਂ ਦਾ ਵਿਸ਼ਲੇਸ਼ਣ ਵਿਗਿਆਨਕ ਨਜ਼ਰੀਏ ਤੋਂ ਵਰਗ ਸੰਘਰਸ਼ ਨੂੰ ਆਧਾਰ ਬਣਾਕੇ ਕੀਤਾ ਅਤੇ ਕੁਰਬਾਨੀਆਂ ਦੇ ਕੇ ਅਣਗਿਣਤ ਇਨਸਾਫ਼ ਪਸੰਦਾਂ ਅਤੇ ਬੁੱਧੀਜੀਵੀਆਂ ਲਈ ਚਾਨਣ ਮੁਨਾਰੇ ਬਣ ਗਏ।)

ਰੱਬ
ਹਰ ਜਗ੍ਹਾ ਮੌਜੂਦ ਹੈ
ਮੈਨੂੰ ਦੱਸਿਆ ਧਰਮ ਦੇ ਅਧਿਆਪਕ
ਪਰ ਜਦੋਂ ਮੈਂ
ਬੰਗਲਾ ਦੇਸ਼ ਦੇ
ਹੜ੍ਹਾਂ ਵਿੱਚ ਰੁੜ੍ਹੇ ਜਾਂਦੇ
ਗਿਲਬਰਟ ਤੂਫ਼ਾਨ ਦੇ
ਵੇਗ ਨਾਲ ਮਰਦੇ ਜਾਂਦੇ
ਆਰਮੀਨੀਆਂ ਦੇ ਖੰਡਰਾਂ ਹੇਠ
ਦੱਬਦੇ ਜਾਂਦੇ
ਲੋਕਾਂ ਦੀਆਂ ਕੁਰਲਾਹਟਾਂ
ਸੁਣਦਾ ਹਾਂ, ਤਾਂ ਸੋਚਦਾ ਹਾਂ
ਕੀ, ਰੱਬ ਸੱਚ ਮੁੱਚ ਹੀ ਸਰਬ-ਵਿਆਪਕ ਹੈ?

ਮੈਂ ਸੁਣਿਆਂ ਹੈ ਕਿ ਰੱਬ ਦਇਆਵਾਨ ਹੈ
ਪਰ ਜਦੋਂ ਮੈਂ
ਬੇਵਰਲੀ ਹਿਲਜ਼ ਦੇ
ਆਲੀਸ਼ਾਨ ਬੰਗਲਿਆਂ ਵੱਲ
ਤੇ ਬੰਬਈ ਨਗਰ ਨਿਗਮ ਦੇ
ਬੁਲਡੋਜ਼ਰਾਂ ਦੇ ਦੈਂਤਨੁਮਾ ਜਬਾੜਿਆਂ ਹੇਠ
ਕੁਚਲੀਆਂ ਜਾ ਰਹੀਆਂ ਝੁੱਗੀਆਂ ਵੱਲ
ਵੇਖਦਾ ਹਾਂ, ਤਾਂ ਸੋਚਦਾ ਹਾਂ ਕਿ
ਐਸ਼ੋ ਆਰਾਮ ਦੀ ਵੰਡ ਕਰਨ ਵੇਲੇ
ਰੱਬ ਸੱਚਮੁੱਚ ਹੀ ਬੁੱਧੀਮਾਨ ਹੈ।

ਪ੍ਰਚਾਰਕ ਕਹਿੰਦੇ ਹਨ ਕਿ
ਰੱਬ ਸਰਬ-ਸ਼ਕਤੀਮਾਨ ਹੈ
ਪਰ ਜਦੋਂ ਮੈਂ
ਵੇਟ ਲੌਸ ਕਲਿਨਿਕ ਅਤੇ
ਫਿਟਨੈਸ ਸੈਂਟਰਾਂ ਦੇ ਇਰਦ ਗਿਰਦ
ਪੀਲੇ ਤੇ ਗੁਲਾਬੀ ਰਲਗੱਡ ਜਿਹੇ ਰੰਗ ਦੇ
ਗੋਲ ਮਟੋਲ ਤੇ ਥੁਲਥੁਲ ਕਰਦੇ
ਜਿਸਮ ਲੈ ਕੇ ਤੁਰੇ ਫਿਰਦੇ ਪ੍ਰਾਣੀਆਂ ਬਾਰੇ
ਅਤੇ ਇਥੋਪੀਆ ਤੇ ਸੂਡਾਨ ਵਿੱਚ
ਹੱਡੀਆਂ ਦੇ ਪਿੰਜਰ
ਜੋ ਬਰੀਕ ਲਾਖੇ ਰੰਗ ਦੀ
ਮਾਸ ਨੁਮਾ ਚੀਜ਼ ਨਾਲ ਢਕੇ ਹੋਏ
ਅਤੇ ਉਪਰ ਬੇਢਬੀ ਜਿਹੀ
ਸਿਰ ਨਾਂ ਦੀ ਚੀਜ਼
ਜਿਸ ਵਿੱਚ ਦੋ ਅੱਖਾਂ
ਜੋ ਮੇਰੇ ਵੱਲ ਝਾਕਦੀਆਂ ਹਨ
ਤੇ ਮੇਰੇ ਵਿਚਦੀਂ
ਤੀਰ ਵਾਂਗ ਪਾਰ ਹੋ ਜਾਂਦੀਆਂ ਹਨ
ਬਾਰੇ ਸੋਚਦਾ ਹਾਂ
ਤਾਂ ਜਾਪਦਾ ਹੈ
ਕਿ ਰੰਗ ਅਤੇ ਖੁਰਾਕ ਦੀ
ਵੰਡ ਕਰਨ ਵੇਲੇ ਰੱਬ ਵਾਕਿਆ ਹੀ ਸੂਝਵਾਨ ਹੈ।

ਲੋਕ ਕਹਿੰਦੇ ਨੇ
ਰੱਬ ਪਰਮ ਹਸਤੀ ਹੈ,
ਆਪਣੀ ਨਸਲ ਆਪ
ਮਾਰ ਮੁਕਾਉਣ ਵਾਲੇ
ਡਾਇਨਾਸੋਰਾਂ ਦੇ
ਦੈਂਤਨੁਮਾ ਢਾਂਚੇ
ਮੇਰੀਆਂ ਅੱਖਾਂ ਸਾਹਮਣੇ
ਖੜ੍ਹ ਜਾਂਦੇ ਹਨ
ਤੇ ਨਾਲ ਹੀ
ਹੀਰੋਸ਼ੀਮਾਂ ਤੇ ਨਾਗਾਸਾਕੀ ਦੇ
ਐਟਮੀ ਧੂੰਏ ਦਾ ਗੁਬਾਰ
ਮੇਰੇ ਜ਼ਿਹਨ ਨੂੰ ਸੁੰਨ ਕਰ ਦਿੰਦਾ ਹੈ
ਫ਼ਿਰ ਐਫ਼-ਸਿਕਸਟੀਨ
ਨਿਉਕਲਰ ਸਬ-ਮੈਰੀਨ
ਸ਼ੋਰਟ-ਮੀਡੀਅਮ ਤੇ ਲੌਂਗ ਰੇਂਜ
ਮਿਸਾਈਲਾਂ ਦੀ ਗੜਗੜਾਹਟ
ਮੈਨੂੰ ਵਾਯੂ ਮੰਡਲ ਵਿਚ
ਵਗਾਹ ਸੁੱਟਦੀ ਹੈ
ਥੱਲੇ ਧਰਤੀ ਉਪਰ ਨਜ਼ਰ
ਪੈਂਦੇ ਹੀ, ਅਬੜਵਾਹੇ
ਮੇਰੇ ਮੂੰਹੋਂ ਨਿਕਲਦਾ ਹੈ
ਵਾਹ। ਕਿਤਨੀ ਜਲਦੀ ਉਜੜਨ ਵਾਲੀ
ਇਹ ਬਸਤੀ ਹੈ, ਰੱਬ ਪਰਮ ਹਸਤੀ ਹੈ।


ਕਿਰਪਾ ਕਰਕੇ ਮੈਨੂੰ ਹੇਠ ਲਿਖੇ ਪਤੇ 'ਤੇ 'ਵਤਨ' ਭੇਜਣਾ ਸ਼ੁਰੂ ਕਰ ਦੇਵੋ।

ਨਾਂ---------------------------------

ਪਤਾ---------------------------------

-----------------------------------

-----------------------------------

ਮੈਂ ਚੰਦੇ ਵਜੋਂ ਇਕ ਸਾਲ [] (ਚੰਦਾ 12 ਡਾਲਰ)

ਦੋ ਸਾਲ [] (ਚੰਦਾ 22 ਡਾਲਰ)

ਤਿੰਨ ਸਾਲ [] (ਚੰਦਾ 33 ਡਾਲਰ)

ਦੀ ਚੈੱਕ ਭੇਜ ਰਿਹਾ/ਰਹੀ ਹਾਂ। ਧੰਨਵਾਦ

# ਬਲਦ

## ਰਘੁਬੀਰ ਢੰਡ

ਨਜ਼ਰਾਂ ਦੇ ਦਿਸਹੱਦੇ ਤੀਕ ਡੂੰਘੀ ਬਰਫ਼ ਦੀਆਂ ਚਾਦਰਾਂ ਵਿਛੀਆਂ ਤੇ ਟਿੱਬੇ ਉਸਰੇ ਹੋਏ ਸਨ, ਅਤੇ ਸਾਹੋ-ਸਾਹ ਹੋਇਆ ਕਰਮ ਦੀਨ ਖੁਭਦਾ ਤੁਰਿਆ ਜਾ ਰਿਹਾ ਸੀ।

ਰਾਤ ਸੌਣ ਵੇਲੇ ਤਾਂ ਬਰਫ਼ ਪੈਣ ਦੇ ਕੋਈ ਆਸਾਰ ਹੀ ਨਹੀਂ ਸਨ। ਪੂਰਾ ਚੰਨ ਰਾਤ ਦੇ ਜੋਬਨ ਨੂੰ ਨਿਖਾਰ ਰਿਹਾ ਸੀ। ਜਾਪਦਾ ਸੀ ਕਿ ਸਵੇਰੇ ਸੂਰਜ ਨਿਕਲੇਗਾ, ਧੁੱਪ ਖਿੜੇਗੀ। ਪਰ ਰਾਤੋ-ਰਾਤ ਹਿੰਮ-ਦੇਵ ਨੇ ਕਨਾਤਾਂ ਆ ਗੱਡੀਆਂ। ਇਥੇ ਸਾਲੇ ਮੌਸਮ ਦੀ ਕੋਈ ਪ੍ਰਤੀਤ ਹੀ ਨਹੀਂ, ਜਿਵੇਂ ਇੰਡੀਆ ਤੋਂ ਬੁਲਾ ਕੇ ਟਿਕਾਏ ਕਿਸੇ ਬੰਦੇ ਦੀ ਕੋਈ ਪ੍ਰਤੀਤ ਨਹੀਂ: ਜ਼ਰਾ ਕੁ ਪੈਰ ਜੰਮਦਿਆਂ, ਪਹਿਲਾਂ ਗਿਲੇ ਕਰਦਾ ਹੈ, ਫਿਰ ਅੱਖਾਂ ਵਿਖਾਉਂਦਾ ਹੈ, ਫਿਰ ਬੋਲਣੋ ਹਟ ਉਹਨਾਂ ਰਿਸ਼ਤੇਦਾਰਾਂ ਨਾਲ ਜਾ ਰਲਦਾ ਹੈ, ਜਿਹੜੇ ਪਹਿਲਾਂ ਹੀ ਇਹ ਸਾਰਾ ਸਫ਼ਰ ਤੈਅ ਕਰ ਚੁੱਕੇ ਹੁੰਦੇ ਹਨ।

ਉਸ ਨੇ ਪਿਛਾਂਹ ਮੁੜ ਆਪਣੇ ਘਰ ਵਲ ਤੱਕਿਆ। ਘਰ ਤਾਂ ਨਜ਼ਰ ਨਹੀਂ ਸੀ ਆ ਰਿਹਾ; ਸਿਰਫ਼ ਚਿਮਨੀ 'ਚੋਂ ਧੂਆਂ ਨਿਕਲਦਾ ਨਜ਼ਰ ਆ ਰਿਹਾ ਸੀ, ਜਿਹੜਾ ਸਿੱਧਾ ਅਸਮਾਨ ਵਲ ਉਠ ਘੁਲ੍ਹੇ ਆਕਾਸ਼ ਵਿਚ ਘੁਲਦਾ ਜਾ ਰਿਹਾ ਸੀ।

ਹੂੰ ਸਾਲਾ ਚੌਧਰੀ!......ਆਇਤਉਲਾ ਚੌਧਰੀ! ਖੁਮੈਨੀ ਦੀ ਔਲਾਦ!

ਉਸ ਨੇ ਆਪਣੇ-ਆਪ ਨੂੰ ਆਖਿਆ ਤੇ ਤੁਰਦਾ ਗਿਆ। ਅੱਜ ਸਾਲੇ ਖ਼ਬੀਸ ਨੇ ਟੈਲੀਫ਼ੂਨ ਨੂੰ ਵੀ ਜਿੰਦਰਾ ਮਾਰ ਦਿੱਤਾ ਸੀ।

ਘੁਲ੍ਹੇ ਹੋਏ ਅਤੇ ਅਤਿ ਉਦਾਸ ਅਸਮਾਨ ਵਿਚ ਇੱਕ ਕਾਲਾ ਪੰਛੀ ਇੰਜ ਉਡਿਆ ਜਾ ਰਿਹਾ ਸੀ ਜਿਵੇਂ ਉਸ ਨੇ ਖੰਭ ਤਾਂ ਖੋਲ੍ਹੇ ਹੋਣ, ਪਰ ਪਰਵਾਜ਼ ਕਿਸੇ ਇਮਤਿਹਾਨ ਲਈ ਸੰਭਾਲ ਕੇ ਰੱਖ ਲਈ ਹੋਵੇ। ਉਹ ਕੁਝ ਦੇਰ ਪੰਛੀ ਨੂੰ ਵੇਖਦਾ ਰਿਹਾ। ਜ਼ਰਾ ਕੁ ਸਕੂਨ ਮਹਿਸੂਸ ਕੀਤਾ। ਇਹੋ ਜਿਹੇ ਪਹਾੜੀ ਕਾਂ ਕਦੇ-ਕਦੇ ਪਿੰਡ ਦੇ ਆਕਾਸ਼ 'ਤੇ ਵਿਖਾਈ ਦਿੰਦੇ ਹੁੰਦੇ ਸਨ। ਜ਼ਿਆਦਾ ਉਡਦੇ ਨਹੀਂ ਸਨ। ਕੁੱਝ ਕੁ ਦਿਨ ਸੁੱਕਣ ਤੋਂ ਬਾਦ ਜਦੋਂ ਨਹਿਰ ਦੁਬਾਰਾ ਆਉਂਦੀ ਸੀ ਤਾਂ ਨਾਲ ਹੀ ਆ ਜਾਂਦੇ ਸਨ। ਅਸਮਾਨ ਤਾਂ ਆਪਣਾ ਹੁੰਦਾ ਨਹੀਂ ਸੀ; ਡਰਦੇ-ਛਾਪਲੇ ਜਿਹੇ ਧਾਰਾਂ ਵਾਲੇ ਪੁਲ ਕੋਲ ਅੰਬਾਂ-ਜਾਮਣਾਂ ਦੇ ਝੁੰਡ ਵਿਚ ਬੈਠੇ ਰਹਿੰਦੇ ਸਨ। ਫਿਰ ਵਰਾਗ ਦੇ ਮਾਰੇ ਮੁੜ ਜਾਂਦੇ ਸਨ। ਪਰ ਮੈਂ?.......ਇਸ ਤੋਂ ਅੱਗੇ ਉਹਦੀ ਸੋਚ ਜਿਵੇਂ ਜੰਮ ਕੇ ਖਲੋ ਗਈ। ਕੋਈ ਝਟਕਾ ਨਹੀਂ ਵੱਜਿਆ, ਬੱਸ ਜਾਮ ਹੋ ਗਈ। ਜੇ ਝਟਕ ਵੱਜ ਜਾਵੇ, ਫਿਰ ਤਾਂ ਇਨਸਾਨ ਕੋਈ ਹਰਕਤ ਕਰਦਾ ਹੈ, ਜਾਮ ਥੋੜ੍ਹੋ ਹੁੰਦਾ ਹੈ।

ਉਸ ਨੇ ਆਪਣੀ ਸਾਲੀ ਸ਼ਕੀਲਾ ਬੇਗਮ ਨੂੰ ਬੜੇ ਨਾ-ਖ਼ੁਸ਼ ਲਹਿਜੇ ਵਿਚ ਪੁਛਿੱਆ ਸੀ, "ਫੋਨ ਨੂੰ ਜਿੰਦਰਾ ਕਿਉਂ ਮਾਰ ਦਿੱਤਾ? ਸਾਡੇ ਘਰਾਂ ਵਿਚ ਤਾਂ ਕਿਸੇ ਸ਼ੈਅ ਨੂੰ ਜਿੰਦਰਾ ਮਾਰਨਾ ਗੁਨਾਹ ਸਮਝਿਆ ਜਾਂਦੈ।"

-ਮੀਆਂ! ਲੜਕੀ ਬਾਲਗ ਹੋ ਗਈ ਏ। ਬੜਾ ਧਿਆਨ ਰਖਣਾ ਪੈਂਦਾ ਹੈ, ਜ਼ਿੰਮੇਦਾਰ ਵਾਲਦੈਨ ਨੂੰ। ਤੁਸੀ ਇਹੋ ਜਿਹੀਆਂ ਬਾਰੀਕ ਬਾਤਾਂ ਨੂੰ ਕੀ ਸਮਝੋਗੇ?.......ਸਾਲੀ ਪਲਾਂਟਾਂ ਨੂੰ ਪਾਣੀ ਦਿੰਦੀ ਇੰਜ ਬੇਰੁਖੀ ਨਾਲ ਬੋਲੀ ਜਿਵੇਂ ਉਹ ਉਹਦੇ ਖਾਵੰਦ ਦੇ ਦਫਤਰ ਦਾ ਚਪੜਾਸੀ ਹੁੰਦਾ ਹੈ।

ਕਰਮ ਦੀਨ ਨੂੰ ਇਹ ਚੋਰੀ ਤੇ ਸੀਨਾ ਜ਼ੋਰੀ ਵਰਗੀ ਗੱਲ ਜਾਪੀ ਸੀ। ਖ਼ੈਰ, ਵਧੀਕੀਆਂ ਤਾਂ ਉਹਦੇ ਨਾਲ ਪਹਿਲਾਂ ਵੀ ਬਹੁਤ ਹੋ ਚੁੱਕੀਆਂ ਸਨ, ਜਿਹਨਾਂ ਨੂੰ ਉਹ ਆਪਣੇ ਦਰਿਆ-ਦਿਲ ਪੰਜਾਬੀ ਸੁਭਾਉ ਕਰਕੇ ਤੇ ਕੁਝ ਆਪਣੀ ਬੀਵੀ ਨੂਰੀ ਬੇਗਮ ਦੇ ਕਹੇ-ਕਹਾਏ ਬਰਦਾਸ਼ਤ ਕਰਦਾ ਆਇਆ ਸੀ। ਪਰ ਅੱਜ ਉਹਦੇ ਆਪਣੇ ਹੀ ਘਰ ਵਿੱਚ, ਉਹਦੇ ਆਪਣੇ ਟੈਲੀਫ਼ੂਨ ਨੂੰ ਜਿੰਦਰਾ ਮਾਰਿਆ ਜਾਣਾ ਸਹਿਣਾ ਤਾਂ ਬੜਾ ਕਠਨ ਸੀ।

-ਲਿਆ ਫਿਰ ਚਾਬੀ, ਮੈਂ ਫੋਨ ਕਰਨੈ।...ਉਸ ਨੇ ਆਪਣੀ ਸਾਲੀ ਵਲ ਹੱਥ ਵਧਾਇਆ।

ਸ਼ਕੀਲਾ ਬੇਗਮ ਨੇ ਪਹਿਲਾਂ ਆਪਣੇ ਸਿਰ 'ਤੇ ਬੰਨ੍ਹੇ ਰੁਮਾਲ ਨੂੰ ਜ਼ਰਾ ਠੀਕ-ਠਾਕ ਕੀਤਾ ਤੇ ਫਿਰ ਪਲਾਂਟਾਂ ਨੂੰ ਪਾਣੀ ਦੇਣਾ ਜਾਰੀ ਰਖਦਿਆਂ, ਬੜੀ ਲਾਪਰਵਾਹੀ ਨਾਲ ਬੋਲੀ, "ਚਾਬੀ ਤਾਂ ਚੌਧਰੀ ਸਾਹਿਬ ਕੇ ਪਾਸ ਹੀ ਹੈ।"

ਕਰਮ ਦੀਨ ਖਿਝ ਗਿਆ, "ਇਹ ਤਾਂ ਸਰਾਸਰ ਝੂਠ ਬੋਲਦੀ ਐਂ ਤੂੰ।"

ਉਹਦੀ ਗੱਲ ਸੁਣਦਿਆਂ ਹੀ ਸ਼ਕੀਲਾ ਬੇਗਮ ਦੀ ਗਰਦਣ ਤੇ ਮੂੰਹ ਦਾ ਸੋਜਾ ਹੋਰ ਵੀ ਉਭਰ ਆਇਆ। ਪਾਣੀ ਵਾਲੀ ਕੁੱਪੀ ਮੇਜ਼ 'ਤੇ ਰਖਦਿਆਂ ਫੁੰਕਾਰਾ ਮਾਰਿਆ: "ਅਸੀਂ ਕਿਉਂ ਝੂਠ ਬੋਲਣ ਲੱਗੇ ਭਲਾ? ਸਾਡੇ ਸੁਸਰਾਲ ਮਾਲੇਰਕੋਟਲੇ ਦੇ ਰਇਸ ਤੇ ਨਵਾਬ ਸਾਹਿਬ ਦੇ ਰਿਸ਼ਤੇਦਾਰ। ਸਾਨੂੰ ਤਾਂ ਸਚਾਈ ਤੇ ਤਹਿਜ਼ੀਬ ਵਿਰਸੇ ਵਿਚੋਂ ਮਿਲਦੀ ਹੈ। ਝੂਠ ਤਾਂ ਤੁਹਾਡਾ ਪੰਜਾਬੀਆਂ ਦਾ ਹੀ ਪੇਸ਼ਾ ਹੈ। ਤਦੇ ਤਾਂ ਚੌਧਰੀ ਸਾਹਿਬ ਪੰਜਾਬੀਆਂ ਨੂੰ ਬੈਲ ਕਹਿੰਦੇ ਨੇ। ਠੀਕ ਹੀ ਤਾਂ ਕਹਿੰਦੇ ਨੇ।"

ਕਰਮ ਦੀਨ ਦਾ ਦਿਲ ਤਾਂ ਇਹੀ ਕੀਤਾ ਕਿ ਅੰਦਰੋਂ-ਬਾਹਰੋਂ ਆਫਰੀ ਹੋਈ ਇਸ ਔਰਤ ਨੂੰ ਕੰਧ ਨਾਲ ਚਿਪਕਾ ਦੇਵੇ। ਉਹਦਾ ਆਪਣਾ ਅੰਦਰ ਪਾਟਣ ਲਗਿੱਆ ਤੇ ਉਹਦੀਆਂ ਬਾਗਾਂ ਵਿਚ ਜੁੰਬਸ਼ ਹੋਈ।...ਪਰ ਉਹ ਇੰਜ ਕਰ ਨਾ ਸਕਿਆ। ਜਿਹੜੇ ਘਰ ਵਿੱਚ ਉਹ ਪਲਿਆ ਸੀ ਉਥੇ ਔਰਤ ਦੀ ਪੂਜਾ ਹੁੰਦੀ ਸੀ। ਉਹਦੇ ਅੱਬੇ ਨੇ ਹਮੇਸ਼ਾਂ ਆਖਿਆ ਸੀ "ਕਰਮਿਆ ਪੁੱਤਰਾ! ਔਰਤ ਹਵਾ ਦੀ ਜ਼ਾਤ ਹੁੰਦੀ ਐ। ਉਹਦੀ ਇਜ਼ੱਤ ਹੀ ਕਰਨੀ ਬਣਦੀ ਐ।"...ਉਹਦੇ ਅੱਬੇ ਨੇ ਹਮੇਸ਼ਾ ਉਹਦੀ ਬੇਬੇ ਦੀ ਇਜ਼ੱਤ ਕੀਤੀ ਸੀ। ਕੋਈ ਗਧਾ ਜਾਂ ਭਾਂਡਾ ਵੇਚਦਾ, ਤਾਂ ਵੱਟੇ ਹੋਏ ਸਾਰੇ ਪੈਸੇ ਉਹਦੀ ਮਾਂ ਨੂੰ ਫੜਾ ਦਿੰਦਾ। ਵਿਹੜੇ ਵਿਚਲੀ ਖੂਹੀ 'ਚੋਂ ਕਦੀ ਉਹਨੂੰ ਡੋਲ ਨਾ ਖਿਚਣ ਦਿੰਦਾ। ਕੋਈ ਗੁਆਂਢੀ ਮਰਦ ਆਪਣੀ ਔਰਤ ਨੂੰ ਗਾਲ-ਦੁੱਪੜ ਜਾਂ ਧੌਲ-ਧੱਫਾ ਕਰਦਾ ਤਾਂ ਉਹਦੇ ਘਰ ਜਾ ਕੇ ਉਹਨੂੰ ਹਟਾਉਂਦਾ-ਤਾੜਦਾ,"ਸਾਲਿਆ ਸੂਰਮਿਆ! ਔਰਤ ਨੂੰ ਮਾਰਦੈਂ? ਦੋਜ਼ਕ ਦੀ ਅੱਗ ਵਿਚ ਜਲ ਕੇ ਮਰੇਂਗਾ। ਜੇ ਮਰ ਗਈ ਤਾਂ ਸਰਾਪ ਨਾਲ ਕੋਹੜੀ ਹੋ ਜਾਵੇਂਗਾ। ਔਰਤ ਤਾਂ ਘਰ ਦੀ ਆਬਰੂ ਹੁੰਦੀ ਐ।"

ਕਰਮ ਦੀਨ ਨੇ ਆਪਣੀ ਸਾਲੀ ਤੋਂ ਦੋ ਕਦਮ ਪਿੱਛੇ ਹਟਦਿਆਂ, ਆਪਣੇ ਮਰਹੂਮ ਅੱਬਾ ਨੂੰ ਸ਼ਰਧਾਂਜਲੀ ਭੇਂਟ ਕੀਤੀ, ਅਤੇ ਸ਼ਕੀਲਾ ਨੂੰ ਬੱਸ ਏਨਾ ਹੀ ਆਖਿਆ, "ਤੁਹਾਡੀ ਤਹਿਜ਼ੀਬ ਤੇ ਸਚਾਈ ਨੂੰ ਮੈਥੋਂ ਵਧ ਕੋਈ ਨੀ ਜਾਣਦਾ। ਅੱਗ ਲੈਣ ਆਈ ਮਾਲਕ ਬਣ ਕੇ ਬਹਿ ਗਈ। ਮੇਰਾ ਅੰਤਵਾਰਾ ਨਾ ਲੈਣਾ।"

-ਕੀ ਕਰੋਗੇ ਤੁਸੀਂ? ਮੇਰੇ ਖਾਵੰਦ ਐਮ.ਬੀ.ਈ. ਨੇ। ਔਰ ਉਹਨਾਂ ਦੀ ਕੁਈਨ ਤਕ ਰਸਾਈ ਹੈ।...ਆਖਦੀ ਉਸੇ ਬੇਰੁਖੀ ਨਾਲ ਪਲਾਂਟਾਂ ਨੂੰ ਪਾਣੀ ਦਿੰਦੀ ਰਹੀ।

ਉਹ ਆਪਣੀ ਬੀਵੀ ਵਲ ਹੋਇਆ: "ਨੂਰੀ ਬੇਗਮ! ਲਿਆ ਚਾਬੀ। ਕੰਮ ਬਾਰੇ ਟੈਲੀਫ਼ੂਨ ਕਰੀਏ। ਮੇਰੀ ਵਿਹਲੇ ਦੀ ਦਿਹਾੜੀ ਨੀ ਲੰਘਦੀ; ਨਾ ਜੀਅ ਲਗਦੈ।"

ਨੂਰੀ ਬੇਗਮ ਇਹ ਸਾਰਾ ਕੌਤਕ ਵੇਖਦੀ ਰਹੀ ਸੀ। ਡਰੀ ਹੋਈ ਬੋਲੀ: "ਕਿਉਂ ਝਗੜਾ ਕਰਦੇ ਹੋ। ਬਾਹਰ ਰੋਡ 'ਤੇ ਜਾ ਕੇ ਟੈਲੀਫੂਨ ਬੋਕਸ ਵਿਚੋਂ ਫੋਨ ਕਰ ਲਵੋ ਖਾਂ।"

ਗੁੱਸਾ ਬੀਵੀ 'ਤੇ ਵੀ ਬਹੁਤ ਆਇਆ। ਪਰ ਇੰਨਾ ਹੀ ਆਖ ਬਾਹਰ ਨਿਕਲ ਗਿਆ,"ਠੀਕ ਐ, ਬਾਹਰੋਂ ਕਰ ਲੈਨਾ। ਪਰ ਪਾਣੀ ਸਿਰ ਉਤੋਂ ਦੀ ਲੰਘਦਾ ਜਾ ਰਿਹੈ।"

ਆਕਾਸ਼ 'ਤੇ ਤਰਦਾ ਕਾਲਾ ਪੰਛੀ ਦੂਰ ਲੰਘ ਗਿਆ ਸੀ। ਬੱਦਲ ਉਸੇ ਤਰ੍ਹਾਂ ਘੁਲੇ ਅਤੇ ਧਰਤੀ ਅਸਮਾਨ ਜੰਮੇ ਖਲੋਤੇ ਸਨ। ਕੁਝ ਵੀ ਪਿਘਲਦਾ ਵਿਖਾਈ ਨਹੀਂ ਸੀ ਦੇ ਰਿਹਾ। ਬਰਫ ਵਿਚ ਧਸਦੀਆਂ-ਨਿਕਲਦੀਆਂ ਉਹਦੀਆਂ ਲੱਤਾਂ ਹਾਰਦੀਆਂ ਜਾ ਰਹੀਆਂ ਸਨ। ਜਾਪਦਾ ਸੀ ਕਿ ਜਿਵੇਂ ਲੱਤਾਂ ਬਰਫ ਦੀਆਂ ਮੁੰਗਲੀਆਂ ਬਣ ਜੰਮ ਜਾਣਗੀਆਂ ਤੇ ਉਹ ਡਰਨੇ ਵਾਂਗ ਗੱਡਿਆ ਜਾਵੇਗਾ। ਉਹਦਾ ਰੋਣ ਨੂੰ ਜੀਅ ਕੀਤਾ। ਪਰ ਪਤਾ ਨਹੀਂ ਅੱਬਾ ਕਿਥੋਂ ਤੇ ਕਿਵੇਂ ਯਾਦ ਆ ਗਿਆ। ਅੱਬੇ ਨੇ ਤਾਂ ਆਖਿਆ ਸੀ ਕਿ ਹਾਰ ਜਾਣ ਨਾਲੋਂ ਫਨ੍ਹਾ ਹੋ ਜਾਣਾ ਚੰਗਾ ਹੁੰਦਾ ਹੈ।...ਕਰਮਿਆ, ਔਹ ਵੇਖ ਪੁੱਤ, ਆਪਣੇ ਵਾੜੇ ਵਿਚ ਹਾਰਿਆ ਹੋਇਆ ਗਧਾ ਕਿਵੇਂ ਖੂੰਜੇ 'ਚ ਦੜਿਆ ਬੈਠੈ। ਘਾਹ ਦੀ ਇੱਕ ਮੁੱਠੀ ਲਈ ਵੀ ਆਪਣੇ ਰਹਿਮ 'ਤੇ ਜਿਉਂਦਾ ਹੈ। ਕਿਉਂ ਠੂੰਗਾਂ ਮਾਰਦੇ ਨੇ। ਸਭ ਕੁਝ ਜਰੀ ਜਾ ਰਿਹੈ। ਕੋਈ ਜੂਨ ਐ ਭਲਾ? ਇਹਦੇ ਨਾਲ ਦਾ ਗਧਾ ਵੇਖ ਲੈ, ਪਿਆਰ ਨਾਲ ਤਾਂ ਦੋ ਬੋਰੀਆਂ ਵੀ ਪਿੱਠ 'ਤੇ ਚੁੱਕ ਲੈਂਦਾ, ਪਰ ਰੋਹਬ ਨਾਲ ਲੱਦੀਏ ਤਾਂ ਦੁਲੱਤਾ ਮਾਰ ਕੇ ਔਹ ਮਾਰਦਾ ਵਗਾਹ ਕੇ। ਆਕੜ-ਖਾਂ ਜੱਟਾਂ ਨੂੰ ਮੈਂ ਉਹੀ ਦਿੰਦਾ ਹੁੰਦਾ ਸੀ। ਦੁਹਾਈਆਂ ਪਾਉਂਦੇ ਮੁੜਦੇ ਹੁੰਦੇ ਸੀ। ਉਹ ਗੱਡੀ ਹੇਠਾਂ ਆ ਕੇ ਮਰ ਗਿਆ ਸੀ। ਤੇਰੀ ਬੇਬੇ ਬਹੁਤ ਰੋਈ ਸੀ। ਘੁਮਿਆਰ ਦਾ ਗਧਾ ਮਰ ਜਾਣਾ ਪੁੱਤ ਮਰ ਜਾਣ ਨਾਲੋਂ ਵੀ ਵੱਡੀ ਗੱਲ ਹੁੰਦੀ ਐ। ਗਧਾ ਤਾਂ ਮੁੱਲ ਆਉਂਦੈ। ਪੁੱਤ ਜੰਮਣ ਵਾਸਤੇ ਕਿਹੜਾ ਮੁੱਲ ਲਗਦੈ। ....ਦੁੱਖ ਤਾਂ ਮੈਨੂੰ ਵੀ ਬਹੁਤ ਹੋਇਆ ਸੀ, ਪਰ ਹੁਣ ਜਦੋਂ ਮੈਂ ਏਸ ਹਾਰੇ ਹੋਏ ਗਧੇ ਨੂੰ ਵੇਖਦਾਂ ਤਾਂ ਸੋਚਦਾਂ ਕਿ ਚੰਗਾ ਹੀ ਹੋਇਆ ਕਿ ਉਹ ਕਿਰਤ ਕਰਦਾ ਹੀ ਚਲਿਆ ਗਿਆ। ਹਾਰੇ ਹੋਏ ਜੀਅ ਦੀ ਕੋਈ ਜੂਨ ਨੀ ਹੁੰਦੀ। ਉਹ ਰਹਿਮ 'ਤੇ ਜਿਉਂਦੈ। ਰਹਿਮ ਤੇ ਤਾਂ ਪੁਤੱਰਾ, ਹੀਜੜੇ ਵੀ ਨੀ ਜਿਉਂਦੇ...

ਪਤਾ ਨਹੀਂ ਉਹ ਹੀਜੜਾ ਸੀ ਜਾਂ ਰਹਿਮ 'ਤੇ ਜਿਉਣ ਵਾਲਾ ਠੁੱਕਰ ਵਿਚ ਲੁੜਕਦਾ ਗਧਾ ਸੀ. ਹਾਂ, ਉਹ ਅੰਦਰੋ ਟੁਟਦਾ ਤੇ ਹਾਰਦਾ ਜਾ ਰਿਹਾ ਸੀ; ਪਰ ਨਾ ਤਾਂ ਉਸ ਤੋਂ ਟੁੱਟਣਾ ਸਵੀਕਾਰ ਹੋ ਰਿਹਾ ਸੀ ਤੇ ਨਾ ਹੀ ਹਾਰ ਨਾਲ ਸਮਝੌਤਾ ਹੋ ਰਿਹਾ ਸੀ। ਦਰਿਆ-ਦਿਲ ਪੰਜਾਬੀਅਤ ਉਸ ਨੂੰ ਬਹੁਤ ਮਹਿੰਗੀ ਪਈ ਸੀ। ਉਹਦਾ ਆਪਣਾ ਜਿਵੇਂ ਕੁੱਝ ਬਚਿਆ ਹੀ ਨਹੀਂ ਸੀ ਰਹਿ ਗਿਆ। ਬਲਦ ਨੇ ਇੰਨਾ ਭਾਰ ਚੁੱਕ ਲਿਆ ਸੀ ਕਿ ਪੈਰ ਉਖੜਦੇ ਜਾ ਰਹੇ ਸਨ ਤੇ ਸਿੰਗ ਟੁੱਟਦਾ ਜਾ ਰਿਹਾ ਸੀ। ਅੱਜ ਉਹਦੇ ਆਪਣੇ ਹੀ ਘਰ ਵਿੱਚ, ਉਹਦੇ ਆਪਣੇ ਹੀ ਟੈਲੀਫੂਨ ਨੂੰ ਜਿੰਦਰਾ ਮਾਰ ਦਿੱਤਾ ਗਿਆ ਸੀ....

-ਹੂੰ! ਵੱਡਾ ਚੌਧਰੀ!...ਅੰਗ੍ਰੇਜ਼ੀ ਸਾਮਰਾਜ ਦਾ ਦਲਾਲ.....ਖੁਮੈਨੀ ਦੀ ਔਲਾਦ!

ਕਿੰਨਾ ਸੁਖੀ ਵਸ ਰਿਹਾ ਸੀ ਘਰ-ਪਰਿਵਾਰ। ਉਹ ਸੀ, ਸਿੱਧੀ-ਸਾਦੀ ਬੀਵੀ ਸੀ ਤੇ ਇੱਕ ਪੁੱਤਰ ਸੀ। ਟ੍ਰੈਕਟਰਾਂ ਦੀ ਫੈਕਟਰੀ ਵਿਚ ਦਸਾਂ ਨੌਹਾਂ ਦੀ ਕਿਰਤ ਵਾਲਾ ਬੜਾ ਸੋਹਣਾ ਕੰਮ ਸੀ। ਘਰ ਪਰਤਦਾ, ਆਪਣੀ ਨੂਰੀ ਦੇ ਹੱਥਾਂ ਦੀ ਪਕਾਈ ਗਰਮ-ਗਰਮ ਰੋਟੀ ਖਾਂਦਾ, ਤੇ ਫਿਰ ਆਪਣੇ ਪੁੱਤਰ ਹਲੀਮ ਨਾਲ ਖੇਡਦਾ ਤਾਂ ਸਾਰਾ ਥਕੇਵਾਂ ਲਹਿ ਜਾਂਦਾ। ਨੂਰੀ ਬੇਗਮ ਨੂੰ ਬਹੁਤਾ ਕੰਮ ਕਰਦੀ ਵੇਖ ਉਹਦਾ ਹੱਥ ਵਟਾਉਣ ਲਗ ਜਾਂਦਾ। ਨੂਰੀ ਹੱਥੋ ਭਾਂਡਾ ਫੜਦੀ ਆਖਦੀ, "ਛੱਡੋ ਪਰ੍ਹਾਂ। ਜੇ ਕਿਸੇ ਵੇਖ ਲਿਆ ਤਾਂ ਕੀ ਆਖੇਗਾ? ਜੋਰੋ ਦਾ ਗੁਲਾਮ।"

-ਆਖਣ ਦੇ ਜਿਹੜਾ ਸਾਲਾ ਆਖਦੈ। ਤੇਰੀ ਕਮਾਈ ਦੀ ਬਰਕਤ ਨਾਲ ਹੀ ਬਹਾਰਾਂ ਨੇ।

ਇਕ ਦਿਨ ਜਦੋਂ ਹਲੀਮ ਸੌਂ ਗਿਆ ਤਾਂ ਬਿਸਤਰੇ ਵਿਚ ਬੈਠਿਆਂ ਨੂਰੀ ਬੇਗਮ ਆਖਣ ਲੱਗੀ, "ਇਕ ਗੱਲ ਕਰਨੀ ਐ ਜੇ ਬੁਰਾ ਨਾ ਮਨਾਵੋ ਤਾਂ।"

ਕਰਮ ਦੀਨ ਨੇ ਆਪਣੇ-ਆਪ ਨੂੰ ਪਿਆਰ ਦਾ ਪੈਗੰਬਰ ਬਣਾ, ਆਪਣੀ ਨੂਰੀ ਦੀ ਗੱਲ੍ਹ ਉਤਲੇ ਤਿਣ ਤੇ ਉਂਗਲੀ ਫੇਰਦਿਆਂ ਜਵਾਬ ਦਿੱਤਾ: "ਆਏਂ ਡਰਦੀ ਜਿਹੀ ਕਿਉਂ ਐਂ। ਤੂੰ ਹੁਕਮ ਕਰ ਜੇ ਏਥੇ ਬੈਠਾ ਪਿੰਡ ਦੇ ਬਾਵਾ ਡੇਰੇ ਦੀਆਂ ਟੱਲੀਆਂ ਨਾ ਖੜਕਾ ਦੇਵਾਂ। ਜਕ ਨਾ। ਹਾਂ ਦੱਸ।"

-ਮੇਰੀ ਛੋਟੀ ਭੈਣ ਸ਼ਕੀਲਾ ਦਾ ਘਰ ਵਾਲਾ ਰਿਸ਼ਵਤ ਦੇ ਕੇਸ ਵਿਚ ਨੌਕਰੀ ਗੁਆ ਬੈਠੈ। ਕੰਮ ਸ਼ਕੀਲਾ ਵੀ ਕੋਈ ਨੀ ਕਰਦੀ। ਬਾਲ-ਬੱਚੇਦਾਰ ਨੇ। ਜੇ ਕਿਸੇ ਤਰੀਕੇ ਨਾਲ ਏਥੇ ਸੱਦ ਲਈਏ ਤਾਂ ਵਿਚਾਰਿਆਂ ਦਾ ਗੁਜ਼ਾਰਾ ਚੱਲ ਪਵੇਗਾ।"

ਕਰਮ ਦੀਨ ਨੂੰ ਜਿਵੇਂ ਆਪਣੀ ਬੀਵੀ ਦੀ ਗੱਲ ਦਾ ਵਿਸ਼ਵਾਸ ਨਾ ਆਇਆ। ਬੋਲਿਆ: "ਹਿੰਦੋਸਤਾਨ ਵਿਚ ਤਾਂ ਰਿਸ਼ਵਤ ਨਾਲ ਨੌਕਰੀਆਂ ਮਿਲਦੀਆਂ ਨੇ, ਖੁਸਦੀਆਂ ਨੀ। ਗੱਲ ਦਿਲ ਨੀ ਲਗਦੀ।"

-ਸ਼ਾਇਦ ਕੋਈ ਹੋਰ ਵਜ੍ਹਾ ਹੋਵੇ। ਨੌਕਰੀ ਜ਼ਰੂਰ ਚਲੀ ਗਈ ਐ।....ਨੂਰੀ ਬੇਗਮ ਨੇ ਆਖਿਆ।

ਕਰਮ ਦੀਨ ਜ਼ਰਾ ਸੋਚੀਂ ਪੈ ਗਿਆ। ਫਿਰ ਕਹਿਣ ਲਗਿੱਆ, "ਜਿਵੇਂ ਆਖੇਂਗੀ ਕਰ ਲਵਾਂਗੇ। ਪਰ ਸਾਂਢੂ ਬੰਦਾ-ਬੁੰਦਾ ਕੁਝ ਨੀ। ਮਾਲੇਰਕੋਟਲੇ ਕਚਹਿਰੀਆਂ 'ਚ ਕੋਈ ਕੜੀ-ਕਲਰਕੀ ਕਰਦਾ ਸੀ, ਦਸਦਾ ਆਪਣੇ ਆਪ ਨੂੰ ਵਕੀਲ ਸੀ ਤੇ ਨਵਾਬ ਦਾ ਰਿਸ਼ਤੇਦਾਰ। ਨਾਲੇ ਪੰਜਾਬੀ ਹੁੰਦਾ ਵੀ ਉਰਦੂ ਬੋਲਦਾ ਸੀ। ਯਾਦ ਐ, ਜਦੋ ਉਹ ਆਪਾਂ ਨੂੰ ਵਲੈਤੋਂ ਗਿਆਂ ਨੂੰ ਪਿੰਡ ਮਿਲਣ ਆਇਆ ਸੀ? ਆਪਣੀ ਦਿੱਤੀ ਕਮੀਜ਼ ਤੇ ਬਲੇਡ ਫੜ ਬੋਲਿਆ ਸੀ: ਇਸ ਸੇ ਅੱਛੀ ਚੀਜ਼ੇਂ ਤੋ ਯਹਾਂ ਸੇ ਮਿਲ ਜਾਤੀ ਹੈਂ।....ਤੇ ਮੈਂ ਆਏਂ ਵਿੰਨ੍ਹਿਆ ਗਿਆ ਸੀ ਜਿਵੇਂ ਕਿਸੇ ਨੇ ਮੇਰੀ ਵੱਖੀ 'ਚ ਪੇਚਾਂ ਵਾਲਾ ਬਰਛਾ ਗੱਡ ਦਿੱਤਾ ਹੋਵੇ।"

-ਮੈਨੂੰ ਸਭ ਯਾਦ ਐ; ਬਲਕਿ ਇਸ ਤੋਂ ਵੀ ਕਿਤੇ ਵੱਧ ਗੱਲਾਂ ਯਾਦ ਨੇ। ਇਸ ਨੇ ਮੇਰੇ ਬਾਪ ਦਾ ਸਾਰਾ ਘਰ ਲੁੱਟ ਕੇ ਖਾ ਲਿਆ। ਮੇਰੇ ਤੇ ਸ਼ਕੀਲਾ ਦੇ ਸੁਭਾ ਵਿਚ ਵੀ ਬਹੁਤ ਫਰਕ ਐ। ਪਰ ਜੀ, ਉਹ ਮੇਰੀ ਮਾਂ-ਜਾਈ ਭੈਣ ਐ। ਜੇ ਆਪਾਂ ਕੋਈ ਉਪਾ ਨਾ ਕੀਤਾ ਤਾਂ ਚੌਧਰੀ ਜੀਜਾ ਉਸ ਨੂੰ ਸਤਾ-ਸਤਾ ਮਾਰ ਦੇਵੇਗਾ।

"-ਜੇ ਆਪਾਂ ਨੂੰ ਸਤਾ-ਸਤਾ ਮਾਰ ਦਿੱਤਾ ਫੇਰ?"....ਕਰਮ ਦੀਨ ਨੇ ਆਪਣੀ ਬੀਵੀ ਨੂੰ ਉਲਟਾ ਸਵਾਲ ਕਰ ਦਿਤਾ।

ਨੂਰੀ ਬੇਗਮ ਨੇ ਆਪਣੇ ਖ਼ਾਵੰਦ ਦਾ ਹੱਥ ਫੜ ਪਲੋਸਣਾ ਸ਼ੁਰੂ ਕਰ ਦਿੱਤਾ। ਫਿਰ ਅਤਿ ਪਿਆਰ ਤੇ ਤਰਸਮਈ ਤੱਕਣੀ ਨਾਲ ਬੋਲੀ, "ਜੀ, ਆਪਾਂ ਮੁਹਤਾਤ ਰਹਾਂਗੇ।"

ਮੁਹਤਾਤ!......ਇਹ ਲਫਜ਼ ਸ਼ਾਇਦ ਪੰਜਾਬੀਆਂ ਦੀ ਡਿਕਸ਼ਨਰੀ ਵਿਚ ਹੀ ਨਹੀਂ ਹੈ। ਪੰਜਾਬੀਆਂ ਲਈ ਮੁਹਤਾਤ ਰਹਿਣ ਦਾ ਅਰਥ ਹੈ: ਬੇਈਮਾਨੀ ਤੇ ਬੇਵਫਾਈ ਕਰਨੀ। ਇਸ ਲਈ ਉਹ ਮੁਹਤਾਤ ਨਹੀਂ ਸਨ ਰਹਿ ਸਕੇ।

ਅੱਠੇ ਪਹਿਰ ਕੰਮ ਵਿੱਚ ਰੁੱਝੇ ਰਹਿਣ ਵਾਲੇ ਬਾਪ ਦਾ ਪੁੱਤ ਹੋਣ ਕਰਕੇ, ਕਰਮ ਦੀਨ ਨੂੰ ਕੰਮ ਨੂੰ ਭਾਗ ਸਮਝਣ ਦੀ ਗੁੜ੍ਹਤੀ ਘਰ ਵਿੱਚੋਂ ਹੀ ਮਿਲੀ ਸੀ। ਇੰਟਰਨੈਸ਼ਨਲ ਹਾਰਵੈਸਟਰ ਵਿਚ ਉਹ ਬਹੁਤ ਚੰਗਾ ਕਾਮਾ ਮੰਨਿਆ ਜਾਂਦਾ ਸੀ। ਛੁੱਟੀ ਵੀ ਕਦੀ ਨਹੀਂ ਸੀ ਲੈਂਦਾ; ਇਸ ਲਈ ਉਹਦਾ ਰਿਕਾਰਡ ਬਹੁਤ ਚੰਗਾ ਸੀ। ਉਸ ਨੂੰ ਜਦੋ ਇਹ

ਅਹਿਸਾਸ ਹੋ ਗਿਆ ਸੀ ਕਿ ਮੈਂ ਇਸੇ ਮੁਲਕ ਵਿਚ ਹੀ ਰਹਿਣਾ ਹੈ, ਤਾਂ ਉਸ ਨੇ ਇਸ ਮੁਲਕ ਦੀ ਜ਼ੁਬਾਨ ਬੋਲਣੀ ਸਿੱਖਣ 'ਤੇ ਵੀ ਬਹੁਤ ਮਿਹਨਤ ਕੀਤੀ ਸੀ। ਮੈਨੇਜਰ ਉਸ ਤੋਂ ਇਸ ਲਈ ਵੀ ਬਹੁਤ ਖੁਸ਼ ਸੀ ਕਿ ਉਹ ਅੰਗ੍ਰੇਜ਼ੀ ਨਾ ਜਾਨਣ ਵਾਲੇ ਇੰਡੀਅਨ-ਪਾਕਿਸਤਾਨੀ ਭਰਾਵਾਂ ਲਈ ਦੋ-ਭਾਸ਼ੀਏ ਦਾ ਕੰਮ ਵੀ ਕਰ ਦਿੰਦਾ ਸੀ। ਉਹ ਸਿੱਧਾ ਮੈਨੇਜਰ ਕੋਲ ਗਿਆ ਅਤੇ ਆਪਣੇ ਸੁਭਾਉ ਵਰਗੇ ਸਿੱਧੇ ਸਪਸ਼ੱਟ ਸ਼ਬਦਾਂ ਵਿਚ ਬੋਲਿਆ:

-ਮਿਸਟਰ ਰਿਚਰਡਸਨ, ਤੁਹਾਡੇ ਅੱਗੇ ਇਕ ਬੇਨਤੀ ਕਰਨੀ ਐ।

-ਹਾਂ, ਮਿਸਟਰ ਦੀਨ। ਮੈਂ ਤੇਰੇ ਲਈ ਕੀ ਕਰ ਸਕਦਾਂ?

-ਇੰਡੀਆ 'ਚ ਮੇਰਾ ਇੱਕ ਕਰੀਬੀ ਰਿਸ਼ਤੇਦਾਰ ਬੜੀ ਤਕਲੀਫ ਵਿਚ ਐ। ਜੇ ਤੁਸੀਂ ਆਪਣੀ ਫੈਕਟਰੀ ਵਲੋਂ ਵਾਊਚਰ ਦੇ ਦੇਵੋ ਤਾਂ ਉਹ ਇਸ ਮੁਲਕ ਵਿਚ ਆ ਸਕਦੈ।

ਜ਼ਰਾ ਕੁ ਸੋਚਣ ਤੋਂ ਬਾਦ ਮੈਨੇਜਰ ਬੋਲਿਆ, "ਮਿਸਟਰ ਦੀਨ, ਪਹਿਲਾਂ ਕਦੀ ਵਾਊਚਰ ਦਿੱਤਾ ਤਾਂ ਨਹੀਂ ਗਿਆ ਤੇ ਨਾ ਹੀ ਕਦੀ ਕਿਸੇ ਨੇ ਮੰਗ ਹੀ ਕੀਤੀ ਹੈ। ਇਸ ਲਈ ਮੈਨੂੰ ਇਹਦੇ ਤਕਨੀਕੀ ਪਹਿਲੂ ਦਾ ਪਤਾ ਕਰ ਲੈਣ ਦੇ। ਜੋ ਹੋ ਸਕੇਗਾ ਜ਼ਰੂਰ ਹੋਵੇਗਾ।"

ਵਾਊਚਰ ਮਿਲ ਗਿਆ। ਅਇਤਉਲਾ ਚੌਧਰੀ ਇੰਗਲੈਂਡ ਆ ਗਿਆ ਅਤੇ ਕਰਮ ਦੀਨ ਤੇ ਨੂਰੀ ਉਹਦੇ ਪੈਰਾਂ ਹੇਠ ਵਿਛ ਗਏ।

ਆਇਤਉਲਾ ਚੋਧਰੀ ਬੜੀ ਬੇਆਰਾਮ ਜ਼ਾਤ ਸੀ। ਕੰਮ ਕਰਨ ਲੱਗਿਆ ਅਤੇ ਥੋੜ੍ਹੇ ਸਮੇਂ ਵਿਚ ਹੀ ਮਾਲਕਾਂ ਦੀ ਨਜ਼ਰ ਵਿਚ ਪ੍ਰਵਾਨ ਹੋਣ ਲੱਗਿਆ। ਉਹਨਾਂ ਦੀ ਜੀ-ਹਜ਼ੂਰੀ ਨੂੰ ਆਪਣਾ ਦੀਨ ਵੀ ਬਣਾ ਲਿਆ ਤੇ ਕਰਮ ਵੀ। ਮੈਨੇਜਰ ਨੂੰ 'ਗੁੱਡ ਮੋਰਨਿੰਗ' ਆਖਣ ਉਚੇਚਾ ਚੱਲ ਕੇ ਜਾਂਦਾ।

-ਮਿਸਟਰ ਚੋਧਰੀ। ਤੁਸੀਂ ਰੋਜ਼ ਇਹ ਤਕਲੀਫ ਕਿਉਂ ਕਰਦੇ ਹੋ?....ਮੈਨੇਜਰ ਆਖਦਾ।

-ਇਹ ਤਕਲੀਫ ਨਹੀਂ ਸਰ। ਵੱਡਿਆਂ ਦਾ ਸਤਿਕਾਰ ਕਰਨਾ ਤਾਂ ਸਾਡਾ ਧਰਮ ਹੈ। ਨਵਾਬ ਮਾਲੇਰਕੋਟਲਾ ਮੇਰੇ ਰਿਸ਼ਤੇਦਾਰ ਹਨ। ਸਾਡੇ ਵੱਡੇ-ਵਡੇਰੇ ਤੁਹਾਡੇ ਵੱਡੇ-ਵਡੇਰਿਆਂ ਨੂੰ ਇੰਜ ਹੀ ਗੁੱਡ-ਮੋਰਨਿੰਗ ਕਹਿੰਦੇ ਸਨ।

ਆਪਣੇ ਬੰਦਿਆਂ ਨਾਲ ਵਿੱਥ ਰਖਦਾ। ਵਾਹ ਲਗਦੀ ਉਹਨਾਂ ਦੀਆਂ ਸਭਿਆਚਾਰਕ ਕਦਰਾਂ ਦੀ ਨਿੰਦਿਆ ਕਰਕੇ ਗੋਰਿਆਂ ਨੂੰ ਖੁਸ਼ ਕਰਦਾ। ਥੋੜ੍ਹੀ ਦੇਰ ਬਾਦ ਸਰਕਾਰੀ ਨੌਕਰੀ ਮਿਲ ਗਈ।

ਉਸ ਨੇ ਇਹ ਵੀ ਜਾਚ ਲਿਆ ਕਿ ਜਿਹੜੇ ਸ਼ਹਿਰ ਵਿਚ ਉਹ ਰਹਿੰਦਾ ਹੈ, ਉਥੇ ਮੁਸਲਮਾਨ ਭਰਾਵਾਂ ਦੀ ਬਹੁਤ ਗਿਣਤੀ ਹੈ ਅਤੇ ਬਹੁਤੇ 'ਆਜ਼ਾਦ ਕਸ਼ਮੀਰੀ' ਹਨ ਜਿਹਨਾਂ ਦੇ ਢਿੱਡ ਦੇ ਸਿੱਧੇ-ਸਾਦੇ ਰੁੱਕਾਂ ਨੇ ਸੁੰਦਰਤਾ ਦੇ ਘੋੜਿਆਂ ਨੂੰ ਚਲਣ ਲਈ ਇਕ ਵੀ ਘਰ ਮਾਲੀ ਨਹੀਂ ਸੀ ਰਹਿਣ ਦਿੱਤਾ। ਉਹ ਖੁਸ਼ੀ-ਖੁਸ਼ੀ ਸੁੰਦਰ ਕਸ਼ਮੀਰ ਛੱਡ ਵਲਾਇਤ ਵਿਚ ਸੁਆਹ ਫੱਕਣ ਆ ਗਏ ਸਨ।

ਆਇਤਉਲੇ ਨੇ ਇਹਨਾਂ ਲੋਕਾਂ ਦੀ ਪੂੰਜ ਕੇ 'ਖ਼ਿਦਮਤ' ਕੀਤੀ। ਬੜੀ ਸਰਗਰਮੀ ਨਾਲ ਤੰਨ-ਤੋੜ ਕਰਕੇ, ਕੋਮਾਂਤਰੀ ਤੇ ਸਥਾਨਕ ਮਸਲਿਆਂ ਦਾ ਵਾਸਤਾ ਪਾ ਕੇ, ਜਜ਼ਬਾਤ ਭੜਕਾ ਕੇ, ਹਿੰਦੋਸਤਾਨ ਨੂੰ ਗਾਲਾਂ ਕੱਢ ਕੇ, ਟੋਰੀ ਪਾਰਟੀ ਵਿਚ ਸ਼ਾਮਲ ਹੋ ਕੇ, ਲੋਕਾਂ ਵਿਚ ਵੀ ਆਪਣੀ ਥਾਂ ਬਣਾ ਲਈ ਤੇ ਸਰਕਾਰ-ਦਰਬਾਰੇ ਵੀ। ਟ੍ਰੈਵਲ ਏਜੰਸੀ ਖੋਲ੍ਹ ਲਈ; ਨਾਲ ਇਨਸ਼ੋਰੈਂਸ ਦਾ ਕੰਮ ਵੀ ਚਲਾ ਦਿੱਤਾ ਅਤੇ ਬਲੈਕ ਵਿਚ ਪੈਸੇ ਭੇਜਣੇ ਵੀ ਸ਼ੁਰੂ ਕਰ ਦਿੱਤੇ। ਇਹਨਾਂ ਸਾਰੀਆਂ ਖਿਦਮਤਾਂ ਦੇ ਫਲ ਵਜੋਂ ਕੌਂਸਲਰ ਚੁਣਿਆ ਗਿਆ ਤੇ ਜੇ.ਪੀ. ਜਾਣੀ ਜਸਟਿਸ ਔਫ ਪੀਸ ਬਣਾ ਦਿੱਤਾ ਗਿਆ। ਕੁਝ ਸਮਾਂ ਪਾ ਕੇ ਉਹਦੀਆਂ ਘਾਲਾਂ ਇੰਨੀਆਂ ਵਧ ਗਈਆਂ ਕਿ ਸਰਕਾਰੇ-ਬਰਤਾਨੀਆ ਨੇ ਐਮ.ਬੀ.ਈ. ਦਾ ਖ਼ਿਤਾਬ ਬਖ਼ਸ਼ ਦਿੱਤਾ, ਮੈਂਬਰ ਔਫ ਬ੍ਰਿਟਿਸ਼ ਇਮਪਾਇਰ। ਇਮਪਾਇਰ ਤਾਂ ਰਹੀ ਨਹੀਂ ਸੀ, ਸ਼ਬਦ ਰਹਿ ਗਿਆ ਸੀ। ਸਥਿਤੀ ਮਰ ਜਾਣ ਦੇ ਬਾਵਜੂਦ ਲਫਜ਼ ਦੇਰ ਤੀਕ ਜਿਉਂਦਾ ਰਹਿੰਦਾ ਹੈ:

-ਸਰੇ-ਖੁਸਰੋ ਸੇ ਨਾਜ਼ੇ-ਕਸਕੁਲਾਹੀ ਛਿਨ ਭੀ ਜਾਤਾ ਹੈ

-ਕੁਲਾਹੇ-ਖੁਸਰਵੀ ਸੇ ਬੂਏ-ਸੁਲਤਾਨੀ ਨਹੀਂ ਜਾਤੀ।

ਜਿਵੇਂ ਲੋਕਾਂ ਦਾ ਦਸਤੂਰ ਹੁੰਦਾ ਹੈ; ਉਸ ਨੂੰ ਅੱਵਲ ਦਰਜੇ ਦਾ ਬੇਈਮਾਨ ਤੇ ਚਲਾਕ ਵੀ ਆਖੀ ਗਏ, ਉਹਤੋਂ ਟਿਕਟਾਂ ਵੀ ਲਈ ਗਏ, ਇਨਸ਼ੋਰੈਂਸ ਵੀ ਕਰਵਾਈ ਗਏ, ਪੈਸੇ ਵੀ ਭਿਜਵਾਈ ਗਏ ਤੇ ਵੋਟਾਂ ਵੀ ਪਾਈ ਗਏ। ਉਹਦੀ ਤੂਤੀ ਬੋਲਣ ਲੱਗੀ। ਖਾਸ ਦੋਸਤਾਂ ਦੀ ਮਹਿਫਲ ਵਿਚ ਬੈਠ ਫਤਵੇ ਵੀ ਦੇਣ ਲੱਗਿਆ: ਭੇਡਾਂ ਨੂੰ ਮਗਰ ਲਾਉਣਾ ਕੀ ਔਖਾ ਹੈ। ਭੇਡਾਂ ਦੀ ਯਾਦਦਾਸ਼ਤ ਨਹੀਂ ਹੁੰਦੀ।

ਘਰੇਲੂ ਫਰੰਟ 'ਤੇ ਵੀ ਪੂਰੀ ਸਰਗਰਮੀ ਵਿਖਾਈ। ਸ਼ਕੀਲਾ ਬੇਗਮ ਤੇ ਬੱਚਿਆਂ ਨੂੰ ਸੱਦਿਆ। ਪੈਰ ਜੰਮਦਿਆਂ ਹੀ ਕਰਮ ਦੀਨ ਨੂੰ ਨਜ਼ਰ-ਅੰਦਾਜ਼ ਕਰਨ ਲੱਗਿਆ ਤੇ ਉਹਦੇ ਅੰਦਰ ਅਹਿਸਾਸੇ-ਕਮਤਰੀ ਲਿਆਉਣ ਲੱਗਿਆ। ਆਪਣੀ ਬੇਗਮ ਦੀ ਮਿਲਵਰਤਣ ਨਾਲ ਕਰਮ ਦੀਨ ਤੇ ਨੂਰੀ ਬੇਗਮ ਵਿਚ ਪਾੜ ਪੁਆਉਣ ਲੱਗਿਆ। ਨੂਰੀ ਬੇਗਮ ਤੇ ਅਸਰ ਵੀ ਹੋਣ ਲੱਗਿਆ। ਉਹ ਪੰਜਾਬੀ ਦੀ ਥਾਂ ਉਰਦੂ ਬੋਲਣ ਲਗ ਪਈ। ਉਹਨਾਂ ਦੇ ਮੁੰਡੇ ਨੂੰ ਵੀ ਮਸੀਤ ਵਿਚ ਉਰਦੂ ਪੜ੍ਹਨ ਭੇਜਣ ਲੱਗਿਆ ਅਤੇ ਉਹਦੇ ਅੰਦਰ ਵੀ ਅਜਿਹਾ ਹੀਣਤਾ ਭਾਵ ਪੈਦਾ ਕੀਤਾ ਕਿ ਉਹ ਕਰਮ ਦੀਨ ਦੀ ਥਾਂ ਆਇਤਉਲੇ ਨੂੰ ਹੀ ਆਪਣਾ ਬਾਪ ਸਮਝਣ ਲਗਿਆ। ਜਦੋ ਸਕੂਲ ਵਿਚ 'ਮਾਪਿਆਂ ਦੇ ਸ਼ਾਮਾ ਹੁੰਦੀ ਤਾਂ ਉਹ ਚੋਧਰੀ ਸਾਹਿਬ ਅਤੇ ਛੋਟੀ ਅੰਮੀ ਨੂੰ ਲੈ ਕੇ ਜਾਂਦਾ। ਵੱਡੇ ਲੋਕਾਂ ਦੀ ਆਵਾਜਾਈ ਦੀ ਦਲੀਲ ਦੇ ਗੈਰਜ ਨੂੰ ਬੈਡੱਰੂਮ ਵਿਚ ਤਬਦੀਲ ਕਰਕੇ ਉਥੇ ਕਰਮ ਦੀਨ ਤੇ ਨੂਰੀ ਬੇਗਮ ਨੂੰ ਵਾੜ ਦਿੱਤਾ ਅਤੇ ਆਪ ਸਾਰੇ ਘਰ 'ਤੇ ਕਬਜ਼ਾ ਕਰ ਲਿਆ। ਪਾਰਟੀਆਂ ਅਕਸਰ ਹੁੰਦੀਆਂ। ਕਰਮ ਦੀਨ ਮੀਟ ਲਿਆਉਂਦਾ ਤੇ ਉਹਦੀ ਨੂਰੀ ਬੇਗਮ ਲਾਗੀਆਂ ਵਾਂਗ ਕੰਮ ਕਰਦੀ। ਸ਼ਕੀਲਾ ਬੇਗਮ ਜਾਂ ਤਾਂ ਸਿਰ ਦੁਖਣ ਦਾ ਬਹਾਨਾ ਬਣਾ ਸੈਟੀ ਤੇ ਪਈ ਇੰਡੀਅਨ ਫਿਲਮਾਂ ਵੇਖਦੀ ਰਹਿੰਦੀ ਜਾਂ ਮੇਜ਼ ' ਤੇ ਗੁਲਦਸਤੇ ਸਜਾਉਂਦੀ ਰਹਿੰਦੀ। ਕਰਮ ਦੀਨ ਨੂੰ ਪਾਰਟੀ ਵਿਚ ਨਾ ਬਿਠਾਇਆ ਜਾਂਦਾ। ਮਜ਼ੇ ਦੀ ਗੱਲ ਇਹ ਕਿ ਉਹਦੀ ਆਪਣੀ ਬੀਵੀ ਤੇ ਮੁੰਡਾ ਉਸਦੇ ਪਾਰਟੀ ਵਿਚ ਸ਼ਾਮਲ ਨਾ ਕੀਤੇ ਜਾਣ ਦਾ ਬੁਰਾ ਨਾ ਮਨਾਉਂਦੇ।

ਉਹ ਆਪਣੇ ਬੈਡੱਰੂਮ ਵਿਚ ਮਰਿਆਂ ਵਾਂਗ ਪਿਆ ਸੋਚਦਾ ਰਹਿੰਦਾ, "ਮੈਂ ਕਰਮ ਦੀਨ ਦੀ ਥਾਂ ਕਰਮਹੀਨ ਬਣਦਾ ਜਾ ਰਿਹਾਂ। ਨਹੀਂ ਸੱਚ, ਬਣ ਹੀ ਗਿਆਂ। " ਉਸ ਨੇ ਇੱਕ-ਦੋ ਵਾਰ ਨੂਰੀ ਬੇਗਮ ਨਾਲ ਵੀ ਗੱਲ ਕੀਤੀ, "ਘਰ ਆਪਣੇ, ਪਰ ਵੇਖ ਲੈ, ਆਪਾਂ ਸੀਰੀਆਂ ਨਾਲੋਂ ਵੀ ਘਟੀਆ ਬਣਦੇ ਜਾ ਰਹੇ ਆਂ। ਨੂਰੀ ਬੇਗਮ। ਮੇਰੀ ਰੂਹ ਮਰਦੀ ਜਾ ਰਹੀ ਐ। ਮੇਰੇ ਦਿਲ 'ਤੇ ਕਸਾਈ ਦੀਆਂ ਛੁਰੀਆਂ ਚਲਦੀਆਂ ਨੇ।.....ਤੇ ਨੂਰੀ ਬੇਗਮ। ਤੇਰਾ ਤਾਂ ਨੂਰ ਹੀ ਮੁਕਦਾ ਜਾ ਰਿਹੈ।"

ਨੂਰੀ ਬੇਗਮ ਵੀ ਬਦਲਦੀ ਜਾ ਰਹੀ ਸੀ। ਉਸ ਨੇ ਜਿਵੇਂ ਸਵੀਕਾਰ ਕਰ ਲਿਆ ਸੀ ਕਿ ਚੋਧਰੀ ਫੈਮਿਲੀ ਉਹਨਾਂ ਨਾਲੋਂ ਬਹੁਤ ਉਤਮ ਹੈ। ਆਖ ਦਿੰਦੀ, "ਚਲੋ ਕੋਈ ਨੀ, ਫਿਰ ਵੀ ਆਪਣੇ ਨੇ। ਨਾਲੇ ਇਹਨਾਂ ਕਰਕੇ ਆਪਣੀ ਵੀ ਬਹੁਤ ਇਜ਼ਤ ਹੈ। ਮਲਕਾ ਅਲਿਜ਼ਬਥ ਨੇ ਆਪਣੇ ਹੱਥਾਂ ਨਾਲ ਚੋਧਰੀ ਜੀਜੇ ਨੂੰ ਐਮ.ਬੀ.ਈ. ਦਾ ਖ਼ਿਤਾਬ ਦਿੱਤਾ ਸੀ।"

ਚੋਧਰੀ ਬ੍ਰਿਟਿਸ਼ ਇਮਪਾਇਰ ਦੇ ਕਾਰਨਾਮੇ ਛੋਟੀ ਪੱਧਰ 'ਤੇ ਘਰ ਵਿਚ ਸਰਅੰਜਾਮ ਦੇ ਰਿਹਾ ਸੀ। ਇਸ ਇਮਪਾਇਰ ਦਾ ਮੈਂਬਰ ਹੋਣ ਕਰਕੇ ਉਸ ਨੂੰ ਬਹੁਤ ਵੱਡਾ ਭੁਲੇਖਾ ਸੀ ਕਿ ਉਹ ਤਾਰੀਖ ਨੂੰ ਰੀਵਾਈਂਡ ਕਰ ਸਕਦਾ ਹੈ। ਇਸੇ ਲਈ ਉਹ ਘਰ ਦੀ ਗੱਡੀ ਨੂੰ ਮਹਾਂਦੇਵ ਬਣਾ

ਕਰਮ ਦੀਨ ਰੂਪੀ ਬਲਦ ਨੂੰ ਮੂਹਰੇ ਜੋੜੀ ਰੱਖਣਾ ਚਾਹੁੰਦਾ ਸੀ।.....ਅੱਜ ਟੈਲੀਫ਼ੂਨ ਨੂੰ ਜਿੰਦਰਾ ਵੀ ਮਾਰ ਦਿੱਤਾ ਸੀ।
ਹੂ! ਆਇਤੁੱਲਾ ਚੌਧਰੀ! ਖ਼ੁਮੈਨੀ ਦੀ ਔਲਾਦ।

ਪਰ ਐਤਕੀਂ ਇੰਜ ਆਖ ਜਿਵੇਂ ਉਹਦੇ ਕਾਲਜੇ ਵਿਚ ਠੰਢ ਨਹੀਂ ਪਈ। ਕੁਝ ਫਸਿਆ ਰਹਿ ਗਿਆ, ਜਿਵੇਂ ਬਲਦ ਦੇ ਵੱਜੀ ਆਰ ਅੰਦਰੇ ਟੁੱਟ ਗਈ ਹੋਵੇ। ਟੈਲੀਫ਼ੂਨ ਬੂਥ ਬਿਲਕੁਲ ਸਾਹਮਣੇ ਨਜ਼ਰ ਆ ਰਿਹਾ ਸੀ ਅਤੇ ਉਹ ਬਰਫ਼ ਵਿਚ ਫਸਦਾ-ਡਿਗਦਾ ਫੋਨ ਕਰਨ ਹੀ ਤਾਂ ਆਇਆ ਸੀ। ਪਰ ਪਤਾ ਨਹੀਂ ਕਰਮ ਦੀਨ ਨੂੰ ਅਚਾਨਕ ਕੀ ਹੋਇਆ ਕਿ ਉਹ ਦੋਚਿੱਤੀ ਵਿਚ ਪੈ ਗਿਆ। ਉਸ ਨੂੰ ਆਪਣਾ-ਆਪ ਕੱਖੋਂ ਹੌਲਾ ਜਾਪਿਆ, ਬਿਲਕੁਲ ਆਪਣੇ ਪਿੰਡ ਵਾਲੇ ਵਾੜੇ ਦੀ ਨੁੱਕਰ ਵਿੱਚ ਕਾਵਾਂ ਦੀਆਂ ਠੂੰਗਾਂ ਖਾਈ ਜਾਣ ਵਾਲੇ ਗਧੇ ਵਰਗਾ! ਕੀ ਜੂਨ ਹੈ ਇਹ? ਇਹੋ ਜਿਹੀ ਜੂਨ ਵਿਚ ਫਿਰ ਆਦਮੀ ਵਰਗਾ ਕੀ ਰਹਿ ਜਾਂਦਾ ਹੈ?.....ਉਸ ਨੇ ਸੋਚਿਆ ਤੇ ਟੈਲੀਫ਼ੂਨ ਬੂਥ ਵਲੋਂ ਪਿੱਠ ਭੁਆ, ਆਪਣੇ ਪੇਂਡੂ ਨੰਦ ਸਿੰਘ ਦੀ ਪੇਪਰ ਸ਼ਾਪ ਵਿਚ ਜਾ ਵੜਿਆ।

ਦੁਕਾਨ ਵਿੱਚ ਇੱਕੋ ਹੀ ਗਾਹਕ ਸੀ ਅਤੇ ਨੰਦ ਤੇ ਉਹਦੀ ਪਤਨੀ ਕਾਊਂਟਰ 'ਤੇ ਖਲੋਤੇ ਸਨ।

-ਆ ਉਏ ਬਾਈ ਸਿਆਂ! ਧੰਨ ਭਾਗ। ਜੀ ਆਇਆਂ ਨੂੰ। ਸਲਾਮਾਲੇਕਮ।....ਉਹਨੂੰ ਵੇਖਕਿਆਂ ਹੀ ਨੰਦ ਸਿੰਘ ਖਿੜ ਗਿਆ ਸੀ।

-ਸਾਸਰੀ ਕਾਲ।....ਆਖ ਕਰਮ ਦੀਨ ਨੇ ਹੱਥ ਮਿਲਾਇਆ।

-ਸਾਸਰੀ ਕਾਲ।....ਉਹਦੀ ਪਤਨੀ ਬੜੇ ਤਪਾਕ ਨਾਲ ਬੋਲੀ।

-ਸਾਸਰੀ ਕਾਲ ਭਾਈ।..ਕਰਮ ਦੀਨ ਨੇ ਹੱਥ ਜੋੜ ਆਖਿਆ।

ਜਿਹੜਾ ਗਾਹਕ ਸੀ ਉਹ ਵੀ ਅਖਬਾਰ ਲੈ ਕੇ ਚਲਦਾ ਬਣਿਆ। ਕਰਮ ਦੀਨ ਨੇ ਨੰਦ ਸਿੰਘ ਨੂੰ ਪੁਛਿਆ: -ਸੁਣਾ ਸ਼ਾਪ ਕਿਵੇਂ ਚਲਦੀ ਐ?

ਨੰਦ ਸਿੰਘ ਨੇ ਬੜੀ ਸੰਤੁਸ਼ਟਤਾ ਨਾਲ ਜਵਾਬ ਦਿੱਤਾ, "ਬੜੇ ਭਾਈ, ਸ਼ੋਪ ਤਾਂ ਅਜੇ ਬਹੁਤੀ ਵਧੀਆ ਨੀ ਚਲਦੀ। ਚੱਲ ਪਵੇਗੀ ਜਦੋਂ ਦੋਹਾਂ ਜੀਆਂ ਨੇ ਜਾਨ ਤੋੜ ਕੇ ਕੰਮ ਕੀਤਾ। ਪਰ ਸਾਡੇ ਵਾਸਤੇ ਤਾਂ ਇਹ ਵੀ ਕਾਰੂੰ ਕਾ ਖ਼ਜ਼ਾਨੈ। ਪੰਜ ਸਾਲ ਬੜੇ ਭਾਈ ਤੇ ਭਰਜਾਈ ਦੀ ਜਹਾਜ਼ ਜਿਡੀ ਪੇਪਰਸ਼ੋਪ ਤੇ ਔਫ-ਲਸੰਸ 'ਤੇ ਦੋਹਾਂ ਜੀਆਂ ਨੇ ਦਿਨ-ਰਾਤ ਹੱਡ ਤੜਾਏ। ਸੌਂਹ ਗੁਰੂ ਦੀ, ਰਾਤ ਨੂੰ ਦਸ ਵਜੇ ਜਦੋਂ ਦੁਕਾਨ ਬੰਦ ਕਰਦਾ ਸੀ ਤਾਂ ਲੱਤਾਂ ਆਏਂ ਭਾਰੀਆਂ ਹੋ ਜਾਂਦੀਆਂ ਸੀ ਜਿਵੇਂ ਲੋਹੇ ਦੀਆਂ ਬਣੀਆਂ ਹੋਣ। ਪੌੜੀਆਂ ਨੀ ਸੀ ਚੜ੍ਹਿਆ ਜਾਂਦਾ। ਸਾਰੇ ਪੈਸੇ ਭਾਈ ਲੈ ਜਾਂਦਾ ਸੀ ਤੇ ਸਭ ਕੁਛ ਉਹਦੇ ਨਉਂ ਸੀ। ਸਾਨੂੰ ਦੋਹਾਂ ਜੀਆਂ ਨੂੰ ਸੌ ਪੌਂਡ ਦਿੰਦਾ ਸੀ। ਏਨੇ ਤਾਂ ਵੀਕ ਦੇ ਅੱਜ ਕੱਲ੍ਹ ਤੀਮੀਆਂ ਲੈ ਆਉਂਦੀਆਂ ਨੇ। ਬੱਸ, ਐਵੇਂ ਭਾਈ ਕਰਕੇ ਮਾਰ ਖਾਈ ਗਿਆ। ਪਰ ਇੱਕ ਦਿਨ ਅੰਤ ਹੋ ਗਈ ਜਦੋਂ ਦੋਵੇਂ ਜੀਅ ਆਖਣ ਲੱਗੇ ਕਿ ਤੇਰੀ ਤੀਮੀ ਨੇ ਟਿੱਲ 'ਚੋਂ ਪੈਸੇ ਕੱਢੇ ਨੇ। ਮੈਂ ਉਸ ਨੂੰ ਬੜੇ ਪ੍ਰੇਮ ਨਾਲ ਆਖਿਆ ਕਿ ਬਾਈ ਦੇਖ, ਮੈਂ ਵੀਹਾਂ ਸਾਲਾਂ ਤੋਂ ਦੀਪੋ ਨਾਲ ਰਹਿ ਰਿਹਾਂ। ਏਹਨੂੰ ਰੱਬ ਦੀ ਬੰਦੀ ਨੂੰ ਤਾਂ ਚਾਹੇ ਸਿਉਨੇ 'ਚ ਖੜ੍ਹੀ ਕਰ ਦੇ। ਇਹ ਕੰਮ ਤਾਂ ਭਾਬੀ ਨੇ ਕੀਤਾ ਹੋਵੇਗਾ। ਨਾਲੇ ਤੈਨੂੰ ਚੰਗਾ ਭਲਾ ਪਤੈ ਬਈ ਭਾਬੀ ਨੇ ਪੇਕੇ ਆਈ ਬੀਬੀ ਦੀਆਂ ਟੂਮਾਂ ਦੇ ਪੱਤੇ ਲਾਹ ਲਏ ਸੀ।....ਲੈ ਭਾਈ, ਭਰਾ ਨੇ ਨਾ ਉਤਾ ਵੇਖਿਆ ਨਾ ਥੱਲਾ, ਮੇਰੇ ਚਪੇੜ ਕੱਢ ਮਾਰੀ ਤੇ ਨਾਲ ਗਾਲਾਂ ਦੀ ਝੜੀ ਲਾ ਦਿੱਤੀ। ਜਦੋ ਦੂਜੀ ਚਪੇੜ ਮਾਰਨ ਲੱਗਿਆ ਤਾਂ ਮੈਂ ਉਹਦਾ ਹੱਥ ਫੜ ਬਾਂਹ ਨੂੰ ਵਟਾ ਦਿੱਤਾ ਤੇ ਵੰਗਾਰਿਆ: 'ਛੜਾ ਲੈ ਬਾਂਹ ਜੇ ਸੱਤਿਆ ਹੈਗੀ ਤਾਂ। ਮੈਂ ਵੀ ਰਹੀੜੇ ਆਲੇ ਵਲੀਏ ਘੁਮਿਆਰ ਦਾ ਚੇਲਾਂ। ਇੱਕੋ ਝਟਕੇ ਨਾਲ ਨੌਂਹਦਰ ਲਾਹ ਕੇ ਰੋਡ 'ਤੇ ਮਾਰਾਂਗਾ।'...ਗੁੱਸਾ ਤਾਂ ਬੜਾ ਚੜ੍ਹਿਆ, ਪਰ ਸੋਚਿਆ ਕਿ ਚਲੋ ਫੇਰ ਵੀ ਇੱਕੋ ਮਾਂ ਦਾ ਦੁੱਧ ਪੀਤੈ। ਸਮਾਨ ਬੰਨ੍ਹਿਆ ਤੇ ਆਪਣੇ ਪੇਂਡੂ ਨੰਜੂ ਦੇ ਘਰ ਜਾ ਡੇਰੇ ਲਾਏ। ਦੋਹਾਂ ਜੀਆਂ ਨੇ ਸਾਨੂੰ ਹੱਥਾਂ 'ਤੇ ਚੱਕ ਲਿਆ। ਬੱਸ ਮਹੀਨਾ ਕਿਹੜਾ ਪੈਣ ਦਿੱਤਾ ਕਿ ਆਹ ਸ਼ੋਪ ਲੈ ਲਈ ਤੇ ਨਰਕ 'ਚੋਂ ਸੁਰਗ 'ਚ ਆ ਗਏ। ਸਾਂਝੇ ਟੱਬਰਾਂ ਜਿਡਾ ਨਰਕ ਤਾਂ ਜਹਾਨ ਦੇ ਤਖ਼ਤੇ 'ਤੇ ਕੋਈ ਹੋ ਹੀ ਨਹੀਂ ਸਕਦਾ।"

-ਪੈਸਿਆਂ ਦਾ ਇੰਤਜ਼ਾਮ ਕਿਥੋਂ ਕੀਤਾ?...ਕਰਮ ਦੀਨ ਦੇ ਐਵੇਂ ਹੀ ਮੂੰਹੋਂ ਨਿਕਲ ਗਿਆ।

-ਆਪੇ ਰਾਹ ਨਿਕਲ ਆਉਂਦੇ ਨੇ। ਬਾਪੂ ਤੇ ਬੇਬੇ ਦੀ ਬੁਕ 'ਤੇ ਦਸ ਹਜ਼ਾਰ ਪੌਂਡ ਪਿਆ ਸੀ। ਬਾਪੂ ਮਾੜੀ ਜਿਹੀ ਤਿੜ-ਫਿੜ ਕਰਦਾ ਸੀ, ਪਰ ਬੇਬੇ ਨੇ ਉਹਨੂੰ ਰਾਜ਼ੀ ਕਰ ਲਿਆ। ਦਸ ਹਜ਼ਾਰ ਉਹ ਤੇ ਪੰਜਾਹ ਤੋਲੇ ਸਿਉਨਾ ਸੀ ਬੇਬੇ ਕੋਲੇ। ਸਾਰਾ ਵੇਚ ਕੇ ਪੰਜ ਉਹ ਤੇ ਦਸ ਕਾਪੀ ਵਾਲਾ ਮੇਰੇ ਹੱਥਾਂ 'ਤੇ ਰਖ ਦਿਤਾ। ਤੈਨੂੰ ਪਤੈ, ਮਾਂ ਬਚਿੱਆਂ ਤੋਂ ਕੀ ਲਕੋ ਕੇ ਰਖਦੀ ਐ।

-ਇਹ ਤਾਂ ਠੀਕ ਐ। ਮਾਂ ਤਾਂ ਮਾਂ ਹੀ ਹੁੰਦੀ ਐ।

ਇੰਜ ਆਖ ਕਰਮ ਦੀਨ ਦੀਆਂ ਅੱਖਾਂ ਭਰ ਆਈਆਂ। ਸ਼ਾਇਦ ਮੋਈ ਮਾਂ ਯਾਦ ਆ ਗਈ ਹੋਵੇ। ਇਸ ਯਖ-ਠੰਢੀ ਬਰਫ ਵਿਚ ਕੋਸਾ-ਕੋਸਾ ਪਿਆਰ ਤੇ ਗਰਮ-ਗਰਮ ਪਰੌਠੇ ਲੈ ਕੇ ਆ ਗਈ ਹੋਵੇ। ਅੱਬਾ ਯਾਦ ਆਇਆ। ਹੁਣੇ ਤਾਂ ਨੰਦ ਨੇ ਆਖਿਆ ਸੀ: ਫੇਰ ਵੀ ਰਹੀੜੇ ਵਾਲੇ ਵਲੀਏ ਘੁਮਿਆਰ ਦਾ ਚੇਲਾਂ।....ਰਹੀੜੇ ਵਾਲਾ ਵਲੀਆ ਘੁਮਿਆਰ! ਮੇਰਾ ਅੱਬਾ! ਜੀਹਦੇ ਬਾਰੇ ਲੋਕ ਕਹਿੰਦੇ ਹੁੰਦੇ ਸਨ ਕਿ ਇਹ ਤਾਂ ਆਪਣੇ ਹੱਥਾਂ ਨਾਲ ਝੋਟੇ ਨੂੰ ਵੀ ਬੰਨ੍ਹ ਕੇ ਖਲ੍ਹਿਆਰ ਦੇਵੇ।.....ਪਰ ਮੈਂ ਕੀ ਹਾਂ? ਕੀ ਮੈਂ ਸੱਚਮੁੱਚ ਵਲੀਏ ਦਾ ਮੁੰਡਾ ਹਾਂ। ਲਗਦਾ ਤਾਂ ਹੈ ਨਹੀਂ। ਸਾਲਾ ਬਲਦ ਕਹਿੰਦਾ ਹੈ ਮੈਨੂੰ!

ਦੀਪੋ ਨੇ ਚਾਹ ਨੂੰ ਬਹੁਤ ਜ਼ੋਰ ਲਾਇਆ। ਪਰ ਕਰਮ ਦੀਨ ਬਿਨਾਂ ਪੀਤਿਆਂ ਵਾਪਸ ਪਰਤ ਪਿਆ। ਪਤਾ ਨਹੀਂ ਉਹ ਦੇ ਕੇਹੀ ਆਰ ਲੱਗੀ ਸੀ ਕਿ ਬਰਫ ਉਹਦੇ ਪੈਰਾਂ ਹੇਠ ਸ਼ਕਰ ਵਾਂਗ ਭੁਰਦੀ ਜਾ ਰਹੀ ਸੀ। ਉਹਦੀਆਂ ਅੱਖਾਂ ਵਿਚ ਬਿਜਲੀਆਂ ਲਿਸ਼ਕਣ ਲੱਗੀਆਂ ਸਨ ਅਤੇ ਚਿਮਨੀ ਵਿਚੋਂ ਧੂਆਂ ਹੋਰ ਗਾੜ੍ਹਾ ਨਿਕਲਣ ਲਗ ਪਿਆ ਸੀ। ਉਸ ਨੇ ਕੋਟ ਦੀ ਟੋਪੀ ਸਿਰ ਤੋ ਹੇਠਾਂ ਸਰਕਾ ਦਿੱਤੀ।

ਡਰਾਈਵ ਨੀਵੀਂ ਹੋਣ ਕਰਕੇ ਉਹਦਾ ਪੈਰ ਤਿਲ੍ਹਕ ਗਿਆ। ਪਰ ਫੈਨਸ ਨੂੰ ਹੱਥ ਪੈ ਜਾਣ ਕਰਕੇ ਉਹ ਡਿਗਣੋ ਬਚ ਗਿਆ। ਆਇਤਉਲਾ ਚੌਧਰੀ ਵੀ ਘਰ ਪੁੱਜਿਆ ਹੋਇਆ ਸੀ। ਹਾਲੀਂ ਉਸ ਨੇ ਅੰਦਰ ਪੈਰ ਰੱਖਿਆ ਹੀ ਸੀ ਕਿ ਚੌਧਰੀ ਆਫਰੀ ਅਵਾਜ਼ ਵਿਚ ਫੁੰਕਾਰਿਆ, "ਆਜ ਫਿਰ ਤੁਮ ਮੇਰੀ ਬੀਵੀ ਸੇ ਜ਼ੁਗੜਾ ਕਰਕੇ ਗਏ ਹੋ। ਆਖਿਰ ਚਾਹਤੇ ਕਿਆ ਹੋ? ਔਰਤੋਂ ਸੇ ਨਹੀਂ ਹਮ ਸੇ ਬਾਤ ਕਰੋ। ਹਮ ਭੀ ਦੇਖੇਂ ਕਿਤਨਾ ਦਮ ਹੈ ਆਪ ਮੇਂ।"

-ਹਾਂ, ਅੱਜ ਤੇਰੇ ਨਾਲ ਹੀ ਗੱਲ ਹੋਵੇਗੀ। ਪਹਿਲੀ ਗੱਲ ਟੱਬਰ ਸਣੇ ਮੇਰੇ ਘਰੋਂ ਫੌਰਨ ਦਫਾ ਹੋ ਜਾ, ਨਹੀਂ ਤਾਂ ਬੋਰੀਆ ਬਿਸਤਰਾ ਚੱਕ ਕੇ ਬਾਹਰ ਸੜਕ 'ਤੇ ਮਾਰਾਂਗਾ। ਦੂਜੀ ਗੱਲ, ਵੱਡੇ ਬੈਡੱਰੂਮ ਨੂੰ ਅੱਧੇ ਘੰਟੇ ਦੇ ਅੰਦਰ-ਅੰਦਰ ਖ਼ਾਲੀ ਕਰ ਦੇਵੋ। ਉਥੇ ਮੈਂ ਤੇ ਨੂਰੀ ਸੌਵਾਂਗੇ ਤੇ ਤੁਸੀਂ ਸੌਵੋਂਗੇ ਉਸ ਕਮਰੇ ਵਿਚ ਜਿਥੇ ਠੰਢ ਕਰਕੇ ਮੇਰਾ ਲਹੂ ਜੰਮ ਗਿਆ ਸੀ। ਤੀਜੀ ਗੱਲ, ਟੈਲੀਫ਼ੂਨ ਦੀ ਚਾਬੀ ਫੜਾ ਮੈਨੂੰ। ਅਸੀਂ ਤਾਂ ਕਦੇ ਪੈਸਿਆਂ ਨੂੰ ਵੀ ਜਿੰਦਰਾ ਨਹੀਂ ਮਾਰਿਆ। ਤੈਨੂੰ ਜੁਰੱਤ ਕਿਵੇਂ ਪਈ ਜਿੰਦਰਾ ਮਾਰਨ ਦੀ।

ਚਾਬੀ ਲਈ ਕਰਮ ਦੀਨ ਦਾ ਹੱਥ ਇੰਜ ਅੱਗੇ ਵਧਿਆ ਹੋਇਆ ਸੀ ਜਿਵੇਂ ਰਉ੍ਹ ਦਾ ਫਾਲਾ ਹੁਣੇ-ਹੁਣੇ ਡੰਗਿਆ ਹੋਵੇ। ਚੌਧਰੀ ਦਾ ਚਿਹਰਾ ਪੂਣੀ ਵਰਗਾ ਹੁੰਦਾ ਜਾ ਰਿਹਾ ਸੀ। ਪਰ ਮੈਂਬਰ ਆਫ਼ ਬ੍ਰਿਟਿਸ਼ ਐਮਪਾਇਰ ਹੋਣ ਕਰਕੇ ਉਹ ਕਿਸੇ ਵੀ ਕੀਮਤ 'ਤੇ ਤਾਜ ਨਹੀਂ ਸੀ

ਡਿਗਣ ਦੇਣਾ ਚਾਹੁੰਦਾ। ਬੋਲਿਆ, ਭਾਬੀ ਤੋ ਹਮ ਨਹੀਂ ਦੇਂਗੇ। ਜ਼ਿਆਦਾ ਫਾ ਫੇਲਾ ਕਰੋਗੇ ਤੋ....ਪੋਲੀਸ ਕੋ ਬੁਲਾਏਂਗੇ।"

-ਫਾ ਫੇਲਾ ਤਾਂ ਹੁਣ ਹੋਵੇਗਾ। ਪੁਲੀਸ ਨੂੰ ਨਹੀਂ ਮਲਕਾ ਨੂੰ ਬੁਲਾ। ਇਹ ਹਿੰਦੋਸਤਾਨ ਨੀ ਕਿ ਤੇਰੇ ਵਰਗੇ ਚਮਚਿਆਂ ਦੇ ਆਖੇ ਲਗ ਪੁਲੀਸ ਦੀਆਂ ਧਾੜਾਂ ਆ ਵੜਨਗੀਆਂ।

ਇੰਜ ਆਖ ਕਰਮ ਦੀਨ ਨੇ ਆਪਣਾ ਬੂਟ ਲਾਹਿਆ। ਜਿੰਦਰੀ 'ਤੇ ਮਾਰਿਆ ਤੇ ਜਿੰਦਰੀ ਆਇਤਉਲੇ ਤੇ ਸ਼ਕੀਲਾ ਬੇਗਮ ਦੀ ਫੋਟੋ ਦੇ ਸ਼ੀਸ਼ੇ ਨੂੰ ਤਿੜਕਾ ਹੇਠਾਂ ਜਾ ਡਿਗੀ।

-ਬੈਡੱਰੂਮ ਖਾਲੀ ਕਰੋ ਛੇਤੀ। ਮੈਂ ਕਰਾਂ ਨਹੀਂ ਤਾਂ?

ਕਰਮ ਦੀਨ ਨੇ ਕਦਮ ਪੁੱਟਿਆ ਹੀ ਸੀ ਕਿ ਸ਼ਕੀਲਾ ਬੇਗਮ ਅੱਗੇ ਹੋਈ ਤੇ ਕਹਿਣ ਲੱਗੀ, "ਜੀਜਾ ਜਾਨ। ਗਰਮ ਕਿਉਂ ਹੋਤੇ ਹੋ। ਕਰ ਦੇਤੇ ਹੈਂ।"

ਫਿਰ ਨੂਰੀ ਬੇਗਮ ਵਲ ਹੋਇਆ, "ਤੂੰ ਵੀ ਸੁਣ ਲੈ। ਅੱਜ ਤੋਂ ਇਹਨਾਂ ਦੀ ਚਾਕਰੀ ਕੀਤੀ ਤਾਂ ਤੈਨੂੰ ਵੀ ਨਾਲ ਹੀ ਤੋਰ ਦਿਆਂਗਾ। ਹਾਂ ਸੱਚ, ਆਖਣੇ ਸਾਗ ਤੇ ਮੱਕੀ ਦੀ ਰੋਟੀ ਬਣਾਈਂ। ਸਾਲਿਆਂ ਨੇ ਧਰਮ ਹੀ ਭ੍ਰਿਸ਼ਟ ਕਰ ਦਿੱਤਾ ਸਾਡਾ ਤਾਂ।"

ਨੂਰੀ ਬੇਗਮ ਦਾ ਦਿਲ ਬੜੀ ਤੇਜ਼ੀ ਨਾਲ ਧੜਕ ਰਿਹਾ ਸੀ। ਉਸ ਨੂੰ ਪਤਾ ਸੀ ਕਿ ਉਹਦਾ ਆਦਮੀ ਅੱਜ ਆਪਣੀ ਆਈ 'ਤੇ ਆਇਆ ਹੋਇਆ ਸੀ। ਜ਼ਰਾ ਅੱਗੇ ਵਧ ਬੋਲੀ, "ਤੁਸੀਂ ਗਰਮੀ ਨਾ ਖਾਉ। ਇਹ ਹਫਤੇ ਦਸ ਦਿਨ ਵਿਚ ਚਲੇ ਜਾਣਗੇ। ਫੇਰ ਵੀ ਆਪਣੇ ਰਿਸ਼ਤੇਦਾਰ ਨੇ.....।"

-ਰਿਸ਼ਤੇਦਾਰ? ਹੂੰ। ਅਜੇ ਵੀ ਮੇਰਾ ਹੀ ਕਸੂਰ ਕੱਢਦੀ ਐਂ। ਏਹਨਾਂ ਦੀ ਫੋਕੀ ਚਕਾਚੂੰਦ ਨੇ ਤੈਨੂੰ ਭਰਮਾ ਲਿਆ ਨਾ? ਵਗ ਜਾ ਇਹਨਾਂ ਦੇ ਨਾਲ ਹੀ ਬੇਸ਼ਕ।

-ਤੁਹਾਡੇ ਗਲ ਮੈਂ ਕਿਸੇ ਹੋਰ ਨਾਲ ਜਾਣ ਨੂੰ ਤਾਂ ਨਹੀਂ ਸੀ ਲੱਗੀ। ਮੈਂ ਸਭ ਕੁਝ ਜਾਣਦੀ ਆਂ।...ਚਾਹ ਬਣਾਵਾਂ? ਬਾਹਰ ਠੰਢ ਬੜੀ ਐ।

ਬਿਨਾ ਜਵਾਬ ਉਡੀਕਿਆਂ ਨੂਰੀ ਬੇਗਮ ਚਾਹ ਬਣਾਉਣ ਚਲੀ ਗਈ।

ਕਰਮ ਦੀਨ ਨੇ ਪੈਸਿਜ ਵਿਚ ਖਲੋ ਕੇ ਮੁੜ ਲਲਕਾਰਾ ਮਾਰਿਆ, "ਬ੍ਰਿਟਿਸ਼ ਐਮਪਾਇਰ ਦੇ ਚਮਚੇ। ਬੈਡੱਰੂਮ ਖਾਲੀ ਕਰ ਰਹੇ ਕਿ ਨਹੀਂ? ਮੈਂ ਆਵਾਂ ਨਹੀਂ ਤਾਂ।"

ਚੌਧਰੀ ਤਾਂ ਉਕਾ ਹੀ ਡੱਗ ਵਾਂਗ ਬਹਿ ਗਿਆ ਸੀ। ਕੁਝ ਬੋਲ ਹੀ ਨਹੀਂ ਸੀ ਰਿਹਾ। ਸ਼ਾਇਦ ਗਾਲਾਂ ਖਾ ਕੇ ਵੀ ਚੁੱਪ ਰਹਿਣਾ ਉਸ ਨੇ ਅੰਗ੍ਰੇਜ਼ਾਂ ਦੀ ਉਪਰਲੀ ਜਮਾਤ ਤੋ ਸਿੱਖਿਆ ਹੋਇਆ ਸੀ। ਸ਼ਕੀਲਾ ਬੇਗਮ ਫਿਰ ਸਾਹਮਣੇ ਆਈ, "ਕਰ ਰਹੇ ਹੈਂ, ਜੀਜਾ ਜਾਨ। ਕਰ ਰਹੇ ਹੈਂ।"

ਉਪਰ ਸਾਮਾਨ ਇਕੱਠਾ ਕਰਨ ਦਾ ਖੜਾਕ ਹੋ ਰਿਹਾ ਸੀ। ਚੌਧਰੀ ਆਪਣਾ ਸਾਰਾ ਗੁੱਸਾ ਆਪਣੀ ਬੀਵੀ 'ਤੇ ਕੱਢ ਰਿਹਾ ਸੀ। ਸ਼ਕੀਲਾ ਸੀ ਕਿ ਉਸ ਨੂੰ ਵਾਰ-ਵਾਰ ਇਹੀ ਕਹੀ ਜਾ ਰਹੀ ਸੀ, ਤੇ ਕਹਿ ਵੀ ਪੰਜਾਬੀ ਵਿਚ ਹੀ ਰਹੀ ਸੀ "ਤੁਹਾਨੂੰ ਕਿੰਨੀ ਵਾਰ ਸਮਝਾਉਣ ਦੀ ਕੋਸ਼ਸ਼ ਕੀਤੀ ਸੀ ਕਿ ਤੁਸੀਂ ਇਹਨਾਂ ਪੰਜਾਬੀ ਬਲਦਾਂ ਨੂੰ ਨਾ ਛੇੜਨਾ। ਤੁਸੀਂ ਇਹਨਾਂ ਨੂੰ ਨਹੀਂ ਜਾਣਦੇ।"


ਰਿਮ ਝਿਮ ਰੇਡੀਉ ਪ੍ਰੋਗਰਾਮ

ਫੋਨ:(604)299-1727

ਜਾਂ 299-TUNE(8863)



ਕਰਤਾਰ ਫੋਟੋਸਟੂਡੀਉ

1 HOUR PHOTO SERVICE
KARTAR PHOTO STUDIO





We do passport photo, 5 minutes service, portrait photos & weddings.

4279 Fraser St.
(27th Ave)
Vancouver, B.C.
872-6060



BOOK NOW

FLY LATER SAVE MONEY

*Special Fares To:*
San Francisco Toronto London

Cheapest Fares To New Delhi, Bombay, Madras, Clacutta, Karachi, Colombo & Kathmandu

AUTHORIZED AGENTS FOR:

CATHAY PACIFIC AIR CANADA
JAPAN AIR LINES
Canadian Wardair Canada KLM

GOYAL TRAVELS INC

4152 Fraser St., Vancouver
B.C., V5V 4E8

Toll free from B.C., Alberta, Saskatchewan & Manitoba: 1-800-663-8638
Ph. Vancouver: 877-7777
Calgary-(403) 235-6808 Toronot: (416) 593-6966

# ਰੂਹਾਂ ਦੀ ਜਾਤ

## ਸ਼ਸ਼ੀ ਸਮੁੰਦਰਾ

ਸਾਊਦੀ ਅਰਬ ਦਾ ਸ਼ੇਖ਼ ਮੁਹੰਮਦ ਅਬਦੁੱਲ ਅਲ-ਫ਼ਾਸੀ ਜਦ 17 ਵਰ੍ਹਿਆਂ ਦੀ ਸ਼ੇਖ਼ਾ ਦੀਨਾ ਨੂੰ ਵਿਆਹ ਕੇ ਕੈਲਾਫੋਰਨੀਆਂ ਲੈ ਆਇਆ ਸੀ ਤਾਂ ਉਹਨੂੰ ਪੰਛੀ ਰੂਹ ਵਾਲੀ ਸ਼ੇਖ਼ਾ ਦੀਨਾ ਬਾਰੇ ਸ਼ਾਇਦ ਕੁੱਝ ਵੀ ਨਹੀਂ ਪਤਾ ਸੀ। ਉਹਨੇ ਲਾਸ ਏਂਜਲਸ ਸ਼ਹਿਰ ਦੇ ਪਲੱਸ਼ ਹਿੱਸੇ ਬੈਵਰਲੀ ਹਿਲਜ਼ ਵਿਚ ਸ਼ੇਖ਼ਾ ਦੀਨਾ ਲਈ ਇਕ ਵੱਡਾ ਬੰਗਲਾ ਖਰੀਦਿਆ। ਇਸ ਵਿਚ ਸੋਨੇ ਦੀਆਂ ਤਾਰਾਂ ਵਾਲੇ ਗਲੀਚੇ ਵਿਛਾਏ ਗਏ। ਏਸ ਤੋਂ ਇਲਾਵਾ ਉਸ ਸ਼ੇਖ਼ਾ ਦੀਨਾ ਨੂੰ ਕਰੋੜਾਂ ਦੇ ਹੀਰੇ ਜਵਾਹਰਾਤ, ਕੀਮਤੀ ਖੱਲਾਂ ਦੇ ਕੋਟ, ਲਗਜ਼ਰੀ ਕਾਰਾਂ, ਤੇ ਹਵਾਈ ਜੈੱਟ ਭੇਂਟ ਕੀਤੇ। ਸ਼ੇਖ਼ ਸੋਚਦਾ: ਔਰਤ ਨੂੰ ਹੋਰ ਕੀ ਚਾਹੀਂਦੈ।

ਵਿਆਹ ਦੇ ਛੇ ਸਾਲਾਂ ਵਿਚ ਸ਼ੇਖ਼ਾ ਦੀਨਾ ਨੇ ਚਾਰ ਬੱਚਿਆਂ ਨੂੰ ਜਨਮ ਦਿੱਤਾ। ਇਸ ਸਮੇਂ ਵਿਚ ਲਗਾਤਾਰ ਕੰਧਾਂ ਪਿੱਛੇ ਰਹਿ ਰਹਿ ਉਹਦਾ ਸਾਹ ਘੁੱਟਣ ਲੱਗਾ। ਉਹ ਘਰੋਂ ਬਾਹਰ ਨਿਕਲਣ ਲਈ ਤੜਫ਼ ਉੱਠੀ। ਜਦ ਵੀ ਬਾਰੀਆਂ ਦੇ ਪਰਦਿਆਂ ਪਿੱਛਿਉਂ ਸੜਕਾਂ 'ਤੇ ਤੁਰਦੇ ਫਿਰਦੇ ਲੋਕਾਂ ਨੂੰ ਉਹ ਚੋਰੀਂ ਚੋਰੀਂ ਵੇਖਦੀ, ਤਾਂ ਉਹਦੀ ਰੂਹ ਜਿਸਮ 'ਚੋਂ ਨਿਕਲ ਜਿਵੇਂ ਸੜਕਾਂ ਤੇ ਤੁਰਨ ਲੱਗ ਪੈਂਦੀ। ਉਹਦੇ ਅੰਦਰੋਂ ਹੌਕਾ ਉੱਠਦਾ - ਕਾਸ਼ ਕਿ ਮੈਂ ਵੀ ਉਸ ਸੜਕ 'ਤੇ ਤੁਰ ਸਕਾਂ। ਪਰ ਅਰਬਾਂ-ਪਤੀ ਸ਼ੇਖ਼ ਮੁਹੰਮਦ ਅਬਦੁੱਲ ਅਲ-ਫ਼ਾਸੀ ਦੀ ਬੀਵੀ ਦੇ ਪੈਰਾਂ ਨੂੰ ਸੜਕਾਂ 'ਤੇ ਪੈਰ ਰੱਖਣ ਦੀ ਇਜਾਜ਼ਤ ਨਹੀਂ ਸੀ।

ਬੰਗਲੇ ਵਿਚ ਤੁਰਦੀ ਫਿਰਦੀ ਸ਼ੇਖ਼ਾ ਦੀਨਾ ਦੇ ਪੈਰਾਂ ਨੂੰ ਸੋਨੇ ਦੀਆਂ ਤਾਰਾਂ ਵਾਲੇ ਗਲੀਚੇ ਚੁੱਭਣ ਲੱਗੇ। ਅਕਸਰ ਇਕੱਲੀ ਬੈਠੀ ਉਹ ਕੰਧਾਂ ਨੂੰ ਘੂਰਦੀ, ਬਿਨ ਕਸੂਰੋਂ ਕੈਦ ਆਪਣੀ ਜ਼ਿੰਦਗੀ ਬਾਰੇ ਸੋਚਦੀ ਤੇ ਰੋਂਦੀ। ਉਹਦੀ ਤੜਫ਼ਦੀ ਰੂਹ ਵਾਰ ਵਾਰ ਉਹਨੂੰ ਪੁੱਛਦੀ: ਜੇ ਤੇਰਾ ਪਤੀ ਬਾਹਰ ਜਾਕੇ ਆਪਣੀ ਮਨ ਮਰਜੀ ਨਾਲ ਹੋਰ ਔਰਤਾਂ ਨਾਲ ਰੰਗ-ਰਲੀਆਂ ਮਨਾ ਸਕਦਾ ਹੈ ਤਾਂ ਕੀ ਤੈਨੂੰ ਏਨਾ ਹੱਕ ਵੀ ਨਹੀਂ ਮਿਲਣਾ ਚਾਹੀਦਾ ਕਿ ਤੂੰ ਆਪਣੀ ਮਰਜੀ ਨਾਲ ਬਾਹਰ ਅੰਦਰ ਜਾ ਸਕੇਂ?

ਸ਼ੇਖ਼ਾ ਦੀਨਾ ਕੋਲੋਂ ਅਮੀਰੀ ਦੀ ਇਹ ਕੈਦ ਹੋਰ ਬਰਦਾਸ਼ਤ ਨਾ ਹੋ ਸਕੀ। ਹੁਣ ਉਹ ਪਤੀ ਨੂੰ ਪੁੱਛੇ ਬਗੈਰ ਹੀ ਕਦੇ ਕਦਾਈਂ ਬਾਹਰ ਚਲੀ ਜਾਂਦੀ। ਪਰ ਸ਼ੇਖ਼ ਇਹ ਬਰਦਾਸ਼ਤ ਨਹੀਂ ਸੀ ਕਰ ਸਕਦਾ। ਮੀਆਂ ਤੇ ਬੀਵੀ ਵਿਚ ਲੜਾਈ ਹੋਣ ਲੱਗੀ। ਸ਼ੇਖ਼ ਉਹਨੂੰ ਕਹਿੰਦਾ, "ਤੇਰੇ ਲਈ ਇੰਜ ਬਾਹਰ ਜਾਣਾ ਮਨ੍ਹਾ ਹੈ"।

"ਕਿਉਂ?" ਸ਼ੇਖ਼ਾ ਅੱਗੋਂ ਪੁੱਛਦੀ। "ਕਿਉਂਕਿ ਤੂੰ ਮੇਰੀ ਬੀਵੀ ਹੈਂ - ਇਕ ਅਰਬਾਂ-ਪਤੀ ਸ਼ੇਖ਼ ਦੀ ਬੀਵੀ।"

"ਪਰ ਮੈਂ ਇਕ ਇਨਸਾਨ ਵੀ ਤਾਂ ਹਾਂ।"

"ਤੂੰ ਕੋਈ ਸਾਧਾਰਨ ਔਰਤ ਨਹੀਂ। ਤੈਨੂੰ ਜੋ ਵੀ ਚਾਹੀਦਾ, ਬੰਗਲੇ ਵਿਚ ਹਾਜ਼ਰ ਹੋਏਗਾ।"

"ਮੈਂ ਏਸ ਰੂਹ ਨੂੰ ਇਹ ਸੱਚ ਕਿਵੇਂ ਸਮਝਾਵਾਂ?"

ਰੂਹਾਂ ਦੀ ਸਾਰ ਵਿਚਾਰਾ ਅਰਬਾਂ-ਪਤੀ ਸ਼ੇਖ਼ ਕੀ ਜਾਣੇ। ਨਾਂ ਉਹ ਮੰਨਿਆ ਉਹਨੂੰ ਥੋੜੀ ਜਿਹੀ ਆਜ਼ਾਦੀ ਦੇਣ ਨੂੰ ਤੇ ਨਾ ਹੁਣ ਸ਼ੇਖ਼ਾ ਦੀਨਾ ਨੂੰ ਬਾਕੀ ਦੀ ਜ਼ਿੰਦਗੀ ਕੈਦੀ ਬਣਕੇ ਜੀਊਣਾ ਮਨਜ਼ੂਰ ਸੀ।

ਜਿਹੜੇ ਚੰਨ ਤੇ ਤਾਰੇ ਸ਼ੇਖ਼ ਨੇ ਖਰੀਦ ਕੇ ਸ਼ੇਖ਼ਾ ਦੇ ਦਿਲਪਰਚਾਵੇ ਲਈ ਦਿੱਤੇ ਸਨ, ਸ਼ੇਖ਼ਾ ਨੇ ਉਹ ਪੈਰ ਦੀ ਠੋਕਰ ਮਾਰ ਚੂਰਾ ਚੂਰ ਕਰ ਦਿੱਤੇ। 1983 ਵਿਚ ਉਹ ਸ਼ੇਖ਼ ਨੂੰ ਤਲਾਕ ਦੇ ਕੇ ਹਮੇਸ਼ਾਂ ਲਈ ਉਹਦੀ ਕੈਦ 'ਚੋਂ ਆਜ਼ਾਦ ਹੋ ਗਈ।

ਕੈਲਾਫੋਰਨੀਆਂ ਦੀ ਸੁਪਰੀਮ ਕੋਰਟ ਨੇ ਸ਼ੇਖ਼ ਮੁਹੰਮਦ ਅਬਦੁਲ ਅਲ-ਫ਼ਾਸੀ ਨੂੰ ਆਰਡਰ ਦਿੱਤਾ ਕਿ ਉਹ ਆਪਣੀ ਜਾਇਦਾਦ ਦਾ ਅੱਧਾ ਹਿੱਸਾ ਸ਼ੇਖ਼ਾ ਦੀਨਾ ਨੂੰ ਦੇਵੇ। ਪਰ ਸ਼ੇਖ਼ਾ ਦਾ ਕਹਿਣਾ ਸੀ: "ਇਹ ਧੰਨ ਮੇਰੇ ਲਈ ਕੋਈ ਮੈਹਨਾ ਨਹੀਂ ਰਖਦਾ। ਮੇਰੇ ਕੋਲ ਮੇਰੇ ਬੱਚੇ ਹੋਣ, ਤੇ ਮੇਰੀ ਆਜ਼ਾਦੀ ਹੋਵੇ; ਮੈਂ ਖ਼ੁਸ਼ ਹਾਂ।"

*****

# ਸਮੇਂ ਦਾ ਸੱਚ

## ਮਹਿੰਦਰ ਸੂਮਲ

"ਉਏ ਮੁੰਡਿਉ ਆਪਣਾ ਕੀਮਤੀ ਵਕਤ ਜ਼ਾਇਆ ਨਾ ਕਰੋ, ਕੁੱਝ ਪੜ੍ਹ ਲਵੋ, ਮੇਹਨਤ ਕਰੋ, ਨਹੀਂ ਤਾਂ ਇਹ ਜ਼ਿੰਦਗੀ ਦਾ ਜੋ ਵੀ ਘੱਟਾ ਸਭ ਤੁਹਾਡੇ ਉਪਰ ਡਿਗੇਗਾ" ਪ੍ਰੋਫੈਸਰ ਦਲੀਪ ਜਦ ਵੀ ਬੋਲਦਾ ਇੰਝ ਹੀ ਆਪਣੇ ਵਿਦਿਆਰਥੀਆਂ ਨੂੰ ਮੱਤਾਂ ਦਿੰਦਾ। ਬਾਗੀ ਨੂੰ ਖਾਸ ਕਰ ਜੋ ਉਸਦੇ ਗੁਆਂਢੀ ਪਿੰਡ ਦੇ ਕ੍ਰਿਸਾਨ ਦਾ ਪੁੱਤਰ ਸੀ।

"ਬਾਗੀ ਤੂੰ ਆਪਣਾ ਸਮਾਂ ਆਵਾਰਾਗਰਦੀ ਤੇ ਨਸ਼ਟ ਨਾ ਕਰ, ਤੂੰ ਕਦੇ ਸੋਚਿਆ ਸਮਾਂ ਤਾਂ ਬਿਨਾਂ ਕੰਢਿਆਂ ਤੋਂ ਦਰਿਆ ਦੀ ਤਰ੍ਹਾਂ ਹੁੰਦਾ, ਤੇ ਇਹੋ ਹੀ ਸਮੇਂ ਦਾ ਸੱਚ ਹੈ।" ਬਾਗੀ ਅੱਗੋਂ ਹੱਸਦਾ ਤੇ ਆਖਦਾ, "ਪ੍ਰੋਫੈਸਰ ਸਾਹਿਬ, ਮੈਂ ਤਾਂ ਪੌੜੀਆਂ ਦੀ ਤਲਾਸ਼ ਵਿੱਚ ਹਾਂ ਜੋ ਮੈਨੂੰ ਸਿਖਰ ਤੇ ਲਿਜਾ ਸਕਦੀਆਂ ਹਨ, ਤੇ ਸਾਡੀ ਖੋਟੇ ਸਿੱਕਿਆਂ ਦੀ ਕਦੇ ਸੁਣੀ ਹੀ ਜਾਣੀ ਹੈ। "ਉਏ ਜਾਣਦੇ ਇਹ ਖੁਸ਼ੀ ਪੈਸੇ ਨਾਲ ਨਹੀਂ ਸਗੋਂ ਤੁਹਾਡੇ ਅੰਦਰ ਲੋਅ ਹੋਣ ਨਾਲ ਮਿਲਦੀ ਹੈ।

ਬਾਗੀ ਦੀ ਸ਼ਾਦੀ ਕੇਨੇਡਾ ਵਿਚ ਹੋ ਗਈ ਸੀ। ਉਹ ਹੁਣ ਚਾਰ ਸਾਲ ਤੋਂ ਇਕ ਫੈਕਟਰੀ ਵਿੱਚ ਮਸ਼ੀਨ ਉਪਰੇਟਰ ਦਾ ਕੰਮ ਕਰ ਰਿਹਾ ਸੀ। ਅੱਜ ਸ਼ੁਕਰਵਾਰ ਦਾ ਦਿਨ ਸੀ। ਮਸ਼ੀਨਾਂ ਸਾਫ਼ ਕਰਨ ਵਾਲਾ ਬੰਦਾ ਛੁੱਟੀ ਤੇ ਸੀ। ਬਾਗੀ ਨੇ ਫੋਰਮੈਨ ਨੂੰ ਕਿਹਾ ਕਿ ਉਹ ਕੋਈ ਬੰਦਾ ਮਸ਼ੀਨ ਸਾਫ਼ ਕਰਨ ਲਈ ਭੇਜੇ। ਫੋਰਮੈਨ ਨੇ ਨਵੇਂ ਰੱਖੇ ਬੰਦਿਆਂ ਵਿਚੋਂ ਇਕ ਬੰਦਾ ਮਸ਼ੀਨ ਸਾਫ ਕਰਨ ਲਈ ਭੇਜਿਆ। ਉਹ ਬੰਦਾ ਮਸ਼ੀਨ ਸਾਫ ਕਰ ਰਿਹਾ ਸੀ ਤੇ ਬਾਗੀ ਉਸਦੇ ਚਿਹਰੇ ਦੀ ਪਛਾਣ ਕਰ ਰਿਹਾ ਸੀ, "ਨਹੀਂ, ਨਹੀਂ, ਇਹ ਪ੍ਰੋਫੈਸਰ ਦਲੀਪ ਨਹੀਂ ਹੋ ਸਕਦਾ।"

*****

# ਵਧਦੇ ਕਦਮ

## -ਹਰਪ੍ਰੀਤ 'ਸੇਖਾ'

ਮੀਂਹ ਪੈ ਰਿਹਾ ਸੀ। ਪਈ ਜਾਵੇ, ਲੋਕਾਂ ਨੂੰ ਇਹਦੀ ਕੀ ਪ੍ਰਵਾਹ ਸੀ। ਪ੍ਰਵਾਹ ਹੋਵੇ ਵੀ ਕਿਉਂ? ਜੇ ਉਹ ਇਸ ਤਰ੍ਹਾਂ ਮੀਂਹ ਦੀ ਪ੍ਰਵਾਹ ਕਰਨ ਲੱਗ ਜਾਣ ਤਾਂ ਆਥਣ ਨੂੰ ਖਾਣਗੇ ਕੀ? ਮੀਂਹ ਦਾ ਤਾਂ ਰੋਜ਼ ਦਾ ਹੀ ਕੰਮ ਐ। ਮੀਂਹ ਨਾਲ ਧਰਤੀ ਗਿੱਲੀ ਹੋ ਗਈ ਸੀ। ਪੱਤਿਆਂ ਤੇ ਪਾਣੀ ਖੜ ਗਿਆ ਸੀ, ਪਰ ਇਸ ਸਾਰੇ ਕੁਝ ਦੀ ਪ੍ਰਵਾਹ ਕੀਤੇ ਬਿਨ੍ਹਾਂ ਲੋਕੀਂ 'ਸਟਰਾਅਬੇਰੀ' ਤੋੜ ਰਹੇ ਸੀ। ਇੰਝ ਲਗਦਾ ਸੀ ਜਿਵੇਂ ਕੋਠਾ ਲਿੱਪਣ ਲਈ ਮਿੱਟੀ ਗੁੰਨ ਰਹੇ ਹੋਣ। 'ਸਟਰਾਅਬੇਰੀ' ਬੈਠ ਕੇ ਹੀ ਤਾਂ ਤੋੜਨੀ ਪੈਂਦੀ ਹੈ। ਗਿੱਠ-ਗਿੱਠ ਉੱਚੇ ਤਾਂ ਸਾਰੇ ਬੂਟੇ ਹੁੰਦੇ ਹਨ ਤਕਰੀਬਨ ਫੁੱਟ-ਫੁੱਟ ਦੀ ਵਿੱਥ ਤੇ। ਬੈਠ ਕੇ ਆਪਣੇ ਦੋਹਾਂ ਪਾਸਿਆਂ ਤੋਂ ਬੇਰੀ ਤੋੜਦੇ ਜਾਓ ਅਤੇ ਅਗਾਂਹ ਪਸਰਦੇ ਜਾਓ। ਪੈਰਾਂ ਭਾਰ ਵੀ ਤਾਂ ਸਾਰਾ ਦਿਨ ਨਹੀਂ ਨਾ ਬੈਠਾ ਜਾਂਦਾ। ਤੇ ਜੇ ਆਪਣੇ ਕੋਲੇ ਕੋਈ ਚੀਜ ਜਿਵੇਂ ਇੱਟ, ਡੱਬਾ ਜਾਂ ਪੀੜ੍ਹੀ ਰੱਖੋ ਤਾਂ ਫਿਰ ਅਗਾਂਹ ਕਿਵੇਂ ਵਧਿਆ ਜਾਊ। ਫੇਰ ਤਾਂ ਅਗਲਾ ਥੱਲ ਪੀੜ੍ਹੀ ਹੀ ਸੰਭਾਲਦਾ ਰਹੇ। ਫਾਰਮ 'ਚ ਪੀੜ੍ਹੀਆਂ ਥੋੜ੍ਹੋ ਸੰਭਾਲਣ ਜਾਈਦੈ, ਇਥੇ ਤਾਂ ਬੇਰੀ ਤੋੜਨ ਜਾਈਦੈ। ਜਿੰਨੀ ਜਿਆਦੇ ਬੇਰੀ ਤੋੜੀ ਜਾਊ, ਉਨ੍ਹੇ ਹੀ ਜਿਆਦੇ ਪੈਸੇ।

'ਪੈਸੇ ਸਵਾਹ ਮਿਲਦੇ ਆ ਸਾਰਾ ਦਿਨ ਐਥੇ, ਪਸ਼ੂਆਂ ਵਾਂਗੂ ਮਰੋ। ਲੈ ਤੜਕਿਓਂ ਛੇ ਵਜੇ ਦੇ ਘਰੋਂ ਨਿਕਲੇ ਆਂ ਅਤੇ ਆਥਣ ਦੇ ਸੱਤ ਵਜੇ ਤੋਂ ਪਹਿਲਾਂ ਬੇਰੀ ਤੋੜਨੋਂ ਨੀ ਹਟਦੇ 'ਤੇ ਬੇਰੀ ਮਸਾਂ ਤੋੜੀ ਜਾਊ, ਪੰਦਰਾਂ ਫਲੈਟ ਆ, ਆ ਹੀ ਕੋਈ ਢਾਈ-ਤਿੰਨ ਸੋ ਪੌਂਡ ਦੇ ਕਰੀਬ। ਇੱਕ ਫਲੈਟ ਦੇ ਮਿਲਦੇ ਆ ਢਾਈ ਡਾਲਰ, ਆਥਣ ਤੱਕ ਮਸਾਂ ਸੈਂਤੀ- 'ਠੱਤੀ ਡਾਲਰ ਬਨਣਗੇ। ਇਨ੍ਹਾਂ ਸੈਂਤੀ-'ਠੱਤੀ ਡਾਲਰਾਂ ਚੋਂ ਕੀ ਬੰਦਾ ਖਾਊ ਤੇ ਕੀ ਘਰ ਦਾ ਰੈਂਟ ਦਊ? ਮਸਾਂ ਹੀ ਡੰਗ ਟਪਾ ਹੁੰਦਾ ਐ। ਖੇਤ ਕਾਮੇ ਦੀ ਬਹੁਤ ਔਖੀ ਕਮਾਈ ਐ' ਉਹਦੇ ਦਿਮਾਗ ਵਿੱਚ ਖਿਆਲ ਆਇਆ। ਤੇ ਫੇਰ ਉਸਦੇ ਦਿਮਾਗ ਵਿੱਚ ਆਇਆ ਕਿ ਉਸਨੇ ਕਿਰਤੀ ਦੀ ਕਮਾਈ ਨੂੰ ਸਮਝਿਆ ਹੀ ਕਦੋਂ ਸੀ? ਹਾਂ ਕਾਲਜ ਟਾਈਮ ਤੇ ਉਹ ਕਿਰਤੀਆਂ ਦੇ ਹੱਕ ਵਿੱਚ ਭਾਸ਼ਣ ਦੇਣ ਵਾਲਾ ਅਖੋਤੀ ਲੀਡਰ ਜਰੂਰ ਸੀ।

ਲੁਧਿਆਣੇ ਐਗਰੀਕਲਚਰ ਯੂਨੀਵਰਸਿਟੀ ਵਿੱਚ ਉਹ ਬੀ.ਐਸ.ਸੀ. ਐਗਰੀਕਲਚਰ ਕਰਨ ਲਈ ਦਾਖਲ ਹੋ ਗਿਆ ਸੀ। ਸਟੇਜ ਤੇ ਬੋਲਣ ਦੇ ਗੁਣ ਸੀ ਉਸ ਕੋਲ। ਉਸ ਵਿਦਿਆਰਥੀਆਂ ਦੀ ਰੈਲੀ ਵਿੱਚ ਇੱਕ ਵਾਰ ਇੱਕ ਕਵਿਤਾ ਪੜ੍ਹੀ। ਵਿਦਿਆਰਥੀਆਂ ਨੇ ਉਸਦੀ ਤਾੜੀਆਂ ਨਾਲ ਪ੍ਰਸ਼ੰਸਾ ਕੀਤੀ। ਤੇ ਇਸ ਤਾੜੀਆਂ ਦੀ ਗੂੰਜ ਨੇ ਹੀ ਉਸ ਉਪਰ ਲੀਡਰ ਬਨਣ ਦੀ ਧੁੰਨ ਲਾ ਦਿਤੀ। ਅਤੇ ਉਹ ਲੰਬੇ-ਲੰਬੇ ਭਾਸ਼ਣ ਦੇਣ ਲੱਗ ਪਿਆ। ਕਿਰਤੀਆਂ ਦੇ ਹੱਕ ਵਿੱਚ, ਸਮਾਜਵਾਦ ਲਿਆਉਣ ਦੇ ਲੰਬੇ-ਲੰਬੇ ਭਾਸ਼ਣ ਦਿੰਦਾ ਅਤੇ ਆਪਣੇ ਕਮਰੇ ਵਿੱਚ ਆ ਕੇ ਹੱਸ ਛੱਡਦਾ। ਉਸਨੂੰ ਕਿਰਤੀ ਦੀ ਕਮਾਈ ਦਾ ਕੀ ਪਤਾ ਸੀ ਕਿ ਕੀ ਹੁੰਦੀ ਐ? ਉਸਨੂੰ ਤਾਂ ਚੜ੍ਹੇ ਮਹੀਨੇ ਉਸਦੇ ਘਰਦਿਆਂ ਵੱਲੋਂ ਮਹੀਨੇ ਭਰ ਦਾ ਖਰਚ ਪਹੁੰਚ ਜਾਂਦਾ ਸੀ। ਫਿਰ ਉਸਦੀ ਪੜ੍ਹਾਈ ਪੂਰੀ ਹੋ ਗਈ ਸੀ ਅਤੇ ਉਹ ਐਫ.ਸੀ.ਆਈ. ਮਹਿਕਮੇ ਵਿੱਚ ਇੰਸਪੈਕਟਰ ਬਣ ਗਿਆ ਸੀ, ਸਰਕਾਰ ਲਈ ਕਿਰਸਾਨਾਂ ਤੋਂ ਜਿਨਸ ਖ੍ਰੀਦਣ ਵਾਲਾ ਇੰਸਪੈਕਟਰ।

ਮੋਟਰ ਸਾਈਕਲ ਤਾਂ ਉਸਨੇ ਪਹਿਲੇ ਝੋਨੇ ਦੇ ਖ੍ਰੀਦਣ ਦੇ ਸੀਜ਼ਨ ਵਿੱਚ ਹੀ ਖ੍ਰੀਦ ਲਿਆ ਸੀ। ਆਪਣੀ ਛੇ ਮਹੀਨੇ ਦੀ ਖੂਨ-ਪਸੀਨੇ ਦੇ ਨਾਲ ਸਿੰਝੀ ਜਿਨਸ ਦਾ ਮੁੱਲ ਪਵਾਉਣ ਮੰਡੀ ਆਏ, ਗਰੀਬ ਕਿਰਸਾਨ ਤੋਂ ਇੱਕ ਰੁਪਿਆ ਕੁਇੰਟਲ ਦੀ ਥੋਰੀ ਮਗਰ ਇੰਸਪੈਕਟਰ ਦਾ। ਉਸਨੇ ਕਿਰਤੀ ਦੀ ਜਿਨਸ ਜੋ ਖ੍ਰੀਦਣੀ ਹੁੰਦੀ ਐ ਅਤੇ ਉਹ ਵੀ ਸਰਕਾਰ ਲਈ। ਜੇ ਕਿਰਸਾਨ ਥੋਰੀ ਮਗਰ ਰੁਪਿਆ ਨਹੀਂ ਦਿੰਦਾ ਤਾਂ ਇੰਸਪੈਕਟਰ ਉਸਦੇ ਝੋਨੇ ਵਿੱਚ ਨਮੀ ਦੀ ਜਿਆਦੇ ਪ੍ਰਤੀਸ਼ਤ ਕਹਿ ਕੇ ਝੋਨਾ ਖ੍ਰੀਦਣੋ ਇਨਕਾਰ ਕਰ ਦਿੰਦੇ ਅਤੇ ਕਿਰਸਾਨ ਨੂੰ ਮੰਡੀ ਵਿੱਚ ਝੋਨਾ ਸੁਕਾ ਕੇ ਵੇਚਣ ਲਈ ਕਈ ਦਿਨ ਉਡੀਕਣੇ ਪੈਣ ਅਤੇ ਇਸ ਉਡੀਕ ਵਿੱਚ ਛੋਟੇ-ਛੋਟੇ ਮੰਡੀ ਚੋਰਾਂ ਤੋਂ ਡਰਦਾ ਵੱਡੇ ਚੋਰਾਂ ਨੂੰ ਵਿਚੋਂ ਰੁਪਈਆ ਦੇਣ ਲਈ ਝੱਟ ਤਿਆਰ ਹੋ ਜਾਂਦੇ। ਫਿਰ ਮੀਂਹ ਦਾ ਵੀ ਕੀ ਭਰੋਸਾ,ਫੇਰ ਤਾਂ ਸਾਰੀ ਨਮੀ ਹੀ ਨਮੀ ਬਣ ਜਾਵੇ। 'ਤੇ ਉਸਨੇ ਪਹਿਲੇ ਖ੍ਰੀਦ ਸੀਜ਼ਨ ਵਿੱਚ ਹੀ ਮੋਟਰ ਸਾਈਕਲ ਖ੍ਰੀਦ ਲਿਆ ਸੀ। ਉਸਨੂੰ ਲੱਗਿਆ ਸੀ ਕਿ ਉਸਦੇ ਕਦਮ ਸਮਾਜਵਾਦ ਵੱਲ ਵਧ ਰਹੇ ਹਨ ਕਿਉਂ ਕਿ ਪਿੰਡ ਦੇ ਨੰਬਰਦਾਰਾਂ ਕੋਲ ਵੀ ਤਾਂ ਮੋਟਰ ਸਾਈਕਲ ਸੀ ਅਤੇ ਉਨ੍ਹਾਂ ਨਾਲ ਰਲਣ ਲਈ ਉਸਦੇ ਕਦਮ ਵਧੇ ਸਨ।

ਜੇ ਕੋਈ ਉਸਦਾ ਪੁਰਾਣਾ ਸਹਿਪਾਠੀ ਉਸਨੂੰ ਮੰਡੀ ਵਿੱਚ ਮਿਲਣ ਆਇਆ ਪੁੱਛ ਲੈਂਦਾ, "ਕਿਉਂ ਲੀਡਰਾ ਸਮਾਜਵਾਦ ਆ ਰਿਹੈ ਫਿਰ?"ਕਦਮ ਵਧ ਰਹੇ ਹਨ ਸ਼ਾਇਦ ਅਗਲੇ ਖਰੀਦ ਸੀਜਨ ਵਿੱਚ ਨੰਬਰਦਾਰਾਂ ਵਰਗੀ ਜੀਪ ਲੈ ਲਈਏ।" ਕਹਿ ਕੇ ਉਹ ਹੱਸ ਪੈਂਦਾ ਅਤੇ ਸਹਿਪਾਠੀ ਨੂੰ ਕਿਸੇ ਵਧੀਆ ਰੈਸਟੋਰੈਂਟ ਵਿੱਚ ਲੈ ਜਾਂਦਾ ਜਿਥੇ ਕਿਸੇ ਸ਼ਾਹੂਕਾਰ ਵਲੋਂ ਗਰੀਬ ਕਿਰਸਾਨ ਦਾ ਲਹੂ ਚੂਸਣ ਵਿੱਚ ਕੀਤੀ ਮੱਦਦ ਦੇ ਬਦਲੇ ਵਜੋਂ ਪ੍ਰਬੰਧ ਹੁੰਦਾ ਜਾਂ ਕਿਸੇ ਵੱਡੇ ਕਿਰਸਾਨ ਵਲੋਂ ਪਾਣੀ ਵਰਗੀ ਗਿੱਲੀ ਕੀਤੀ ਜਿਨਸ ਖ੍ਰੀਦਣ ਬਦਲੇ ਹੁੰਦਾ। ਪਾਣੀ ਨਾਲ ਭਾਰ ਜੋ ਵਧਦਾ ਹੈ ਅਤੇ ਵੱਡੇ ਕਿਰਸਾਨ ਕੋਲ ਕਿੰਨੀ ਜਿਨਸ ਤੇ ਕਿੰਨਾ ਭਾਰ ਵਧਿਆ? ਫੇਰ ਵੱਡੇ ਕਿਰਸਾਨਾਂ ਦੀ ਪਹੁੰਚ ਵੀ ਤਾਂ ਵੱਡੀ ਹੁੰਦੀ ਐ। ਇੰਸਪੈਕਟਰ ਭਲਾ ਉਸ ਕੋਲੋਂ ਰੁਪਈਆ ਥੋਰੀ ਮਗਰ ਮੰਗਣ ਦੀ ਗੁਸਤਾਖੀ ਕਿਵੇਂ ਕਰ ਸਕਦਾ ਹੈ? ਚਾਹ ਪਾਣੀ ਨਾਲ ਹੀ ਖੁਸ਼ ਹੋ ਜਾਂਦੈ।

"ਨੰਬਰਦਾਰਾਂ ਦਾ ਇੱਕ ਮੁੰਡਾ ਕਨੇਡਾ ਗਿਆ ਹੋਇਐ ਅਤੇ ਉਸ ਦੀ ਕਮਾਈ ਦੇਸ ਆਕੇ ਬਾਰਾਂ-ਤੇਰਾਂ ਗੁਣਾ ਹੋ ਜਾਂਦੀ

ਐ।" ਉਸਨੇ ਕਿਤੋਂ ਸੁਣਿਆ ਸੀ। ਅਤੇ ਉਸਨੇ ਸਮਾਜਵਾਦ ਵੱਲ ਵਧਣ ਲਈ ਕਨੇਡਾ ਦੀ ਤਿਆਰੀ ਕਰ ਲਈ ਸੀ। ਨੰਬਰਦਾਰਾਂ ਦੀ ਕੋਠੀ ਵਰਗੀ, ਕੋਠੀ ਜੋ ਪਿੰਡ ਵਿੱਚ ਪਾਉਣੀ ਸੀ। ਅਤੇ ਉਹ ਕਨੇਡਾ ਪਹੁੰਚ ਗਿਆ ਸੀ। ਅਜੇ ਉਸਨੂੰ ਕਨੇਡਾ ਪਹੁੰਚੇ ਨੂੰ ਦੋ ਹਫ਼ਤੇ ਹੀ ਹੋਏ ਸੀ ਕਿ ਸਹੁਰਿਆਂ ਨੇ ਕਹਿ ਦਿੱਤਾ ਸੀ, "ਭਾਈ ਇਥੇ ਕੰਮ ਕੀਤੇ ਬਿਨ੍ਹਾਂ ਨੀਂ ਸਰਦਾ। ਜਿੰਨਾ ਚਿਰ ਹੋਰ ਕੋਈ ਕੰਮ ਨਹੀਂ ਮਿਲਦਾ ਉਨਾਂ ਚਿਰ ਫਾਰਮਾਂ 'ਚ ਕੁੜੀ ਨਾਲ ਬੇਰੀ ਤੋੜਨ ਦਾ ਹੀ ਕੰਮ ਕਰ ਲੈ"। ਅਜੇ ਉਸਦੇ ਵਿਆਹ ਨੂੰ ਹਫਤਾ ਹੀ ਹੋਇਆ ਸੀ ਕਿ ਉਹ ਆਪਨੀ ਘਰਵਾਲੀ ਨਾਲ ਬੇਰੀ ਤੋੜਾਉਣ ਲੱਗ ਪਿਆ ਸੀ। ਵੈਂਖ ਤਾਂ ਉਹ ਵਿਆਹ ਵਾਲੀ ਸ਼ਾਮ ਨੂੰ ਹੀ ਹੋ ਗਏ ਸੀ। ਸਹੁਰਿਆਂ ਦੇ ਘਰ ਦੀ ਬੇਸਮੈਂਟ ਵਿੱਚ ਹੀ ਰੈਂਟ ਤੇ ਰਹਿਣ ਲੱਗ ਗਏ ਸੀ ਦੋਹੇਂ ਮੀਆਂ-ਬੀਵੀ। ਉਸਨੂੰ ਆਪਣੀ ਆਰਥਿਕ ਹਾਲਤ ਦਾ ਗਿਆਨ ਤਾਂ ਦੋ ਹਫਤਿਆਂ ਵਿੱਚ ਹੀ ਹੋ ਗਿਆ ਸੀ।

"ਹਿੰਦੋਸਤਾਨ ਦੇ ਖੇਤ ਮਜਦੂਰ ਅਤੇ ਇਥੋਂ ਦੇ ਖੇਤ ਮਜਦੂਰ ਦੀ ਆਰਥਿਕ ਹਾਲਤ ਵਿੱਚ ਬਹੁਤਾ ਫਰਕ ਨਹੀਂ। ਹਿੰਦੋਸਤਾਨ ਵਿੱਚ ਖੇਤ ਮਜਦੂਰ ਅਤੇ ਛੋਟੇ ਕਿਰਸਾਨ ਦੀ ਹਾਲਤ ਵਿੱਚ ਵੀ ਬਹੁਤਾ ਫਰਕ ਨਹੀਂ 'ਤੇ ਉਹ ਤਾਂ ਛੋਟੇ ਕਿਰਸਾਨਾਂ ਦੀ ਕਮਾਈ ਨੂੰ ਵੀ ਵਿਚੋਂ ਹੀ ਹੜੱਪਦਾ ਰਿਹੈ।" ਉਸ ਨੂੰ ਫਿਰ ਖਿਆਲ ਆਇਆ।

"ਮੈਂ ਤਾਂ ਜੋਕ ਸੀ ਜੋ ਗਰੀਬ ਕਿਰਸਾਨ ਦਾ ਲਹੂ ਚੂਸਦੀ ਰਹੀ।" ਸੋਚ ਨੇ ਉਸਨੂੰ ਝੁਣਝੁਣਾ ਜਿਹਾ ਦਿੱਤਾ। ਉਸਨੂੰ ਆਪਣੇ ਆਪ ਤੇ ਗਿਲਾਨੀ ਜਿਹੀ ਆਈ ਅਤੇ ਇੱਕ ਉੱਚੀ ਜਿਹੀ ਆਵਾਜ ਨੇ ਉਸਨੂੰ ਸੋਚ ਚੋਂ ਬਾਹਰ ਲੈ ਆਂਦਾ। ਉਸਨੇ ਆਵਾਜ ਵਾਲੇ ਪਾਸੇ ਦੇਖਿਆ। ਇੱਕ ਖੇਤ ਮਜਦੂਰ ਫਾਰਮ ਦੇ ਮਾਲਕ ਨਾਲ ਬਹਿਸ ਰਿਹਾ ਸੀ। ਝਗੜਾ ਜਾਨਣ ਲਈ ਉਹ ਉਧਰ ਵਧਿਆ। "ਗੱਲ ਕੀ ਯਾਰ ਬੇਰੀ ਘੱਟ ਤੋਲਦੇ ਆ। ਪੂਰੇ ਪੰਦਰਾ ਪੌਂਡ ਹੋਊ, ਜਿਆਦੇ ਹੀ ਹੋਊ ਮੇਰੀ ਬਾਲਟੀਆਂ ਦੀ ਪੂਰੀ ਮਿਣਤੀ ਕੀਤੀ ਵੀ ਐ। 'ਤੇ ਇਹ ਤੱਕੜੀ ਜੀ ਤੇ ਮਾੜੀ ਜੀ ਰੱਖ ਕੇ ਸੂਈ ਜੀ ਟਿਕਣ ਵੀ ਨਹੀਂ ਦਿੰਦੇ ਤੇ ਟਰਾਲੀ 'ਚ ਉਲਟਾ ਦਿੰਦੇ ਆ ਅਖੇ ਤੇਰਾਂ ਪੌਂਡ ਹੋਈ ਐ। ਇੱਕ ਊਂ ਸਾਰੇ ਦਿਨ 'ਚ ਕੁਝ ਨੀਂ ਬਣਦਾ ਤੇ ਇੱਕ ਉਤੋਂ ਦੀ ਇਹ ਹੇਰਾ-ਫੇਰੀਆਂ ਕਰਨ ਲੱਗ ਜਾਂਦੇ ਆ।" ਭਖੇ ਹੋਏ ਖੇਤ ਮਜਦੂਰ ਨੇ ਦੱਸਿਆ।

ਸੁਣ ਕੇ ਜਿਵੇਂ ਉਸਨੂੰ ਰੋਹ ਚੜ੍ਹ ਗਿਆ ਹੋਵੇ ਤੇ ਉਹ ਖੇਤ ਮਜਦੂਰਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਅਤੇ ਉਨ੍ਹਾਂ ਦਾ ਸੋਸ਼ਨ ਰੋਕਣ ਲਈ ਉਹ ਖੇਤ ਮਜਦੂਰਾਂ ਨੂੰ ਜੱਥੇਬੰਦ ਕਰਨ ਲਈ ਅੱਗੇ ਵਧਿਆ। ਉਹ ਆਪ ਜੋ ਕਿਰਤੀ ਦੀ ਆਰਥਿਕਤਾ ਦਾ ਸੰਤਾਪ ਆਪਣੇ ਪਿੰਡੇ ਤੇ ਹੰਢਾਅ ਰਿਹਾ ਸੀ। ਉਸਨੂੰ ਲੱਗਿਆ ਕਿ ਉਸ ਦੇ ਸਮਾਜਵਾਦ ਵੱਲ ਪਹਿਲੀ ਵਾਰ ਕਦਮ ਉੱਠੇ ਹਨ।


ਵਕੀਲ ਜਿਹੜੇ ਤੁਹਾਡੀ ਸਭਿਅਤਾ ਅਤੇ ਬੋਲੀ ਜਾਣਦੇ ਹਨ। **DOSANJH & COMPANY**

**(ਵਕੀਲ)**

**ਉੱਜਲ ਦੁਸਾਂਝ ਅਤੇ ਟੌਮ ਵੂਲੀ**

202-5887 ਵਿਕਟੋਰੀਆ ਡਰਾਈਵ
ਵੈਨਕੂਵਰ, ਬੀ.ਸੀ.

* ਆਈ. ਸੀ. ਬੀ. ਸੀ.
( ਕਾਰ ਐਕਸੀਡੈਂਟ ਦੇ ਕਲੇਮ ਪ੍ਰਤੀਸ਼ਤ ਫੀਸ)
*ਡਾਇਵੋਰਸ ਤੇ ਫੈਮਲੀ ਦੇ ਕੇਸ
*ਇਮੀਗਰੇਸ਼ਨ ਦੀਆਂ ਅਪੀਲਾਂ
*ਸੁਪਰੀਮ ਕੋਰਟ ਸਿਵਲ ਟਰਾਇਲਾਂ।

ਇਸ ਤਰ੍ਹਾਂ ਦੇ ਕੇਸਾਂ ਦਾ ਸਾਡਾ 12 ਸਾਲਾਂ ਦਾ ਤਜਰਬਾ ਹੈ।

ਮੁੱਢਲੀ ਸਲਾਹ ਮੁਫਤ
ਅਪਾਂਇੰਟਮੈਂਟ ਲਈ ਫੋਨ ਕਰੋ।

**ਫੋਨ: 327-6381**

# Jay's Travel Ltd.

Edmonton, Alta.
Low world wide fares

*Holiday Travel * Car & Hotel Reservation * Airlines Tickets * Ticket Delivery * Business Travel * Travel Insurance * Cruises * Major Credit Cards Accepted

Specializing in Tours & Travel to Indian Subcontinent

ਘੱਟ ਤੋਂ ਘੱਟ ਕਿਰਾਏ ਵਿਚ ਦੁਨੀਆਂ ਭਰ ਲਈ ਟਿਕਟਾਂ ਖਰੀਦਣ ਲਈ ਚਲੇ ਆਓ। ਇੰਡੀਆ ਲਈ ਟੂਰ ਤੇ ਸੈਰ ਵਾਸਤੇ ਜਾਣ ਲਈ ਵਿਸ਼ੇਸ਼ ਸਹੂਲਤਾਂ ਹਨ।

9209 - 34th Ave. 461-6666
10421 - 80th Ave. 432-7017

Toll Free (Alberta) 1-800-262 9062

# ਕਦਰ ਦਾ ਸਿਧਾਂਤ

('ਸਰਮਾਇਆ' ਦੇ ਪਹਿਲੇ ਕਾਂਡ ਦੀ ਸਮਾਲੋਚਨਾ)

ਬਲਦੇਵ ਦੂਹੜੇ

ਸਵਾਲ ਹੈ; ਇਕ ਬਿਜਲੀ ਦੇ ਪੱਖੇ, ਗੋਡੀ ਦੇ ਫੁੱਲ ਅਤੇ ਕਵਿਤਾ ਦੀ ਕਿਤਾਬ ਵਿੱਚ ਕੀ ਸਾਂਝਾ ਹੈ? ਜਵਾਬ ਹੈ; ਉਪਯੋਗਤਾ ਅਤੇ ਕਿਰਤ। ਭਾਵ ਹੈ ਕਿ ਇਹ ਸਭ ਚੀਜ਼ਾਂ ਮਨੁੱਖੀ ਮਿਹਨਤ ਜਾਂ ਕਿਰਤ ਦੀ ਉਪਜ ਹਨ, ਅਤੇ ਇਹ ਸਭ ਮਨੁੱਖੀ ਲੋੜਾਂ ਦੀ ਪੂਰਤੀ ਲਈ ਪੈਦਾ ਕੀਤੀਆਂ ਗਈਆਂ ਹਨ।

ਇਹਨਾਂ ਚੀਜ਼ਾਂ ਵਿੱਚ ਮਨੁੱਖੀ ਲੋੜਾਂ ਦੀ ਪੂਰਤੀ ਕਰ ਸਕਣ ਵਾਲੇ ਗੁਣ ਹਨ। ਉਪਯੋਗਤਾ ਜਾਂ ਲੋੜਾਂ ਦੀ ਪੂਰਤੀ ਕਰ ਸਕਣ ਦਾ ਗੁਣ ਇਹਨਾਂ ਚੀਜ਼ਾਂ ਨੂੰ ਇਕ ਸਮਾਜਕ ਮੱਹਤਤਾ ਦਿੰਦਾ ਹੈ, ਜਿਸ ਨੂੰ ਆਰਥਕ ਜ਼ੁਬਾਨ ਵਿਚ ਕਦਰ (value) ਕਿਹਾ ਜਾਂਦਾ ਹੈ। ਕਦਰ ਜਾਂ ਵਰਤੋਂ-ਕਦਰ (use-value) ਇਹਨਾਂ ਚੀਜ਼ਾਂ ਦੇ ਭੌਤਕ ਗੁਣਾ ਉਤੇ ਅਧਾਰਤ ਹੈ। ਮਨੁੱਖੀ ਲੋੜਾਂ ਦੀ ਪੂਰਤੀ ਦਾ ਇਹਨਾਂ ਗੁਣਾ ਨਾਲ ਕਾਰਨਾਤਮਕ ਰਿਸ਼ਤਾ (causal relationship) ਹੈ।

ਕਦਰ ਦਾ ਸੰਕਲਪ, ਕਲਾਸਕੀ ਅਰਥ-ਸ਼ਾਸਤਰ ਦਾ ਅਧਾਰ ਸੀ। ਪਰ ਅਜ ਦਾ ਅਰਥ-ਸ਼ਾਸਤਰ ਇਸ ਅਧਾਰ ਨੂੰ ਜਾਂ ਤਾਂ ਭੁਲ ਚੁੱਕਾ ਹੈ ਜਾਂ ਫਿਰ ਇਸਦੀ ਗਲਤ ਵਰਤੋਂ ਕਰਦਾ ਹੈ। ਇਹੋ ਕਾਰਨ ਹੈ ਕਿ ਅੱਜ ਦਾ ਅਰਥ ਸ਼ਾਸਤਰ ਦਰੁਸਤ ਵਿਗਿਆਨ ਬਣ ਸਕਣ ਦੀ ਥਾਂ ਭੰਬਲ ਭੂਸਿਆਂ ਵਿੱਚ ਗੁਆਚਾ ਫਿਰਦਾ ਹੈ। ਜਦੋਂ ਬੁਨਿਆਦ ਵਿੱਚ ਸਮੱਸਿਆ ਹੋਵੇ ਤਾਂ ਇਮਾਰਤ ਵਿੱਚ ਨੁਕਸ ਜ਼ਰੂਰ ਹੋਣਗੇ।

ਹੁਣ ਤਕ ਜਿੰਨੇ ਵੀ ਕਦਰ ਦੇ ਸਿਧਾਂਤ ਦਿਤੇ ਗਏ ਹਨ, ਉਹਨਾਂ ਵਿੱਚ ਸ਼ਾਇਦ ਮਾਰਕਸ ਦਾ ਸਿਧਾਂਤ ਸਭ ਤੋਂ ਵੱਧ ਵਿੱਖਸਤ ਹੈ। ਪਰ ਮਾਰਕਸ ਦੇ ਸਿਧਾਂਤ ਵਿੱਚ ਨੁਕਸ ਹੈ। ਇਹ ਨੁਕਸ ਉਸ ਦੇ ਸਾਰੇ ਅਰਥ -ਸ਼ਾਸਤਰ ਵਿੱਚ ਨੁਮਾਇਆ ਹੈ। ਉਸ ਦੀ ਕਿਤਾਬ 'ਸਰਮਾਇਆ' ਜਿਨਸ (commodity) ਅਤੇ ਕਦਰ ਦੇ ਸਿਧਾਂਤ ਤੋਂ ਸ਼ੁਰੂ ਹੁੰਦੀ ਹੈ। ਇਹ ਦਰੁਸਤ ਤਰੀਕਾ ਹੈ। ਪਰ ਉਹ ਆਪਣੇ ਕਦਰ ਦੇ ਸਿਧਾਂਤ ਵਿੱਚ ਪਏ ਨੁਕਸ ਨੂੰ ਨਹੀਂ ਦੇਖ ਸਕਿਆ। ਸ਼ਾਇਦ ਇਸ ਦਾ ਕਾਰਨ ਉਸਦਾ ਮਜ਼ਦੂਰ ਦੇ ਹੱਕ ਵਿੱਚ ਜ਼ਬਰਦਸਤ ਸਿਆਸੀ ਵਿਤਕਰਾ ਸੀ।

ਮਾਰਕਸ ਅਨੁਸਾਰ, 'ਜਿਨਸ, ਸਭ ਤੋਂ ਪਹਿਲਾਂ ਇਕ ਬਾਹਰੀ (external) ਚੀਜ਼ ਹੈ, ਇਕ ਵਸਤੂ ਜੋ ਆਪਣੇ ਗੁਣਾਂ ਕਾਰਨ ਕਿਸੇ ਵੀ ਕਿਸਮ ਦੀਆਂ ਮਨੁੱਖੀ ਲੋੜਾਂ ਦੀ ਪੂਰਤੀ ਕਰਦੀ ਹੈ। ਇਸ ਗਲ ਦਾ ਫਰਕ ਨਹੀਂ ਪੈਂਦਾ ਕਿ ਇਹ ਲੋੜਾਂ ਦਾ ਖਾਸਾ ਕੀ ਹੈ। ਮਿਸਾਲ ਵਜੋਂ, ਉਹ ਢਿੱਡ ਚੋਂ ਪੈਦਾ ਹੋਈਆਂ ਲੋੜਾਂ ਹਨ ਜਾਂ ਕਲਪਣਾ ਚੋਂ।' ਸੋ ਜਿਨਸ ਦੀ ਉਪਯੋਗਤਾ ਜਿਨਸ ਦਾ ਸਭ ਤੋਂ ਬੁਨਿਆਦੀ ਖਾਸਾ ਹੈ। ਇਹ ਉਪਯੋਗਤਾ, ਇਸ ਦੀ ਵਰਤੋਂ-ਕਦਰ (use-value) ਦਾ ਅਧਾਰ ਹੈ। ਮਾਰਕਸ ਕਹਿੰਦਾ ਹੈ, 'ਕਿਸੇ ਚੀਜ਼ ਦੀ ਉਪਯੋਗਤਾ ਇਸ ਨੂੰ ਵਰਤੋਂ-ਕਦਰ ਬਣਾਉਂਦੀ ਹੈ। '2

ਇਉਂ ਵਰਤੋਂ-ਕਦਰ ਨੂੰ ਸਥਾਪਤ ਕਰਕੇ ਮਾਰਕਸ ਵਟਾਂਦਰਾ-ਕਦਰ (exchange value) ਦੀ ਗਲ ਕਰਦਾ ਹੈ। ਵਟਾਂਦਰਾ-ਕਦਰ ਜਿਨਸਾਂ ਦੇ ਵਟਾਂਦਰੇ ਦੀ ਲੋੜ ਚੋਂ ਪੈਦਾ ਹੁੰਦੀ ਹੈ। ਜੇ ਕਣਕ ਦੇ ਕੇ ਕਪੜਾ ਲਿਆ ਜਾਵੇ ਤਾਂ ਜਿਸ ਮਿਕਦਾਰ ਵਿੱਚ ਇਹ ਚੀਜ਼ਾਂ ਵਟਦੀਆਂ ਹਨ, ਦੀ ਵਟਾਂਦਰਾ-ਕਦਰ ਹੈ। ਦੂਜੇ ਸ਼ਬਦਾਂ ਵਿੱਚ ਇਉਂ ਕਿਹਾ ਜਾ ਸਕਦਾ ਹੈ ਕਿ ਵਟਾਂਦਰੇ ਵਿੱਚ ਵਟਾਈਆਂ ਜਾਂਦੀਆਂ ਵੱਖ ਵੱਖ ਵਰਤ-ਕਦਰਾਂ ਦੀਆਂ ਮਿਕਦਾਰਾਂ ਉਹਨਾਂ ਦੀ ਵਟਾਂਦਰਾ-ਕਦਰ ਅਨੁਸਾਰ ਹੁੰਦੀਆਂ ਹਨ। ਇਹ ਮਿਕਦਾਰਾਂ ਸਮੇਂ ਅਤੇ ਸਥਾਨ ਮੁਤਾਬਕ ਬਦਲਦੀਆਂ ਰਹਿੰਦੀਆਂ ਹਨ। ਸੋ ਇਹ ਘਟਨਾਤਮਕ (accidental) ਅਤੇ ਸਾਪੇਖਕ (relative) ਖਾਸਾ ਅੰਤਰਾਂਸਕ ਕਿਵੇਂ ਹੋ ਸਕਦਾ ਹੈ?

ਮਾਰਕਸ ਇਸ ਗਲ ਨੂੰ ਇਵੇਂ ਹੱਲ ਕਰਦਾ ਹੈ। ਵੱਖ ਵੱਖ ਜਿਨਸਾਂ ਦੇ ਵਟਾਂਦਰੇ ਵਿੱਚ ਕੋਈ ਤੀਜੀ ਚੀਜ਼ ਸਾਂਝੀ ਹੈ। ਇਹ ਹੈ ਮਨੁੱਖੀ ਕਿਰਤ। ਮਾਰਕਸ ਅਨੁਸਾਰ ਕਦਰ ਮਨੁੱਖੀ ਕਿਰਤ ਦੀ ਜਮਾਵਟ ਹੀ ਹੈ। ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਮਾਰਕਸ ਅਨੁਸਾਰ ਕਦਰ ਦੇ ਉਤਪਾਦਨ ਵਿੱਚ ਕਿਰਤ ਹੀ ਕਦਰ ਦਾ ਰੂਪ ਧਾਰਨ ਕਰਦੀ ਹੈ ਅਤੇ ਵਟਾਂਦਰੇ ਵਿੱਚ ਬਰਾਬਰ ਕਦਰਾਂ ਵਟਾਈਆਂ ਜਾਂਦੀਆਂ ਹਨ। ਭਾਵੇਂ ਵਰਤੋਂ-ਕਦਰਾਂ ਦੀਆਂ ਵੱਖ ਵੱਖ ਮਿਕਦਾਰਾਂ ਵਟਾਈਆਂ ਜਾਂਦੀਆਂ ਹਨ ਪਰ ਕਦਰ ਦੀ ਬਰਾਬਰੀ ਰਾਹੀਂ, ਬਰਾਬਰ ਕਿਰਤ ਵਟਾਈ ਜਾਂਦੀ ਹੈ। ਇਉਂ ਸਮੇਂ ਅਤੇ ਸਥਾਨ ਅਨੁਸਾਰ ਬਦਲਦੀ ਵਟਾਂਦਰਾ-ਕਦਰ ਵਿੱਚ ਅੰਤਰਾਂਸਕ ਖਾਸਾ, ਕਿਰਤ ਹੈ। ਮਾਰਕਸ ਅਨੁਸਾਰ ਕਿਰਤ ਕਦਰ ਦਾ ਸੋਮਾ ਹੈ। ਪਰ ਮਾਰਕਸ ਦੀ ਪਰੀਭਾਸ਼ਾ ਵਿੱਚ ਕਦਰ ਨਾ ਤਾਂ ਵਰਤੋਂ-ਕਦਰ ਹੈ ਅਤੇ ਨਾ ਵਟਾਂਦਰਾ-ਕਦਰ। ਉਹ ਜਿਨਸਾਂ ਦੀ ਉਪਯੋਗਤਾ ਨੂੰ ਉਡਾ ਕੇ ਜਾਂ ਅਮੂਰਤ (abstract) ਕਰਕੇ ਵੱਖ ਵੱਖ ਤਰਾਂ ਦੀ ਕਿਰਤ (ਲੋਹਾਰ, ਕਿਸਾਨ ਜਾਂ ਮੋਚੀ ਦੀ ਕਿਰਤ) ਨੂੰ ਸਜਾਤੀ (homogeneous) ਕਰਕੇ, ਕਦਰ ਨੂੰ ਕਿਰਤ ਦੀ ਜਮਾਵਟ ਸਾਬਤ ਕਰਦਾ ਹੈ। ਉਸ ਲਈ ਕਦਰ, ਕਿਰਤ ਦੀ ਮਿਕਦਾਰ ਦਾ ਸਿਧਾ ਹਿਸਾਬ ਹੈ। ਕਦਰ ਕਿਰਤ ਦੀ ਜਮਾਵਟ ਦੇ ਰੂਪ ਵਿੱਚ ਵਟਾਂਦਰਿਆਂ ਵਿੱਚ ਸਾਂਝਾ ਅੰਸ਼ ਹੈ।

ਉਹ ਕਹਿੰਦਾ ਹੈ, 'ਅਸਾਂ ਵੇਖਿਆ ਹੈ ਕਿ ਜਦੋਂ ਜਿਨਸਾਂ ਦਾ ਵਟਾਂਦਰਾ ਹੁੰਦਾ ਹੈ ਤਾਂ ਉਹਨਾਂ ਦੀ ਵਟਾਂਦਰਾ-ਕਦਰ ਆਪਣੇ ਆਪ ਨੂੰ ਉਹਨਾਂ ਦੀ ਵਰਤੋਂ-ਕਦਰ ਤੋਂ ਉੱਕਾ ਹੀ ਅਜ਼ਾਦ ਚੀਜ਼ ਵਜੋਂ ਪਰਗਟਾਉਂਦੀ ਹੈ।'

ਇਉਂ ਮਾਰਕਸ ਵਟਾਂਦਰਾ-ਕਦਰ ਨੂੰ ਵਰਤੋਂ-ਕਦਰ ਤੋਂ ਬਿਲਕੁਲ ਅਜ਼ਾਦ ਕਰਕੇ ਕਦਰ ਦਾ ਇਕ ਰੂਪ ਦਸਦਾ ਹੈ। ਉਸ ਲਈ ਉਪਯੋਗਤਾ-ਰਹਿਤ, ਭੌਤਕਤਾ-ਰਹਿਤ ਜਿਨਸ ਹੁਣ ਭੂਤ ਵਰਗੀ ਬਾਹਰਮੁਖਤਾ ਰਖਦੀ ਹੈ ਅਤੇ ਇਸ ਵਿੱਚ ਵਰਤੋਂ-ਕਦਰ ਦਾ ਇਕ ਪਰਮਾਣੂ ਤਕ ਨਹੀਂ ਹੁੰਦਾ।2 ਇਹ ਬੜਾ ਅਜੀਬ ਖਿਆਲ ਹੈ ਜਦੋਂ ਕਿ ਮੰਡੀ ਵਿੱਚ ਅਸੀਂ ਜਿਨਸਾਂ ਦੇ ਇਕ ਇਕ ਗਰਾਮ ਨੂੰ ਤੋਲਿਆ ਜਾਂਦਾ ਵੇਖਦੇ ਹਾਂ। ਜੇ ਵਟਾਂਦਰੇ ਵਿੱਚ ਵਰਤੋਂ-ਕਦਰਾਂ ਦਾ ਵਰਤੋਂ-ਖਾਸਾ ਅਤੇ ਇਹਨਾਂ ਦੀ ਮਿਕਦਾਰ ਨਹੀਂ ਆਉਂਦੀ ਤਾਂ ਵਟਾਂਦਰਾ ਹੋਰ ਹੈ ਹੀ ਕੀ? ਕਿਰਤ ਤਾਂ ਸਿਰਫ ਮਲਕੀਅਤ (ownership) ਦੇ ਹੱਕ ਵਜੋਂ ਆਉਂਦੀ ਹੈ ਕਿਉਂਕਿ ਇਹ ਲਾਗਤ ਦਾ ਹਿਸਾਬ ਹੈ। ਮਾਰਕਸ ਵਟਾਂਦਰਾ-ਕਦਰ ਨੂੰ

ਵਟਾਂਦਰੇ ਦੀ ਮਿਕਦਾਰ, ਵਰਤੋਂ-ਕਦਰ ਨੂੰ ਉਪਯੋਗਤਾ ਅਤੇ ਕਦਰ ਨੂੰ ਕਿਰਤ ਦੀ ਜਮਾਵਟ ਦਸਦਾ ਹੈ। ਜਦੋਂ ਕਿ ਕਿਰਤ ਜੋ ਪੈਦਾ ਕਰਦੀ ਹੈ ਉਹ ਅਸਲ ਵਿੱਚ ਵਰਤੋਂ-ਕਦਰਾਂ ਹਨ। ਵਟਾਂਦਰੇ ਵਿੱਚ ਵਰਤੋਂ-ਕਦਰਾਂ ਵਟਦੀਆਂ ਹਨ, ਜ਼ਿੰਦਗੀ ਦੀਆਂ ਲੋੜਾਂ ਵਰਤੋਂ-ਕਦਰਾਂ ਪੂਰੀਆਂ ਕਰਦੀਆਂ ਹਨ। ਪਰ ਇਸ ਸਭ ਨੂੰ ਅਲੋਪ ਕਰਕੇ ਮਾਰਕਸ ਵਟਾਂਦਰਾ-ਕਦਰ ਦੀ ਵੱਖੀ ਚੋਂ ਕਦਰ ਦਾ ਇਕ ਨਕਲੀ ਅਤੇ ਅਮੂਰਤ ਰੂਪ ਪੈਦਾ ਕਰ ਲੈਂਦਾ ਹੈ। ਇਸ ਟੇਢੀ ਪਗਡੰਡੀ ਦਾ ਕਾਰਨ ਭਾਵੇਂ ਮਾਰਕਸ ਦਾ ਕਿਰਤ ਨੂੰ ਇਕ ਖਾਸ ਰੋਲ ਦੇਣਾ ਸੀ, ਪਰ ਇਹ ਖਾਹਮਖਾਹ ਦਾ ਧੁੰਦਲਾਪਨ ਹੈ ਜੋ ਵਿਗਿਆਨ ਲਈ ਨੁਕਸਾਨ ਦੇਹ ਹੈ। ਇਸੇ ਕਰਕੇ ਕਦਰ ਦਾ ਸੰਕਲਪ ਅਜ ਤਕ ਸੁਲਝਾਇਆ ਨਹੀਂ ਜਾ ਸਕਿਆ।

ਮਾਰਕਸ ਦਾ ਕਹਿਣਾ ਹੈ, 'ਇਕ ਵਰਤੋਂ-ਕਦਰ, ਜਾਂ ਵਰਤੋਂ ਵਾਲੀ ਚੀਜ਼ ਸਿਰਫ ਇਸ ਲਈ ਕਦਰ ਰਖਦੀ ਹੈ ਕਿਉਂਕਿ ਇਸ ਵਿੱਚ ਅਮੂਰਤ ਮਨੁੱਖੀ ਕਿਰਤ ਵਸਤੂਬੰਦ ਜਾਂ ਮਾਦਾ ਕਰਨ ਹੋਈ ਹੁੰਦੀ ਹੈ।' ਇਹ ਬਿਆਨ ਸ੍ਵੈ-ਦਵੰਦਾਤਮਕ ਹੈ। ਜਦੋਂ ਵਰਤੋਂ ਵਾਲੀ ਚੀਜ਼ ਵਿੱਚ ਵਰਤੋਂ-ਕਦਰ ਦੀ ਗਲ ਹੁੰਦੀ ਹੈ ਤਾਂ ਸ਼ਬਦ ਕਦਰ ਦਾ ਅਰਥ ਕਦਰ ਤੋਂ ਬਿਨਾਂ ਹੋਰ ਕੀ ਹੈ? ਅਤੇ ਇਹ ਵੀ ਸਾਫ ਜ਼ਾਹਰ ਹੈ ਕਿ ਇਹ ਕਦਰ ਵਰਤੋਂ ਜਾਂ ਉਪਯੋਗਤਾ ਕਰਕੇ ਹੈ। ਸੋ ਜੇ ਵਰਤੋਂ ਵਾਲੀ ਚੀਜ਼ ਵਿੱਚ ਪਹਿਲਾਂ ਹੀ ਕਦਰ ਹੈ ਤਾਂ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਇਸ ਦੀ ਕਦਰ ਸਿਰਫ ਕਿਰਤ ਕਰਕੇ ਹੈ। ਕਦਰ ਅਸਲ ਵਿੱਚ ਵਰਤੋਂ-ਕਦਰ ਹੀ ਹੈ। ਭੁੱਖੇ ਬੰਦੇ ਲਈ ਜੰਗਲੀ ਫਲਾਂ ਅਤੇ ਕਿਰਤ ਰਾਹੀਂ ਪੈਦਾ ਫਲਾਂ ਵਿੱਚ ਕੋਈ [illegible] ਨਹੀਂ, ਦੋਹਵੇਂ ਭੁੱਖ ਮਿਟਾ ਸਕਦੇ ਹਨ। ਇਸ ਲਈ ਦੋਹਵੇਂ ਕਦਰ ਰਖਦੇ ਹਨ। ਇਵੇਂ ਹੀ ਪੈਨਾਸਲਿਨ ਦੀ ਕਦਰ, ਕਿਰਤ ਕਰਕੇ ਨਹੀਂ ਸਗੋਂ ਇਸ ਕਰਕੇ ਹੈ ਕਿ ਇਹ ਬਿਮਾਰ ਮਨੁੱਖੀ ਸਰੀਰ ਵਿੱਚ ਜਿਰਮ ਮਾਰਨ ਦਾ ਖਾਸਾ ਰਖਦੀ ਹੈ।

ਇਸ ਤੋਂ ਬਿਨਾਂ ਜਦੋਂ ਮਾਰਕਸ ਉਪਯੋਗਤਾ ਜਾਂ ਵਰਤੋਂ ਵਿੱਚ ਆਉਣ ਵਾਲੇ ਗੁਣਾਂ ਨੂੰ ਕਦਰ-ਹੀਨ ਬਣਾ ਕੇ ਜਾਂ ਅਮੂਰਤ ਕਰਕੇ, ਕਿਰਤ ਨੂੰ ਕਦਰ ਦਾ ਇਕੋ-ਇਕ ਸੋਮਾ ਦਸਦਾ ਹੈ, ਤਾਂ ਸਵਾਲ ਉਠਦਾ ਹੈ ਕਿ ਕਿਰਤ ਵਿੱਚ ਕਦਰ ਕਿਥੋਂ ਆਈ? ਜੇ ਕਿਰਤ ਨੇ ਜਿਨਸਾਂ ਨੂੰ ਕਦਰ ਦੇਣੀ ਹੈ ਤਾਂ ਕਿਰਤ ਆਪ ਇਕ ਕਦਰ ਜਾਂ ਵਡਮੁਲੀ ਚੀਜ਼ ਹੋਣੀ ਚਾਹੀਦੀ ਹੈ। ਕਿਰਤ ਦੀ ਕਦਰ ਨੂੰ ਸਥਾਪਤ ਕਰਕੇ ਹੀ ਇਹ ਕਿਹਾ ਜਾ ਸਕਦਾ ਹੈ ਕਿ ਇਹ ਆਪਣੀ ਪੈਦਾਵਾਰ ਨੂੰ ਕਦਰ ਦੇ ਸਕਦੀ ਹੈ। ਮਾਰਕਸ ਇਸ ਗਲ ਨੂੰ ਇਥੇ ਮੁਖਾਤਬ ਨਹੀਂ ਕਰਦਾ। ਪਰ ਇਕ ਵੱਖਰੇ ਸੰਦਰਭ ਵਿੱਚ ਉਹ ਇਹ ਗਲ ਮੰਨਦਾ ਹੈ ਕਿ ਸਿਰਫ 'ਸਮਾਜਕ ਤੌਰ ਤੇ ਜ਼ਰੂਰੀ' ਅਤੇ 'ਲਾਭਦਾਇਕ ਕਿਰਤ' ਹੀ ਕਦਰ ਪੈਦਾ ਕਰਦੀ ਹੈ। ਇਸ ਦਾ ਭਾਵ ਹੈ ਕਿ ਕਿਰਤ 'ਸਮਾਜਕ ਤੌਰ ਤੇ ਗੈਰ-ਜ਼ਰੂਰੀ' ਅਤੇ ਲਾਭ-ਹੀਨ ਵੀ ਹੋ ਸਕਦੀ ਹੈ। ਅਤੇ ਜੋ ਕਿਰਤ ਵਰਤੋਂ-ਕਦਰਾਂ ਨਹੀਂ ਪੈਦਾ ਕਰਦੀ, ਆਰਥਕ ਤੌਰ ਤੇ ਲਾਭਹੀਨ ਹੈ। ਇਸ ਦਾ ਭਾਵ ਹੈ ਕਿ 'ਆਮ ਕਿਰਤ' ਵਿੱਚ ਕੋਈ ਕਦਰ ਨਹੀਂ ਹੈ। ਇਹ ਸਿਰਫ ਉਸ ਵੱਖਤ ਕਦਰ ਰਖਦੀ ਹੈ ਜਦੋਂ ਵਰਤੋਂ-ਕਦਰਾਂ ਪੈਦਾ ਕਰਦੀ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਕਿਰਤ ਦੀ ਆਪਣੀ ਕਦਰ ਦਾ ਸੋਮਾ ਜਿਨਸਾਂ ਦੀ ਵਰਤੋਂ-ਕਦਰ ਹੈ। ਇਸੇ ਕਰਕੇ ਵਰਤੋਂ-ਕਦਰਾਂ ਪੈਦਾ ਕਰਨ ਵੇਲੇ ਹੀ ਕਿਰਤ ਦੀ ਕੀਮਤ ਪੈਂਦੀ ਹੈ। ਜੇ ਕਿਰਤ ਵਰਤੋਂ-ਕਦਰਾਂ ਨਹੀਂ ਪੈਦਾ ਕਰਦੀ, ਕੋਈ ਕੀਮਤ ਜਾਂ ਉਜਰਤ ਨਹੀਂ ਰਖਦੀ।

ਮਾਰਕਸ 'ਸਰਮਾਇਆ' ਵਿੱਚ ਹੋਰ ਥਾਂ ਕਿਰਤ ਦੀ ਕਦਰ ਦੀ ਗਲ ਕਰਦਾ ਹੈ, 'ਕਿਰਤ-ਸ਼ਕਤੀ ਦੀ ਕਦਰ ਉਹਨਾਂ ਜੀਵਨ ਦੇ ਸਾਧਨਾ (means of subsistence) ਦੀ ਕਦਰ ਹੈ ਜੋ ਕਿਰਤ ਦੇ ਮਾਲਕ ਨੂੰ ਬਰਕਰਾਰ ਰਖਣ ਲਈ ਲੋੜੀਂਦੇ ਹਨ।' ਇਸ ਦਾ ਭਾਵ ਹੈ ਕਿ ਕਿਰਤ ਦੀ ਆਪਣੀ ਕਦਰ ਜੀਵਨ ਦੇ ਸਾਧਨਾ ਯਾਨੀ ਕਿ ਵਰਤੋਂ-ਕਦਰਾਂ ਵਿੱਚ ਹੈ, ਜੋ ਇਸ ਨੂੰ ਪੈਦਾ ਕਰਨ ਅਤੇ ਬਰਕਰਾਰ ਰਖਣ ਲਈ ਲੋੜੀਂਦੀਆਂ ਹਨ। ਮਾਰਕਸ ਇਉਂ ਵੀ ਕਹਿੰਦਾ ਹੈ ਕਿ ਕਿਰਤ ਦੀ ਕਦਰ ਕਿਰਤ ਨਊ ਬਰਕਰਾਰ ਰਖਣ ਲਈ ਲੋੜੀਂਦੀ ਕਿਰਤ ਵਿੱਚ ਹੈ। ਪਰ ਉਹ ਛੇਤੀਂ ਇਸ ਕਿਰਤ ਨੂੰ ਜੀਵਨ ਦੇ ਸਾਧਨਾ ਵਿੱਚ ਬਦਲ ਲੈਂਦਾ ਹੈ। ਕਿਉਂਕਿ ਇਹ ਕਹਿਣਾ ਕਿ ਕਿਰਤ ਦੀ ਕਦਰ ਕਿਰਤ ਕਰਕੇ ਹੈ, ਇਕ ਬੇਅਰਥ ਜਾਂ ਬੇਹੂਦਾ ਬਿਆਨ ਹੈ। ਮਾਰਕਸ ਆਪ ਇਹੋ ਜਹੀ ਦਲੀਲ ਦਾ ਖੰਡਨ ਕਰ ਚੁਕਾ ਹੈ ਕਿ ਕੋਟ ਦਾ ਕੋਟ ਨਾਲ ਵਟਾਂਦਰਾ ਨਹੀਂ ਕੀਤਾ ਜਾ ਸਕਦਾ।

ਸੋ ਕਿਰਤ ਦੀ ਕਦਰ ਦਾ ਸੋਮਾ ਵਰਤੋਂ-ਕਦਰ ਹੈ। ਇਹਨਾਂ ਸਭ ਕਾਰਨਾ ਕਰਕੇ ਜ਼ਿੰਦਗੀ ਦੇ ਫਲਣ-ਫੁਲਣ ਲਈ ਲੋੜੀਂਦੀਆਂ ਵਰਤ-ਕਦਰਾਂ ਹੀ ਅਸਲ ਕਦਰ ਹਨ। ਇਸ ਤੋਂ ਵੱਖਰਾ ਕਦਰ ਦਾ ਸੰਕਲਪ ਬੇਅਰਥ ਹੈ। ਇਵੇਂ ਹੀ ਵਟਾਂਦਰਾ-ਕਦਰ ਨੂੰ ਕਦਰਾਂ ਦੇ ਵਟਾਂਦਰੇ ਵਿੱਚ ਵਟੀਆਂ ਮਿਕਦਾਰਾਂ ਹਨ। ਸਗੋਂ ਵਟਾਂਦਰਾ-ਕਦਰ ਸ਼ਬਦ ਵੀ ਪੂਰਾ ਠੀਕ ਨਹੀਂ ਹੈ। ਦਰੁਸਤ ਸ਼ਬਦ ਵਟਾਂਦਰਾ-ਮਿਕਦਾਰ ਹੋਣਾ ਚਾਹੀਦਾ ਹੈ, ਕਿਉਂਕਿ ਵਟਾਂਦਰਾ-ਕਦਰ ਵਟੀਆਂ ਕਦਰਾਂ ਦੀ ਮਿਕਦਾਰ ਦਾ ਲੇਖਾ ਜੋਖਾ ਹੈ।

ਕਿਰਤ ਕਦਰ ਦੇ ਉਤਪਾਦਨ ਵਿੱਚ ਸਿਰਫ ਲਾਗਤ ਦੇ ਰੂਪ ਵਿਚ ਆਉਂਦੀ ਹੈ। ਇਹ ਇਕ ਇਤਹਾਸਕ ਅਤੇ ਯੁਗਾਂਤਰੀ (epochal) ਰਿਸ਼ਤਾ ਹੈ। ਪੂਰਵ-ਇਤਹਾਸਕ ਸਮੇਂ ਵਿੱਚ ਇਨਸਾਨ ਕੁਦਰਤ ਰਾਹੀਂ ਪੈਦਾ ਕੀਤੀਆਂ ਵਰਤੋਂ-ਕਦਰਾਂ 'ਤੇ ਪਲਦਾ ਸੀ। ਹੁਣ ਰੋਬਾਟ ਵੀ ਕਦਰ ਪੈਦਾ ਕਰਨ ਲਗ ਪਏ ਹਨ। ਕਿਰਤ ਦਾ ਲਾਗਤ ਜਾਂ 'ਸਰਮਾਏ ਦੇ ਖਰਚ' ਦੇ ਰੂਪ ਵਿੱਚ ਲਗਣਾ ਮਾਰਕਸ ਦੇ ਆਪਣੇ ਅਰਥਚਾਰੇ ਵਿੱਚ ਬਾਰ ਬਾਰ ਆਉਂਦਾ ਹੈ, ਜਦੋਂ ਕਿਰਤ ਅਸਥਿਰ-ਸਰਮਾਏ ਦਾ ਕੰਮ ਕਰਦੀ ਹੈ। ਮਾਰਕਸ ਨਾਲ ਇਸ ਗਲ ਵਿੱਚ ਕੋਈ ਮੱਤ-ਭੇਦ ਨਹੀਂ ਹੈ ਕਿ ਵਟਾਂਦਰੇ ਵਿੱਚ ਬਰਾਬਰ ਕਿਰਤ ਵਟਦੀ ਹੈ। ਪਰ ਫਰਕ ਹੈ ਕਿ ਬਰਾਬਰ ਕਦਰ ਨਹੀਂ ਵਟਦੀ। ਜੇ ਮਾਰਕਸ ਦੀ ਪਰੀਭਾਸ਼ਾ ਨੂੰ ਬਦਲ ਕੇ ਦਰੁਸਤ ਕਰ ਦਿਤਾ ਜਾਵੇ ਤਾਂ ਇਹ 'ਡੈਮ ਕੁਇਕਲੀ' ਕਾਬੂ ਵਿਚ ਆ ਜਾਂਦੀ ਹੈ।'

•

1'ਜਿਨਸਾਂ ਦੀ ਕਦਰ ਦੀ ਵਾਸਤਵਿਕਤਾ ਮੁਟਿਆਰ ਕੁਇਕਲੀ ਨਾਲੋਂ ਇਸ ਗਲੋਂ ਵੱਖਰੀ ਹੈ ਕਿ 'ਆਦਮੀ ਨੂੰ ਪਤਾ ਨਹੀਂ ਲਗਦਾ ਕਿ ਇਸ ਨੂੰ ਕਿਥੋਂ ਕਾਬੂ ਕਰੇ।' ਸਫਾ 138 ਕੈਪੀਟਲ ਵਿਨਟੇਜ ਬੁਕਸ 1977


# ਮਾਨ ਮਿਊਜ਼ਿਕ ਵੀਡੀਉ ਅਤੇ ਫੋਟੋ ਸਟੂਡੀਉ

ਦਾ ਨਵਾਂ ਸਟੋਰ ਪਾਬਲਾ ਟਰੇਡ ਸੈਂਟਰ ਵਿਚ ਖੁਲ੍ਹ ਗਿਆ ਹੈ। ਹਰ ਕਿਸਮ ਦੀਆਂ ਵੀਡੀਉ ਮੂਵੀਆਂ, ਗਾਣਿਆਂ ਦੀਆਂ ਟੇਪਾਂ, ਅਤੇ ਪਾਸਪੋਰਟ ਫੋਟੋਆਂ ਪੰਜ ਮਿੰਟ ਵਿਚ ਖਿਚਵਾਉਣ ਲਈ ਆਉ। ਸਾਡੇ ਕੋਲ ਹਰ ਕਿਸਮ ਦੀਆਂ ਪੰਜਾਬੀ ਦੀਆਂ ਕਿਤਾਬਾਂ ਵੀ ਮਿਲਦੀਆਂ ਹਨ।

**215-6569 Main St. Vancouver PH. 321-6667**

## ਆਪਣੇ ਲੋਕ



# ਨਿੱਕੀ

- ਅਜਮੇਰ ਰੋਡੇ

ਬਲਵੰਤ ਨੇ ਬੂਹਾ ਖੋਲਿਆ।

"ਹੈਲੋ...ਹਣੀ ਸ਼ਾਵਾਸ਼ੇ ਆਹ ਕਿਵੇਂ ਜੀ ਕਰ ਆਇਆ ਅਜ ਐਧਰ ਨੂੰ?" ਬਲਵੰਤ ਨੇ ਅਚਾਨਕ ਜਗਦੇਵ ਨੂੰ ਵੇਖ ਕੇ ਖੁਸ਼ ਹੁੰਦਿਆਂ ਕਿਹਾ। ਹੋਰ ਸਣਾ ਕਿਵੇਂ, ਠੀਕ ਠਾਕ ਐਂ?"

"ਦਰਸ਼ਨ ਕਰਕੇ। ਤੂੰ ਸਣਾ ਕਿਵੇਂ ਦਿਨ ਨੰਘਦੇ ਐ" ਜਗਦੇਵ ਨੇ ਬੂਟ ਲਾਹੁੰਦਿਆਂ ਕਿਹਾ।

"ਬਸ ਕਿਰਪਾ ਐ ਉਪਰਲੇ ਦੀ, ਹੋਰ ਕਿਵੇਂ ਚੱਕਰ ਮਾਰਿਆ ਫੇਰ?"

"ਐਧਰ ਆਇਆ ਸੀ ਸੇਫਵੇ ਤੋਂ ਲੱਸੀ ਲੈਣ, ਸੋਚਿਆ ਤੈਨੂੰ ਹਲੋ ਕਹਿ ਜਾਵਾਂ ਤੇਰਾ ਤਾਂ ਟੈਮ ਨੀ ਲਗਦਾ। ਕੀ ਗਲ ਕੱਲਾ ਈ ਐਂ ਘਰੇ, ਮਚ ਕੋਈ ਖੜਕਾ ਦੜਕਾ ਨੀ ਸੁਣਦਾ?"

"ਸਾਰੇ ਗਏ ਹੋਏ ਐ ਕਿਤੇ ਨਾ ਕਿਤੇ, ਮੈਂ ਵੀ ਨਿਕਲਣ ਈ ਲਗਾ ਸੀ ਜੇ ਤੂੰ ਨਾ ਆਉਂਦਾ ਤਾਂ" ਦੋਵੇਂ ਜਣੇ ਸੋਫਿਆਂ ਉਤੇ ਬੈਠ ਗਏ।

"ਕਲ੍ਹ ਹਰਨਾਮ ਕੀ ਪਾਰਟੀ ਤੇ ਨੀ ਦਿਸਿਆ ਤੂੰ?" ਬਲਵੰਤ ਨੇ ਪੁਛਿਆ।

"ਪਾਰਟੀ ਪੂਰਟੀ ਦੀ ਗਲ ਫੇਰ ਕਰਾਂਗੇ ਤੂੰ ਐਧਰ ਵੇਖ ਤੈਨੂੰ ਕੋਈ ਚੀਜ ਦਖਾਵਾਂ" ਜਗਦੇਵ ਨੇ ਆਪਣੇ ਹੱਥ 'ਚ ਫੜਿਆ ਅੰਗਰੇਜ਼ੀ ਦਾ ਅਖਬਾਰ ਮੇਜ਼ ਤੇ ਰਖਦਿਆਂ ਕਿਹਾ।

"ਆਹ ਵੇਖ ਦਲਾਵਰ ਦੀ ਕੁੜੀ ਦੀ ਫੋਟੋ, ਪਹਿਲੇ ਨੰਬਰ ਤੇ ਆਈ ਐ ਸ਼ਹਿਰ ਚੋਂ"

"ਹੱਛਾ, ਕਮਾਲ ਹੋ ਗੀ ਫੇਰ ਤਾਂ ਬਈ" ਬਲਵੰਤ ਨੇ ਸਫੇ ਦੇ ਵਿਚਾਲੇ ਛਪੀ ਵਡੀ ਫੋਟੋ ਵਲ ਵੇਖਦਿਆਂ ਕਿਹਾ। "ਕਿਹੜੀ ਕਲਾਸ ਚੋਂ ਆਈ ਐ ਫਸਟ?"

"ਪੜ੍ਹਾਈ ਕਰ ਕੇ ਨਹੀਂ, ਸੋਹਣੀ ਹੋਣ ਕਰਕੇ ਆਈ ਐ ਪਹਿਲੇ ਨੰਬਰ ਤੇ। ਬਿਊਟੀ ਕੁਈਨ।"

"ਲੈ...ਰਹਿਣ ਦੇ...ਗੋਰੀਆਂ ਚੋਂ ਵੀ?" ਬਲਵੰਤ ਦਾ ਹੈਰਾਨੀ ਨਾਲ ਮੂੰਹ ਈ ਖੁਲ੍ਹਾ ਰਹਿ ਗਿਆ।

"ਗੋਰੀਆਂ ਕਾਲੀਆਂ ਸਭ ਮਾਤ ਪਾ ਤੀਆਂ ਇਕ ਵਾਰੀ ਤਾਂ" ਜਗਦੇਵ ਨੇ ਬਲਵੰਤ ਦੇ ਮੂੰਹ ਵਲ ਨੀਝ ਲਾ ਕੇ ਤੱਕਿਆ ਜਿਵੇਂ ਉਸ ਦੇ ਚਿਹਰੇ ਦਾ ਪ੍ਰਤਿਕਰਮ ਭਾਂਪ ਰਿਹਾ ਹੋਵੇ। ਬਲਵੰਤ ਅਗੋਂ ਕੁਝ ਨਾ ਬੋਲਿਆ। ਉਸ ਨੇ ਧਿਆਨ ਨਾਲ ਫੋਟੋ ਵਲ ਵੇਖਿਆ। ਫੋਟੋ ਸਚਮੁਚ ਬਹੁਤ ਸੁਹਣੀ ਸੀ ਅਤੇ ਕੁੜੀ ਦੇ ਨਕਸ਼ ਵੀ ਕੁਝ ਜਾਣੇ ਪਛਾਣੇ ਲਗਦੇ ਸਨ।

"ਸੁਹਣੀ ਐ ਫੋਟੋ" ਬਲਵੰਤ ਹੌਲੀ ਜਿਹੀ ਬੋਲਿਆ।

"ਉਹ ਕੱਲਾ ਮੂੰਹ ਨੀ ਵੇਖਦੇ ਭਾਈ ਸਾਹਬ, ਸਰੀਰ ਦਾ ਅੰਗ ਅੰਗ ਵੇਖ ਚਾਖ ਕੇ ਤੇ ਦੂਜਿਆਂ ਨਾਲ ਮੁਕਾਬਲਾ ਕਰ ਕੇ ਫਸਟ ਕਢਦੇ ਐ। ਕੋਈ ਮਾਮੂਲੀ ਗਲ ਨਹੀਂ ਇਹ। ਤੂੰ ਟੀ.ਵੀ. ਤੇ ਨੀ ਵੇਖੇ ਕਦੇ ਬਿਊਟੀ ਮੁਕਾਬਲੇ?"

ਬਲਵੰਤ ਬਿਨਾ ਬੋਲਣ ਤੋਂ ਫੋਟੋ ਵਲ ਵੇਖਦਾ ਰਿਹਾ, ਜਿਵੇਂ ਯਕੀਨ ਨਾ ਆ ਰਿਹਾ ਹੋਵੇ।

ਜਗਦੇਵ ਨੇ ਗਲ ਜਾਰੀ ਰੱਖਦਿਆਂ ਕਿਹਾ " ਊਂ ਦੇਖ ਲਾ ਯਾਰ ਆਪਣੇ ਲੋਕ ਕਿਥੋਂ ਤੁਰ ਕੇ ਕਿਥੇ ਆ ਗੇ। ਕਿਥੇ ਅਗਲਾ ਆਪਣੀ ਧੀ ਵਲ ਕਿਸੇ ਨੂੰ ਅੱਖ ਚੱਕ ਕੇ ਨੀ ਵੇਖਣ ਦਿੰਦਾ ਤੇ ਕਿਥੇ ਹੁਣ ਸਾਰੇ ਮਲੱਖ ਸਾਹਮਣੇ ਲਤਾਂ ਕਢ ਕੇ ਪਰੇਡਾਂ....ਹੱਦ ਲਹਿ ਗੀ ਬਈ।"

"ਤੇਰੇ ਖਿਆਲ 'ਚ ਅਜ ਕਲ੍ਹ ਕੇ ਜੁਆਕ ਸੁਣਦੇ ਐ ਮਾਪਿਆਂ ਦੀ ਗੱਲ?" ਬਲਵੰਤ ਨੇ ਕੁਝ ਔਖਿਆਈ ਜਿਹੀ ਨਾਲ ਜਗਦੇਵ ਦੀਆਂ ਅੱਖਾਂ ਵਿਚ ਵੇਖਦਿਆਂ ਕਿਹਾ। ਜਗਦੇਵ ਨੇ ਅਖਾਂ ਪਾਸੇ ਕਰ ਲਈਆਂ। ਉਸ ਦੀ ਆਪਣੀ ਕੁੜੀ, ਬੰਟੀ, ਕੁਝ ਚਿਰ ਪਹਿਲਾਂ ਬਹੁਤੀ ਸਖਤੀ ਕਾਰਨ ਘਰੋਂ ਭਜ ਗਈ ਸੀ ਤੇ ਮਸਾਂ ਸਮਝਾ ਬੁਝਾ ਕੇ ਵਾਪਸ ਲਿਆਂਦੀ ਸੀ। ਜਗਦੇਵ ਨੇ ਭਾਵੇਂ ਇਸ ਗਲ ਦੀ ਕਿਸੇ ਕੋਲ ਭਾਫ ਨੀ ਕਢੀ ਸੀ ਪਰ ਅੰਦਰੋ ਅੰਦਰ ਕਾਫੀ ਲੋਕਾਂ ਨੂੰ ਪਤਾ ਲੱਗ ਗਿਆ ਸੀ ਜਿਨ੍ਹਾਂ ਦੇ ਬੱਚੇ ਉਸ ਕੁੜੀ ਨਾਲ ਪੜ੍ਹਦੇ ਸਨ। ਸ਼ਾਇਦ ਏਹੀ ਕਾਰਨ ਸੀ ਹੁਣ ਜਗਦੇਵ ਅਖਬਾਰ ਚੁੱਕੀ ਘਰੋ ਘਰ ਤੁਰਿਆ ਫਿਰਦਾ ਸੀ ਤੇ ਦਿਲਾਵਰ ਦੀ ਕੁੜੀ ਦੀ ਗਲ ਕਰਕੇ ਅੰਦਰ ਕੋਈ ਤਸੱਲੀ ਜਿਹੀ ਮਹਿਸੂਸ ਕਰਦਾ ਸੀ।

ਉਸ ਨੂੰ ਲੱਗਾ 'ਅਜ ਕਲ ਦੇ ਜੁਆਕਾਂ' ਵਾਲੀ ਗਲ ਬਲਵੰਤ ਨੇ ਉਸ ਨੂੰ ਲਾਅ ਕੇ ਕਹੀ ਸੀ। ਉਸਨੂੰ ਖਿਆਲ ਆਇਆ ਦਿਲਾਵਰ ਅਤੇ ਬਲਵੰਤ ਦੀ ਚੰਗੀ ਬਣਦੀ ਹੈ ਅਤੇ ਦੋਨੋਂ ਜਣੇ ਘਰਾਂ ਚੋਂ ਦੂਰੋਂ ਨੇੜਿਉਂ ਸਕੇ ਵੀ ਹਨ। ਉਹ ਅਖਬਾਰ ਚੁਕ ਕੇ ਸੋਫੇ ਤੋਂ ਉਠ ਖੜਾ ਹੋਇਆ।

"ਚੰਗਾ ਬਲਵੰਤ ਸਿਹਾਂ ਮੈਂ ਚਲਦੈਂ, ਫੇਰ ਮਿਲਾਂਗੇ, ਮੈਂ ਤਾਂ ਐਵੇਂ ਹੈਲੋ ਈ ਕਹਿਣ ਆਇਆ ਸੀ।" ਬਲਵੰਤ ਨੇ ਉਸ ਨੂੰ ਹੋਰ ਬੈਠਣ ਲਈ ਕਿਹਾ ਪਰ ਜਗਦੇਵ ਹਥ ਮਿਲਾਕੇ ਚਲਾ ਗਿਆ।

ਬਲਵੰਤ ਨੂੰ ਅਜੇ ਵੀ ਯਕੀਨ ਨਹੀਂ ਸੀ ਆ ਰਿਹਾ। ਕੀ ਇਹ ਸਚ ਮੁਚ ਉਹੀ ਨਿੱਕੀ ਸੀ ਜਿਹਦੇ ਨੱਕ ਚੋਂ ਨਲੀ ਨਹੀਂ ਸੁਕਦੀ ਹੁੰਦੀ ਸੀ। ਉਸਨੂੰ ਯਾਦ ਆਇਆ ਨਿੱਕੀ ਦੀਆਂ ਅੱਖਾਂ ਮੋਟੀਆਂ ਸਨ ਅਤੇ ਨੱਕ ਤਿੱਖਾ। ਪਰ ਪਿੰਡਾਂ ਵਿਚ ਇਹੋ ਜਿਹੀਆਂ ਗਲਾਂ ਵੱਲ ਕੌਣ ਧਿਆਨ ਦਿੰਦਾ ਸੀ। ਉਸਨੂੰ ਨਿੱਕੀ ਦੇ ਬਚਪਨ ਬਾਰੇ ਇਕ ਹੋਰ ਗਲ ਵੀ ਕਦੇ ਨਹੀਂ ਭੁਲੀ ਸੀ।

ਨਿੱਕੀ ਦੋ ਕੁ ਸਾਲਾਂ ਦੀ ਸੀ। ਇਕ ਦਿਨ ਉਸਦੀ ਮਾਂ, ਮੇਲੋ, ਬਾਹਰ ਆਪਣੇ ਖੇਤ ਵਿਚ ਕਪਾਹ ਚੁਗਦੀ ਸੀ। ਨਿਕੀ ਨੂੰ ਉਸਨੇ ਇਕ ਪਾਸੇ ਟਾਹਲੀ ਦੀ ਠੰਢੀ ਛਾਂ ਹੇਠ ਸੁਆਇਆ ਹੋਇਆ ਸੀ।

ਜਦੋਂ ਮੇਲੋ ਕੁਝ ਚਿਰ ਪਿਛੋਂ ਕਪਾਹ ਚੋਰੀ ਕਰਨ ਆਈ ਤਾਂ ਨਿੱਕੀ ਨੂੰ ਉਥੋਂ ਗੁਮ ਵੇਖ ਕੇ ਉਸਦੀ ਖਾਨਿਓਂ ਗਈ। "ਹਾਇ ਨੀ ਮੈਂ ਮਰ ਜਾਂ ਮੇਰੀ ਕੁੜੀ....।" ਉਹ ਭੌਰ ਭੌਰੀ ਹੋਈ ਕਦੇ ਐਸ ਪਾਸੇ ਭਜ ਕੇ ਵੇਖੇ ਕਦੇ ਔਸ ਪਾਸੇ। ਨਾਲ ਦੇ ਖੇਤ 'ਚ ਕੰਮ ਕਰਦਾ ਬਲਵੰਤ ਓਥੇ ਆਇਆ ਅਤੇ ਮੇਲੋ ਨੂੰ ਵੇਖ ਕੇ ਬੋਲਿਆ:

"ਕੀ ਹਲ ਐ ਭਾਬੀ ਭਮੱਤਰੀ ਗਾਂ ਆਂਙੂ ਭਜੀ ਫਿਰਦੀ ਐਂ? ਸਾਨੂੰ ਦੱਸ ਕੋਈ ਸੇਵਾ ਦੀ ਲੋੜ ਐ ਤਾਂ।"

"ਵੇ ਬੰਤ ਮੇਰੀ ਤਾਂ ਕੁੜੀ ਐਥੋਂ ਪਤਾ ਨੀ ਕਿਥੇ ਚਲੀ ਗਈ। ਵੀਰ ਬਣ ਕੇ ਦੇਖ ਐਥੇ ਕਿਤੇ ਹੈਗੀ ਐ ਤਾਂ।"

"ਹੈਂ, ਨਿੱਕੀ ਨੂੰ ਚੱਕ ਕੇ ਲੈ ਗਿਆ ਕੋਈ।"

"ਹਾੜੇ ਹਾੜੇ ਤੇਰੇ ਅਗੇ ਹੱਥ ਬੰਨ੍ਹਦੀ ਆਂ, ਵੀਰ ਬਣ ਕੇ ਭਾਲ ਕੁੜੀ ਨੂੰ।"

"ਓ ਹੱਛਾ, ਭਾਬੀ ਤੈਨੂੰ ਦੱਸਾਂ ਜਾਂ ਤਾਂ ਫੇਰ ਓਹੀ ਗਲ ਹੋਈ। ਉਹ ਸਾਡੇ ਖੇਤ ਵਾਲੀ ਬੇਰੀ ਐ ਨਾ ਮੋਟੇ ਤਣੇ ਆਲੀ ਓਥੇ ਗਿਦੜੀ ਦਾ ਘੁਰਨਾ ਐ। ਮੈਨੂੰ ਲਗਦੈ ਗਿਦੜੀ ਲੈ ਗੀ ਨਿੱਕੀ ਨੂੰ ਚੱਕ ਕੇ।
ਚਲ ਐਥੇ ਵੇਖ ਚਲ ਕੇ। ਐਸੇ ਤਰ੍ਹਾਂ ਅਗੇ ਇਕ ਵਾਰੀ ਕਹਿੰਦੇ ਸੋਖੀ ਕੇ ਮੁੰਡੇ ਨੂੰ...।"

"ਵੇ ਜਾਹ ਢਕਾ ਹੋ ਟੁਟ ਪੈਣਾ ਮੇਰੇ ਨਾ ਚਲਾਕੀਆਂ ਕਰਦੈ ਅਗੋਂ, ਅਖੇ ਸਾਡੇ ਖੇਤ 'ਚ ਆਜਾ...।"

"ਨਾ ਭਾਬੀ ਮੈਨੂੰ ਤਾਂ ਵਡੇ ਮਾਹਾਰਾਜ ਦੀ ਸੌਂਹ ਜੇ.....ਚਲ ਜਾਹ ਤੂੰ ਕਲੀ ਜਾ ਕੇ ਵੇਖ ਆ ਮੈਂ ਐਧਰ ਵੇਖਦੈਂ।"

ਮੇਲੋ ਡਰਦੀ ਡਰਦੀ ਬੇਰੀ ਦੇ ਦੂਜੇ ਪਾਸੇ ਗਈ। ਅੱਗੇ ਢਾਵੇਂ ਮੂਢ ਨਾਲ ਬੈਠੀ ਨਿੱਕੀ ਗੁੜ ਦੀ ਡਲੀ ਖਾਈ ਜਾਂਦੀ ਸੀ। ਉਸ ਨੂੰ ਵੇਖ ਕੇ ਮੇਲੋ ਦੀ ਜਾਨ ਵਿਚ ਜਾਨ ਆਈ, ਉਸਨੇ ਨਿੱਕੀ ਨੂੰ ਚੁਕ ਕੇ ਹਿੱਕ ਨਾਲ ਲਾ ਲਿਆ। ਜਦੋਂ ਉਸਨੂੰ ਨਿੱਕੀ ਦੇ ਹੱਥ ਵਿਚ ਗੁੜ ਦਾ ਖਿਆਲ ਆਇਆ ਤਾਂ ਨਿੱਕੀ ਆਪੇ ਹੀ ਬੋਲ ਪਈ:

"ਬੇਬੇ ਬੰਤ ਤਾਤੇ ਨੈ, ਹੈ ਨਾ, ਗੁੜ ਦਿਤਾ ਸੀ ਨਾਲੇ, ਹੈ ਨਾ, ਕਹਿੰਦਾ ਸੀ, ਸ਼ੀਅ...ਚੁੱਪ।"

ਮੇਲੋ ਨੇ ਭੌਂ ਕੇ ਵੇਖਿਆ, ਪਰੇ ਖੜਾ ਬੰਤ ਦੰਦੀਆਂ ਕਢੀ ਜਾਂਦਾ ਸੀ।

"ਖੜ ਜਾਹ ਹੈਥੇ ਦੋਜਕੀਆ.....ਕਿੰਨਾ ਡਰਾਇਆ ਮੈਨੂੰ। ਆਹ ਕਪਾਹ ਤੇਰਾ ਕੋਈ ਲਗਦਾ ਚੁਗੂ ਆਕੇ" ਬਲਵੰਤ ਹਸਦਾ ਹਸਦਾ ਮੇਲੋ ਨੂੰ ਗੂਠਾ ਦਿਖਾ ਕੇ ਪਰੇ ਤੁਰ ਗਿਆ। ਪਰ ਮੇਲੋ ਦਾ ਇਹ ਗੁੱਸਾ ਉਤੋਂ ਉਤੋਂ ਹੀ ਸੀ। ਪਿਛੋਂ ਮੇਲੋ ਲਈ ਇਹ ਹਾਦਸਾ ਇਕ ਅਤਿ ਪਿਆਰੀ ਯਾਦ ਬਣ ਕੇ ਸਦਾ ਲਈ ਦਿਲ ਵਿਚ ਟਿਕ ਗਿਆ। ਬਲਵੰਤ ਉਸ ਸਮੇਂ ਕਾਲਜ ਚੋਂ ਇਕ ਦੋ ਵਾਰ ਫੇਲ੍ਹ ਹੋ ਕੇ ਅਤੇ ਵਾਪਸ ਪਿੰਡ ਆ ਕੇ ਖੇਤੀ ਦਾ ਕੰਮ ਕਰਨ ਲਗ ਪਿਆ ਸੀ।

ਅਜ ਸਭ ਕੁਝ ਕਿਨਾ ਬਦਲ ਗਿਆ ਹੈ। ਬਲਵੰਤ ਦੇ ਬੁਲਾਂ ਤੇ ਮੁਸਕਾਨ ਆ ਗਈ। ਪਰ ਨਾਲ ਹੀ ਨਿੱਕੀ ਦੇ ਬਿਊਟੀ ਮੁਕਾਬਲਿਆਂ ਵਿਚ ਹਿਸਾ ਲੈਣ ਦੀ ਗਲ ਨੇ ਉਸ ਦਾ ਮਨ ਉਦਾਸ ਕਰ ਦਿਤਾ। ਉਸ ਦੇ ਵਿਚਾਰ ਵਿਚ 'ਸਾਡੀਆਂ' ਕੁੜੀਆਂ ਲਈ ਇਹ ਗੱਲਾਂ ਬਹੁਤ ਮਾੜੀਆਂ ਸਨ। ਨਿੱਕੀ ਦਾ ਅਸਰ ਕਮਿਊਨਿਟੀ ਦੀਆਂ ਬਾਕੀ ਕੁੜੀਆਂ ਤੇ ਵੀ ਜਰੂਰ ਪਊਗਾ। ਕਲ੍ਹ ਨੂੰ ਉਸ ਦੀਆਂ ਆਪਣੀਆਂ ਧੀਆਂ ਵੀ ਜੁਆਨ ਹੋਣ ਵਾਲੀਆਂ ਸਨ। ਉਸ ਨੇ ਅੰਦਾਜਾ ਲਾਇਆ ਨਿੱਕੀ ਦੀ ਉਮਰ ਕੋਈ ਅਠਾਰਾਂ ਉਨੀ ਸਾਲ ਦੀ ਹੋਵੇਗੀ। ਅਜ ਤੋਂ ਤੇਰਾਂ ਚੌਦਾਂ ਸਾਲ ਪਹਿਲਾਂ ਦਿਲਾਵਰ ਆਪਣਾ ਪਰਿਵਾਰ ਨਾਲ ਲੈ ਕੇ ਕੈਨੇਡਾ ਆ ਗਿਆ ਸੀ। ਉਹ ਆਉਂਦਾ ਈ ਇਨਸ਼ੋਰੈਂਸ ਵੇਚਣ ਦਾ ਕੰਮ ਕਰਨ ਲਗ ਪਿਆ ਸੀ ਅਤੇ ਹੁਣ ਤਕ ਚੰਗਾ ਪੈਸਾ ਕਮਾ ਚੁੱਕਿਆ ਸੀ।

ਬਲਵੰਤ ਦਿਲਾਵਰ ਤੋਂ ਚਾਰ ਪੰਜ ਸਾਲ ਪਿਛੋਂ ਆਇਆ ਸੀ। ਉਸ ਦੇ ਅਜੇ ਵੀ ਪੂਰੀ ਤਰਾਂ ਪੈਰ ਨਹੀਂ ਸਨ ਜੰਮੇ। ਉਹ ਦੋ ਕੁ ਸਾਲ ਪਹਿਲਾਂ ਕੁਨੈਲ, ਕੈਲਗਰੀ ਤੋਂ ਫਿਰਦਾ ਫਿਰਾਂਦਾ ਵਾਪਸ ਵੈਨਕੂਵਰ ਆ ਟਿਕਿਆ। ਪਤਨੀ ਇਕ ਸਟੋਰ ਵਿਚ ਪੱਕੇ ਕੰਮ ਉੱਤੇ ਲਗ ਗਈ ਪਰ ਬਲਵੰਤ ਆਪ ਅਕਸਰ ਅਨ ਇੰਪਲਾਇਮੈਂਟ ਤੇ ਰਹਿੰਦਾ ਸੀ। ਪਹਿਲਾਂ ਦੇ ਬਲਵੰਤ ਨਾਲੋਂ ਅਜਕਲ ਦੇ ਬਲਵੰਤ ਵਿਚ ਬਹੁਤ ਫਰਕ ਆ ਗਿਆ ਸੀ। ਉਹ ਭਾਵੇਂ ਅਜੇ ਚਾਲੀਆਂ ਦੇ ਇਰਦ ਗਿਰਦ ਹੀ ਸੀ ਪਰ ਉਸ ਦੀ ਬੋਲਣੀ ਚਲਣੀ ਅਤੇ ਅਦਾਵਾਂ ਚੋਂ ਬਜੁਰਗਪੁਣੇ ਦੀ ਝਲਕ ਪੈਂਦੀ ਸੀ।

ਉਹ ਪੋਚਵੀਂ ਪੱਗ ਬਨ੍ਹ ਕੇ ਅਤੇ ਸੁਥਰੇ ਕਪੜੇ ਪਹਿਨ ਕੇ ਅਤੇ ਆਪਣੀ ਅਧ ਚਿਟੀ ਦਾੜ੍ਹੀ ਖੁਲੀ ਛਡ ਕੇ ਹਰ ਰੋਜ ਗੁਰਦਵਾਰੇ ਜਾਂਦਾ ਅਤੇ ਲੋਕਾਂ ਨੂੰ ਘਰੇਲੂ ਸਲਾਹ ਮਸ਼ਵਰੇ ਦਿੰਦਾ ਰਹਿੰਦਾ। ਜਾਂ ਕਮਿਊਨਿਟੀ ਦੇ ਮਸਲਿਆਂ ਉਤੇ ਗਲ ਕਰਦਾ। ਲੋਕਾਂ ਵਿਚ ਉਸਦੀ ਚੰਗੀ ਇੱਜ਼ਤ ਬਣੀ ਹੋਈ ਸੀ। ਦਿਲਾਵਰ ਦੇ ਪਰਿਵਾਰ ਨਾਲ ਉਸ ਦੀ ਸਾਂਝ ਅਜੇ ਵੀ ਡੂੰਘੀ ਸੀ। ਭਾਵੇਂ ਉਨ੍ਹਾਂ ਨਾਲ ਆਉਣ ਜਾਣ ਕਦੀ ਕਦਾਈਂ ਹੀ ਹੁੰਦਾ। ਨਿੱਕੀ ਨੂੰ ਤਾਂ ਵੇਖਿਆਂ ਸ਼ਾਇਦ ਸਾਲ ਹੀ ਬੀਤ ਗਏ ਸਨ। ਉਹ ਜਦੋਂ ਕਦੇ ਵੀ ਦਿਲਾਵਰ ਦੇ ਘਰ ਜਾਂਦਾ, ਨਿੱਕੀ ਅਕਸਰ ਆਪਣੀਆਂ ਸਹੇਲੀਆਂ ਨਾਲ ਬਾਹਰ ਹੁੰਦੀ ਜਾਂ ਸਕੂਲ ਵਿਚ। ਉਂਜ ਵੀ ਕੈਨੇਡਾ ਵਿਚ ਜੰਮੇ ਜਾਂ ਪਲੇ ਬੱਚੇ ਵੱਡਿਆਂ ਵਿਚ ਘਟ ਵਧ ਹੀ ਦਿਲਚਸਪੀ ਲੈਂਦੇ ਹਨ।

ਇਸ ਸਮੇਂ ਬਲਵੰਤ ਦਿਲਾਵਰ ਬਾਰੇ ਸੋਚ ਰਿਹਾ ਸੀ। ਦਿਲਾਵਰ ਬਹੁਤ ਅਣਖੀਲਾ ਅਤੇ ਗੁਸੈਲੇ ਸੁਭਾ ਦਾ ਸੀ। ਕਿਵੇਂ ਉਸ ਨੇ ਨਿੱਕੀ ਦੀ ਫੋਟੋ ਨਾਲ ਥਾਂ ਥਾਂ ਹੋਈ ਚਰਚਾ ਸਹਾਰੀ ਹੋਵੇਗੀ। ਉਸ ਨੂੰ ਪੱਕਾ ਯਕੀਨ ਸੀ ਦਿਲਾਵਰ ਨਿੱਕੀ ਦੀਆਂ ਅਜਿਹੀਆਂ ਹਰਕਤਾਂ ਤੋਂ ਅਣਜਾਣ ਰਿਹਾ ਹੋਵੇਗਾ, ਨਹੀਂ ਤਾਂ....। ਉਸ ਨੇ ਨਿੱਕੀ ਨੂੰ ਬਹੁਤ ਕੁੱਟਿਆ ਹੋਊਗਾ। ਜੇ ਉਹ ਵੀ ਜਗਦੇਵ ਦੀ ਕੁੜੀ ਵਾਂਗ ਘਰੋਂ ਭਜ ਗਈ। ਉਸ ਨੇ ਉਸੇ ਪਲ ਹੀ ਦਿਲਾਵਰ ਦੇ ਘਰ ਜਾਣ ਦਾ ਫੈਸਲਾ ਕਰ ਲਿਆ।

ਬੈੱਲ ਹੋਣ ਤੇ ਮੇਲੋ ਨੇ ਬੂਹਾ ਖੋਲਿਆ। "ਸਾਸਰੀ ਕਾਲ। ਅਜ ਸਾਡੇ ਘਰ ਕਿਵੇਂ ਰਾਹ ਭੁਲ ਕੇ ਆਗੇ। ਆ ਜੋ ਅੰਦਰ ਬੈਠੋ ਸੋਫੇ ਤੇ।" ਮੇਲੋ ਨੂੰ ਇਸ ਤਰਾਂ ਖੁਸ਼ ਵੇਖ ਕੇ ਬਲਵੰਤ ਨੂੰ ਹੈਰਾਨੀ ਹੋਈ।

"ਕੀ ਲਿਆਵਾਂ, ਜੂਸ ਕਿ ਚਾਹ ਧਰਾਂ?"

"ਨਹੀਂ ਕਾਸੇ ਦੀ ਲੋੜ ਨੀ। ਮੈਂ ਤਾਂ..."

"ਨਿੱਕੀ, ਨਿੱਕੀ, ਥੱਲੇ ਆਈਂ ਇਕ ਮਿੰਟ" ਮੇਲੋ ਨੇ ਬਲਵੰਤ ਦੀ ਗਲ ਵਿਚੋਂ ਹੀ ਕੱਟ ਕੇ ਨਿੱਕੀ ਨੂੰ ਆਵਾਜ ਮਾਰੀ ਅਤੇ ਕੌਫੀ ਟੇਬਲ ਉਤੇ ਪਹਿਲਾਂ ਦੇ ਪਏ ਕੱਪ ਚੁੱਕਣ ਲੱਗ ਪਈ।
"ਕਮਿੰਗ ਮਾਮ।" ਉਪਰੋਂ ਕਮਰੇ ਚੋਂ ਨਿੱਕੀ ਦੀ ਆਵਾਜ ਆਈ, ਉਸਨੇ ਸੋਚਿਆ ਬਾਹਰ ਸ਼ਾਇਦ ਉਸ ਦੀ ਕੋਈ ਸਹੇਲੀ ਆਈ ਹੈ। ਦੂਜੇ ਪਲ ਹੀ ਉਹ ਆਪਣੀ ਇਕ ਗੋਰੀ ਸਹੇਲੀ ਨਾਲ ਲਿਵਿੰਗ ਰੂਮ 'ਚ ਆ ਗਈ। ਨਿੱਕੀ ਨੇ ਪੂਰੀ ਮੇਕ ਅੱਪ ਕੀਤੀ

ਹੋਈ ਸੀ ਅਤੇ ਸਕਰਟ ਪਹਿਨੀ ਹੋਈ ਸੀ। ਉਸ ਦੇ ਚਿਹਰੇ ਉਤੇ ਉਤਸੁਕਤਾ, ਅਤੇ ਥੋੜਾ ਜਿਹਾ ਤਣਾਓ ਸੀ। ਸੋਫੇ ਉਤੇ ਬੈਠੇ ਬਲਵੰਤ ਨੂੰ ਜਿਵੇਂ ਉਸ ਨੇ ਦੇਖਿਆ ਹੀ ਨਹੀਂ ਸੀ। ਨਿੱਕੀ ਨੂੰ ਬਲਵੰਤ ਵੇਖਦਾ ਹੀ ਰਹਿ ਗਿਆ। ਐਨੀ ਸੁਹਣੀ ਅਤੇ ਸੁਡੋਲ ਅੰਗਾਂ ਵਾਲੀ ਮੁਟਿਆਰ ਉਸ ਨੇ ਸ਼ਾਇਦ ਪਹਿਲਾਂ ਕਦੇ ਵੇਖੀ ਹੀ ਨਹੀਂ ਸੀ।

"ਐਵੇਂ ਤਾਂ ਨੀ ਫਸਟ ਆ ਗੀ।" ਬਲਵੰਤ ਦੇ ਮਨ 'ਚ ਅਚੇਤ ਹੀ ਖਿਆਲ ਆਇਆ। ਪਰ ਉਸ ਨੇ ਤੁਰੰਤ ਹੀ ਅੱਖਾਂ ਨੀਵੀਆਂ ਕਰ ਲਈਆਂ। ਨਿੱਕੀ ਤਾਂ ਉਸ ਦੇ ਦੋਸਤ ਦੀ ਧੀ ਸੀ। ਉਸਦੀਆਂ ਆਪਣੀਆਂ ਧੀਆਂ ਵਰਗੀ।

"ਨਿੱਕੀ ਇਹ ਤੇਰਾ ਉਹ ਅੰਕਲ ਐ ਜਿਹੜਾ ਤੈਨੂੰ ਛੋਟੀ ਹੁੰਦੀ ਨੂੰ ਕਪਾਹ ਦੇ ਖੇਤ ਚੋਂ..." ਮੇਲੋ ਨੇ ਨਿੱਕੀ ਨੂੰ ਯਾਦ ਕਰਵਾਂਦਿਆਂ ਕਿਹਾ। ਸੁਣ ਕੇ ਨਿੱਕੀ ਦਾ ਚਿਹਰਾ ਬੱਚਿਆਂ ਵਾਂਗ ਖਿੜ ਗਿਆ।

"ਓ ਹਾਇ ਅੰਕਲ" ਨਿੱਕੀ ਟਪੂਸੀ ਮਾਰ ਕੇ ਸੋਫੇ ਉਤੇ ਬਲਵੰਤ ਨਾਲ ਲੱਗ ਕੇ ਜਾ ਬੈਠੀ। ਬਲਵੰਤ ਅਚੰਭਤ ਜਿਹਾ ਹੋਇਆ ਕੋਈ ਵੀ ਸ਼ਬਦ ਨਾ ਬੋਲ ਸਕਿਆ। ਉਸ ਨੇ ਨਿੱਕੀ ਨੂੰ ਪਿਆਰ ਦੇਣ ਲਈ ਹੱਥ ਚੁਕਿਆ ਪਰ ਉਸਦੇ ਵਾਲ ਖਰਾਬ ਹੋਣ ਦੇ ਡਰੋਂ ਪੋਲਾ ਜਿਹਾ ਉਸਦੇ ਮੋਢੇ ਤੇ ਹੀ ਰੱਖ ਦਿਤਾ। ਨਿੱਕੀ ਨੇ ਕਨੇਡੀਅਨ ਬੱਚਿਆਂ ਦੀ ਅਦਾ ਨਾਲ ਆਪਣਾ ਲੰਬੇ ਕੇਸਾਂ ਵਾਲਾ ਸਿਰ ਬਲਵੰਤ ਦੇ ਖੱਬੇ ਪਾਸੇ ਨਾਲ ਲਾ ਦਿਤਾ। ਵਾਲਾਂ ਚੋਂ ਉਠਦੀ ਮਹਿਕ ਨਾਲ ਬਲਵੰਤ ਦਾ ਮਨ ਸਰੂਰਿਆ ਗਿਆ। ਨਿੱਕੀ ਕੋਮਲ ਭਾਵਾਂ ਵਾਲੀ ਕੁੜੀ ਸੀ ਅਤੇ ਮਾਂ ਤੋਂ ਕਈ ਵਾਰ ਆਪਣੇ ਬਚਪਨ ਦੀ ਕਪਾਹ ਵਾਲੀ ਗਲ ਸੁਣਕੇ ਉਸਨੂੰ ਅੰਦਰੋ ਅੰਦਰ ਆਪਣੇ ਇਸ ਅੰਕਲ ਨਾਲ ਅਜੀਬ ਜਿਹਾ ਲਗਾਓ ਹੋ ਗਿਆ ਸੀ।

"ਦਿਲਾਵਰ ਕਿਥੇ ਐ" ਬਲਵੰਤ ਨੇ ਮੇਲੋਂ ਵੱਲ ਮੂੰਹ ਕਰਕੇ ਪੁੱਛਿਆ।

"ਉਹ ਆਹ ਸਟੋਰ ਤੱਕ ਗਏ ਐ। ਆਉਣ ਵਾਲੇ ਈ ਐ। ਪਹਿਲਾਂ ਤਾਂ ਐਵੇਂ ਗੁੱਸੇ ਜਿਹੇ 'ਚ ਬੈਠੇ ਸੀ ਫੇਰ ਉਨ੍ਹਾਂ ਦੇ ਬਾਸ ਦਾ ਫੋਨ ਆ ਗਿਆ। ਕਹਿੰਦੇ ਵਧਾਈਆਂ ਦੇਣ ਆਉਣੇ। ਇਹਨਾ ਦਾ ਮੂਡ ਬਦਲ ਗਿਆ। ਕਹਿੰਦੇ ਚਲ ਸਟੋਰ ਤੋਂ ਜਾ ਕੇ ਮਠਿਆਈ ਈ ਲੈ ਆਵਾਂ" ਮੇਲੋ ਨੇ ਹੱਸ ਕੇ ਬਲਵੰਤ ਕੋਲ ਘਰਦਿਆਂ ਵਾਂਗ ਸਾਰੀ ਗਲ ਕਰ ਦਿਤੀ। ਬਲਵੰਤ ਨਊ ਆਪਣਾ ਆਪ ਮੂਰਖ ਲੱਗ ਰਿਹਾ ਸੀ।

ਉਸਨੇ ਸੋਚਿਆ ਉਹ ਕੀ ਅੰਦਾਜੇ ਲਾਉਂਦਾ ਸੀ ਤੇ ਐਥੇ ਕੀ ਕੁਝ ਵਾਪਰੀ ਜਾਂਦਾ ਹੈ। ਉਹ ਮੇਜ ਤੇ ਨਿੱਕੀ ਦੀ ਫੋਟੋ ਵਾਲੀ ਪਈ ਅਖਬਾਰ ਵੱਲ ਵੇਖ ਕੇ ਬੋਲਿਆ, "ਨਿੱਕੀ ਬੇਟਾ ਤੇਰੀ ਆਹ ਫੋਟੋ ਸੁਹਣੀ ਛਪੀ ਐ।" ਨਿੱਕੀ ਮੁਸਕਰਾ ਕੇ ਸੋਫੇ ਤੋਂ ਉਠ ਖੜੀ।

"ਇਹ ਕਾਹਨੂੰ ਏਹੋ ਜੇ ਕੰਮਾਂ ਚ ਪੈਂਦੀ ਐ, ਇਹ ਤਾਂ ਐਵੇਂ ਇਹਦੀਆਂ ਟੀਚਰਾਂ ਮਗਰ ਪੈ ਗੀਆਂ। ਇਹ ਤਾਂ ਆਵਦੀਆਂ ਕਤਾਬਾਂ ਚੋਂ ਈ ਨੀ ਨਿਕਲਦੀ" ਮੇਲੋ ਨੇ ਸਰਸਰੀ ਜਿਹੇ ਲਹਿਜੇ ਵਿਚ ਕਿਹਾ। ਅੰਦਰੋਂ ਉਹ ਖੁਸ਼ ਜਾਪਦੀ ਸੀ।

"ਕੋਈ ਨੀ, ਕੋਈ ਨੀ ਚਲੋ ਕੀ ਹਰਜ ਐ ਭਾਈ। ਇਹਨਾਂ ਦੀ ਉਮਰ ਐ।" ਬੋਲਣ ਪਿਛੋਂ ਬਲਵੰਤ ਨੂੰ ਆਪਣੇ ਆਪ ਉਤੇ ਹੈਰਾਨੀ ਹੋਈ, ਉਹ ਕੀ ਕਹਿ ਗਿਆ ਸੀ। ਨਾਲ ਹੀ ਉਸ ਨੂੰ ਦਿਲਾਵਰ ਕੇ ਘਰ ਆਉਣ ਵਾਲੇ ਗੋਰੇ ਪਰਾਹੁਣਿਆਂ ਦਾ ਖਿਆਲ ਆਇਆ ਅਤੇ ਉਹ ਮੇਲੋ ਦੇ ਰੋਕਣ ਤੇ ਵੀ ਸਾਸਰੀ ਕਾਲ ਕਹਿ ਕੇ ਬਾਹਰ ਆ ਗਿਆ।

ਕਾਰ ਚਲਾਉਂਦਿਆਂ ਉਸ ਦੇ ਮਨ ਵਿਚ ਅਜੀਬ ਜਿਹਾ ਸਰੂਰ ਸੀ। ਉਸ ਨੂੰ ਬਿਊਟੀ ਮੁਕਾਬਲੇ ਅਜੇ ਵੀ ਚੰਗੇ ਨਹੀਂ ਲਗਦੇ ਸਨ ਪਰ ਨਿੱਕੀ ਦੀ ਇਕ ਨਿਰਛਲ ਜਿਹੀ ਛੋਹ ਨੇ ਉਸ ਦੇ ਮੂਹੋਂ ਕੀ ਕੁਝ ਅਖਵਾ ਦਿਤਾ ਸੀ।


**Kohli Master Cuts**
**Beauty Salon**
ਵਲੋਂ ਨਵੀਂ ਦੁਕਾਨ ਖੋਲ੍ਹਣ ਦਾ ਐਲਾਨ

**215 East 49th Ave.** (At Main St.)
**Ph. 327-2779**

* Colour
* Perms
* Facials
* Beard Trim
* Scalp Treatment
* Ear Piercing
* Eye Brow Arching
* Threading
* Shave

**2 Other Locations To Serve you**

| Kohli Unisex Hairstyling | Kohlis |
|---|---|
| 6480 - Victoria Dr. Van. | 214 E. 50th Ave Vancouver, B.C. |
| Ph. 321-5555 | Ph. 324-2665 |

ਆਪਣੇ ਮਨਪਸੰਦ ਦੀ ਛੋਟੀ ਕਾਰ ਤੋਂ ਲੈ ਕੇ ਵੱਡੀ ਕਾਰ, ਵੈਨ ਜਾਂ ਪਿਕ ਅੱਪ ਖਰੀਦਣ ਜਾਂ ਟਰੇਡ ਕਰਨ ਲਈ ਜਾਂ ਸਲਾਹ ਮਸ਼ਵਰੇ ਲਈ
ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਸੇਲਜ਼ਮੈਨ
ਕਮਲਜੀਤ ਜੌਹਲ ਨੂੰ ਫੋਨ ਕਰੋ ਜਾਂ ਮਿਲੋ

BUY!... FINANCE!!!... LEASE!!!

**Kamaljit (Kam) Johal**
Pager: 735-1035 , Res. 581-0729

ED KLASSEN GM
Pontiac Buick GMC Ltd.
6280 Scott Rd. Surrey • Call 594-2277


KAMALJIT (KAM) JOHAL

# ਜੱਦੋਜਹਿਦ ਹੀ ਮੇਰੀ ਜਿੰਦਗੀ ਹੈ

## ਨੈਲਸਨ ਮੰਡੇਲਾ

### ਜੇ ਲੋੜ ਪਵੇ ਤਾਂ ਮੈਂ ਮਰਨ ਲਈ ਵੀ ਤਿਆਰ ਹਾਂ:

(ਰੀਵੋਨੀਆ ਮੁਕੱਦਮੇ (1963-64) ਦੌਰਾਨ ਮੰਡੇਲਾ ਵਲੋਂ ਪਰੀਟੋਰੀਆ ਦੀ ਸੁਪਰੀਮ ਕੋਰਟ ਵਿਚ 20 ਅਪ੍ਰੈਲ 1964 ਨੂੰ ਦਿੱਤੇ ਬਿਆਨ ਦਾ ਆਖਰੀ ਹਿੱਸਾ। 11 ਜੂਨ 1964 ਨੂੰ ਇਸ ਮੁਕੱਦਮੇ ਦਾ ਫੈਸਲਾ ਹੋਣ ਤੇ ਮੰਡੇਲਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।)

....ਅਸੀ ਸਿਆਸੀ ਹੱਕ ਚਾਹੁੰਦੇ ਹਾਂ, ਕਿਉਂਕਿ ਉਨ੍ਹਾਂ ਤੋਂ ਬਿਨਾਂ ਸਾਡੀਆਂ ਅਸਮਰਥਾਵਾਂ ਹਮੇਸ਼ਾ ਕਾਇਮ ਰਹਿਣਗੀਆਂ। ਮੈਨੂੰ ਪਤਾ ਹੈ ਕਿ ਇਸ ਦੇਸ਼ ਦੇ ਚਿੱਟਿਆਂ ਨੂੰ ਇਹ ਗੱਲ ਇਨਕਲਾਬੀ ਲੱਗਦੀ ਹੈ ਕਿਉਂਕਿ ਏਥੇ ਬਹੁਗਿਣਤੀ ਵੋਟਰ ਅਫਰੀਕਨ ਲੋਕ ਹਨ। ਇਸ ਲਈ ਚਿੱਟਿਆਂ ਨੂੰ ਡੈਮੋਕਰਸੀ ਤੋਂ ਡਰ ਆਉਂਦਾ ਹੈ।

ਪਰ ਉਹਨਾਂ ਦਾ ਇਹ ਡਰ ਦੇਸ਼ ਵਿਚ ਨਸਲੀ ਸੱਦਭਾਵਨਾ ਅਤੇ ਸਾਰਿਆਂ ਲਈ ਬਰਾਬਰਤਾ ਕਾਇਮ ਕਰਨ ਦੇ ਰਾਹ ਵਿਚ ਰੋੜਾ ਨਹੀਂ ਬਣਨ ਦਿੱਤਾ ਜਾ ਸਕਦਾ। ਇਹ ਸੱਚ ਨਹੀਂ ਕਿ ਸਾਰਿਆਂ ਨੂੰ ਵੋਟ ਦਾ ਅਧਿਕਾਰ ਦੇਣ ਦਾ ਨਤੀਜਾ ਇਕ ਨਸਲ ਦੀ ਸਰਦਾਰੀ ਵਿਚ ਨਿਕਲੇਗਾ। ਰੰਗਾਂ ਦੇ ਆਧਾਰ ਤੇ ਸਿਆਸੀ ਵਖਰੇਵਾਂ ਬਣਾਵਟੀ ਹੈ।

ਜਦੋਂ ਇਹ ਖਤਮ ਹੋ ਜਾਵੇਗਾ, ਉਦੋਂ ਹੀ ਇਕ ਰੰਗ ਵਾਲੇ ਲੋਕਾਂ ਦੀ ਦੂਜੇ ਰੰਗ ਵਾਲੇ ਲੋਕਾਂ ਉਪਰ, ਸਰਦਾਰੀ ਖਤਮ ਹੋ ਜਾਵੇਗੀ। ਅਫਰੀਕਨ ਨੈਸ਼ਨਲ ਕਾਂਗਰਸ ਨੇ ਅੱਧੀ ਸਦੀ ਨਸਲਵਾਦ ਵਿਰੁਧ ਲੜਦਿਆਂ ਗੁਜ਼ਾਰੀ ਹੈ। ਅਸੀਂ ਜਿੱਤ ਤੋਂ ਬਾਅਦ ਇਹ ਪਾਲਸੀ ਬਦਲਣ ਨਹੀਂ ਲੱਗੇ।

... ਅਫਰੀਕਨ ਨੈਸ਼ਨਲ ਕਾਂਗਰਸ ... ਦੀ ਜੱਦੋਜਹਿਦ ਇਕ ਕੌਮੀ ਜੱਦੋਜਹਿਦ ਹੈ। ਇਹ ਅਫਰੀਕਨ ਲੋਕਾਂ ਦੀ ਜੱਦੋਜਹਿਦ ਹੈ ਜੋ ਉਨ੍ਹਾਂ ਦੇ ਆਪਣੇ ਦੁਖਾਂ ਅਤੇ ਤਜਰਬਿਆਂ ਚੋ ਉਪਜੀ ਹੈ। ਇਹ ਜੱਦੋਜਹਿਦ ਜਿੰਦਾ ਰਹਿਣ ਦੇ ਹੱਕ ਪ੍ਰਾਪਤ ਕਰਨ ਲਈ ਕੀਤੀ ਜਾ ਰਹੀ ਜੱਦੋਜਹਿਦ ਹੈ।

ਆਪਣੇ ਜੀਵਨ ਵਿਚ ਮੈਂ ਆਪਣੇ ਆਪ ਨੂੰ ਅਫਰੀਕਨ ਲੋਕਾਂ ਦੀ ਇਸ ਜੱਦੋਜਹਿਦ ਲਈ ਅਰਪਣ ਕੀਤਾ ਹੈ। ਮੈਂ ਚਿਟਿਆਂ ਦੀ ਸਰਦਾਰੀ ਵਿਰੁਧ ਲੜਿਆਂ ਹਾਂ ਅਤੇ ਕਾਲਿਆਂ ਦੀ ਸਰਦਾਰੀ ਵਿਰੁਧ ਵੀ ਲੜਿਆਂ ਹਾਂ। ਮੇਰਾ ਅਕੀਦਾ ਇਕ ਆਦਰਸ਼ ਅਤੇ ਡੈਮੋਕਰੈਟਿਕ ਸਮਾਜ ਦੀ ਸਿਰਜਣਾ ਹੈ, ਜਿਸ ਵਿਚ ਸੱਭ ਲੋਕ ਸੱਦਭਾਵਨਾ ਅਤੇ ਬਰਾਬਰਤਾ ਨਾਲ ਰਹਿ ਸਕਣ। ਇਹ ਅਕੀਦਾ ਹੈ ਜਿਸ ਦੀ ਪ੍ਰਾਪਤੀ ਲਈ ਮੈਂ ਜੀਉਣਾਂ ਚਾਹੁੰਦਾਂ ਹਾਂ। ਪਰ ਜੇ ਲੋੜ ਪਵੇ ਤਾਂ ਇਹ ਇਕ ਅਜਿਹਾ ਅਕੀਦਾ ਹੈ ਜਿਸ ਲਈ ਮੈਂ ਮਰਨ ਲਈ ਵੀ ਤਿਆਰ ਹਾਂ।

## ਬੰਦੂਕਾਂ ਆਸਰੇ ਰਾਜ ਕਰਨ ਵਾਲੇ ਬੰਦੂਕਾਂ ਨਾਲ ਹੀ ਖਤਮ ਹੁੰਦੇ ਹਨ।

(ਜੂਨ 1976 ਵਿਚ ਸੋਵੀਟੋ ਵਿਚ ਸਕੂਲ ਦੇ ਵਿਦਿਆਰਥੀਆਂ ਦੀ ਅਪਾਰਥਾਈਡ ਵਿਰੁਧ ਉੱਠੀ ਲਹਿਰ ਸਮੇਂ ਮੰਡੇਲਾ ਵਲੋਂ ਜੇਲ ਵਿਚੋਂ ਅਫਰੀਕਨ ਲੋਕਾਂ ਲਈ ਭੇਜਿਆ ਸੁਨੇਹਾ)

### ਬੰਦੂਕ ਦੇ ਜੋਰ ਨਸਲਵਾਦੀ ਰਾਜ:

ਸਾਡੇ ਇਤਿਹਾਸ ਵਿਚ ਬੰਦੂਕ ਨੇ ਮਹੱਤਵਪੂਰਨ ਭੂਮੀਕਾ ਨਿਭਾਈ ਹੈ। ਚਿੱਟੇ ਬਸਤੀਵਾਦੀਆਂ ਦੀ ਮੁਦਾਖਲਤ ਵਿਰੁੱਧ ਕਾਲੇ ਲੋਕਾਂ ਦਾ ਵਿਰੋਧ ਬੰਦੂਕ ਨਾਲ ਦਬਾਇਆ ਗਿਆ ਸੀ। ਸਾਡੇ ਵਲੋਂ ਚਿੱਟਿਆਂ ਦੀ ਸਰਦਾਰੀ ਤੋਂ ਅਜ਼ਾਦ ਹੋਣ ਲਈ ਚਲਾਈ ਜੱਦੋਜਹਿਦ ਹਥਿਆਰਾਂ ਦੀ ਤਾਕਤ ਨਾਲ ਰੋਕ ਕੇ ਰੱਖੀ ਗਈ ਹੈ। ਕਬਜੇ ਤੋਂ ਲੈ ਹੁਣ ਤੱਕ ਇਹੀ ਕਹਾਣੀ ਹੈ। ਲਗਾਤਾਰ ਚੱਲੇ ਆਉਂਦੇ ਚਿੱਟੇ ਨਿਜ਼ਾਮ ਨੇ ਵਾਰ ਵਾਰ ਬੇ-ਹੱਥਿਆਰ ਅਤੇ ਮਜ਼ਲੂਮ ਕਾਲੇ ਲੋਕਾਂ ਦਾ ਕਤਲਾਮ ਕੀਤਾ ਹੈ। ਜਦੋਂ ਵੀ ਅਤੇ ਜਿੱਥੇ ਵੀ ਬੰਦੂਕਾ ਨਿਕਲੀਆਂ ਹਨ ਤਾਂ ਉੱਥੇ ਇਨ੍ਹਾਂ ਵਿਚੋਂ ਨਿਕਲਦੀ ਅੱਗ ਅਫਰੀਕਨ ਲੋਕਾਂ ਉੱਪਰ ਹੀ ਵਰ੍ਹੀ ਹੈ।

ਅਪਾਰਥਾਈਡ ਚਿੱਟਿਆਂ ਦੀ ਸਰਦਾਰੀ ਤੇ ਯਕੀਨ ਰੱਖਣ ਵਾਲੀਆਂ ਪਿਛਲੀਆਂ ਸਾਰੀਆਂ ਸਰਕਾਰਾਂ ਵਲੋਂ ਕੀਤੇ ਨਸਲਵਾਦ, ਦਮਨ ਅਤੇ ਅਣਮਨੁੱਖੀ ਵਰਤਾਰੇ ਦਾ ਸਾਕਾਰ ਰੂਪ ਹੈ। ਅਪਾਰਥਾਈਡ ਦਾ ਚਿਹਰਾ ਦੇਖਣ ਲਈ ਸਾਨੂੰ ਸਵਿਧਾਨਕ ਫਾਰਮੂਲਿਆਂ, ਧੋਖੇ ਭਰੇ ਕਥਨਾਂ ਅਤੇ ਹੇਰਾ ਫੇਰੀ ਵਾਲੇ ਸ਼ਬਦਾਂ ਦੇ ਪਰਦੇ ਹੇਠਾਂ ਦੇਖਣਾ ਪਵੇਗਾ।

ਜੂਨ 1976 ਤੋਂ ਸ਼ੁਰੂ ਹੋਈ ਗੋਲੀਆਂ ਦੀ ਗੜਗੜਾਟ ਅਤੇ 'ਹਿੱਪੋ' ਫੌਜੀ ਗੱਡੀਆਂ ਦੀ ਖੜਖੜਾਟ ਨੇ ਇਕ ਵਾਰ ਫਿਰ ਇਹ ਪਰਦਾ ਪਾੜ ਦਿੱਤਾ ਹੈ। ਸਾਡੇ ਸਾਰੇ ਦੇਸ਼ ਵਿਚ, ਕਾਲੇ ਲੋਕਾਂ ਦੀਆਂ ਬਸਤੀਆਂ ਵਿਚ ਨਸਲਵਾਦੀ ਫੌਜ ਅਤੇ ਪੁਲੀਸ ਗੋਲੀਆਂ ਦਾ ਮੀਂਹ ਵਰ੍ਹਾ ਸੈਂਕੜਿਆਂ ਦੀ ਗਿਣਤੀ ਵਿਚ ਆਦਮੀਆਂ, ਔਰਤਾਂ ਅਤੇ ਬੱਚਿਆਂ ਨੂੰ ਮਾਰਦੀ ਅਤੇ ਜ਼ਖਮੀ ਕਰਦੀ ਫਿਰਦੀ ਹੈ। ਇਸ ਵਾਰ ਮਾਰੇ ਗਏ ਅਤੇ ਜਖਮੀ ਹੋਏ ਲੋਕਾਂ ਦੀ ਗਿਣਤੀ, ਇਸ ਨਿਜ਼ਾਮ ਵਲੋਂ ਪਹਿਲਾਂ ਕੀਤੇ ਕਤਲਾਮਾਂ 'ਚ ਮਾਰੇ ਗਏ ਅਤੇ ਜਖਮੀ ਹੋਏ ਲੋਕਾਂ ਦੀ ਗਿਣਤੀ ਨਾਲੋਂ ਵੱਧ ਚੁਕੀ ਹੈ।

ਅਪਾਰਥਾਈਡ, ਬੰਦੂਕ ਅਤੇ ਜਲਾਦ ਦਾ ਰਾਜ ਹੈ। 'ਹਿੱਪੋ' ਗਡੀਆਂ, ਐਫ.ਐਨ. ਰਾਈਫਲਾਂ ਅਤੇ ਸੂਲੀਆਂ ਇਸ ਰਾਜ ਦੀਆਂ ਅਸਲੀ ਨਿਸ਼ਾਨੀਆਂ ਹਨ। ਨਸਲਪ੍ਰਸਤੀ 'ਚ ਪਾਗਲ ਸਾਊਥ ਅਫਰੀਕੀ ਹਾਕਮ ਇਨ੍ਹਾਂ ਢੰਗਾਂ ਨੂੰ ਵਰਤਣ ਲਈ ਸਦਾ ਤੱਤਪਰ ਰਹਿੰਦੇ ਹਨ।

### ਗੋਲਮੋਲ ਵਾਅਦੇ ਅਤੇ ਅੰਨਾ ਜਬਰ:

ਇਸ ਦੁੱਖ ਦੀ ਘੜੀ, ਜਦੋਂ ਸਾਡੇ ਲੋਕ, ਮਾਰੇ ਗਿਆਂ ਦੀ ਗਿਣਤੀ ਅਤੇ ਜਖਮੀਆਂ ਦੀ ਸੰਭਾਲ ਕਰ ਰਹੇ ਹਨ ਤਾਂ ਉਹ ਆਪਣੇ ਆਪ ਤੋਂ ਪੁਛਦੇ ਹਨ ਕਿ ਅੱਗੇ ਕੀ ਹੋਵੇਗਾ?

ਆਪਣੇ ਹਾਕਮਾਂ ਤੋਂ ਅਸੀਂ ਕਿਸੇ ਕਿਸਮ ਦੀ ਆਸ ਨਹੀਂ ਰੱਖ ਸਕਦੇ। ਇਹ ਹਾਕਮ ਹੀ ਹਨ ਜੋ ਰਾਈਫਲਾਂ ਤੇ ਝੁਕੇ ਸਿਪਾਹੀਆਂ ਨੂੰ ਹੁਕਮ

ਦਿੰਦੇ ਹਨ। ਇਹ ਹਾਕਮਾਂ ਦੀ ਹੀ ਆਤਮਾ ਹੈ ਜੋ ਉਹਨਾਂ ਉਂਗਲਾਂ 'ਚ ਹਰਕਤ ਲਿਆਉਂਦੀ ਹੈ ਜਿਹੜੀਆਂ ਰਾਈਫਲਾਂ ਦਾ ਘੋੜਾ ਦਬਦੀਆਂ ਹਨ।

ਅਪਾਰਥਾਈਡ 'ਚ ਸੁਧਾਰ ਲਿਆਉਣ ਲਈ ਗੋਲ ਮੋਲ ਵਾਅਦੇ, ਸਵਿਧਾਨ ਵਿਚ ਤਬਦੀਲੀਆਂ, ਵੱਡੀ ਪੱਧਰ ਉਪਰ ਗ੍ਰਿਫਤਾਰੀਆਂ ਅਤੇ ਇਸਦੇ ਨਾਲ ਸਾਡੀ, ਕਾਲੇ ਲੋਕਾਂ ਦੀ ਏਕਤਾ ਨੂੰ ਕਮਜ਼ੋਰ ਕਰਨ ਅਤੇ ਤਬਦੀਲੀ ਲਿਆਉਣ ਵਾਲੀਆਂ ਤਾਕਤਾਂ ਵਿੱਚ ਵੰਡੀਆਂ ਪਾਉਣਾ.... ਆਦਿ ਅਜਿਹੇ ਕਦਮ ਹਨ ਜਿਨ੍ਹਾਂ ਉਪਰ ਇਹ ਸਰਕਾਰ ਚਲੇਗੀ। ਕਿਉਂਕਿ ਉਸ ਕੋਲ ਨਾਂ ਯੋਗਤਾ ਹੈ ਅਤੇ ਨਾਂ ਹੀ ਇੱਛਾ ਕਿ ਉਹ ਲੋਕਾਂ ਦੇ ਫਤਵੇ ਵਲ ਧਿਆਨ ਦੇਵੇ।

## 16 ਜੂਨ ਦਾ ਫਤਵਾ:

ਇਹ ਫੈਸਲਾ ਬੜਾ ਸਾਫ ਹੈ ਕਿ ਅਪਾਰਥਾਈਡ ਫੇਲ੍ਹ ਹੋ ਚੁੱਕੀ ਹੈ। ਸਾਡੇ ਲੋਕਾਂ ਨੇ ਬਹੁਤ ਸਪੱਸ਼ਟਤਾ ਨਾਲ ਅਪਾਰਥਾਈਡ ਨੂੰ ਰੱਦ ਕੀਤਾ ਹੈ। ਜਵਾਨਾਂ ਅਤੇ ਬੁੱਢਿਆਂ, ਮਾਪਿਆਂ ਅਤੇ ਬੱਚਿਆਂ, ਸਾਰਿਆਂ ਮਿਲਕੇ ਇਸ ਨੂੰ ਰੱਦ ਕੀਤਾ ਹੈ। 1976/77 ਵਿਚ ਬੇਚੈਨੀ ਅਤੇ ਅਸ਼ਾਂਤੀ ਦੀ ਇਸ ਲਹਿਰ ਦੇ ਮੋਹਰੀ ਸਾਡੇ ਨੌਜਵਾਨ ਅਤੇ ਵਿਦਆਰਥੀ ਸਨ। ਇਹ ਵਿਦਆਰਥੀ ਯੂਨੀਵਰਿਸਟੀਆਂ, ਹਾਈ ਸਕੂਲਾਂ ਏਥੋਂ ਤਕ ਕਿ ਪ੍ਰਾਈਮਰੀ ਸਕੂਲਾਂ ਵਿਚੋਂ ਨਿਕਲ ਕੇ ਆਏ। ਸਾਡੇ ਬੱਚਿਆਂ ਦੀ ਇਹ ਪੀੜੀ ਇਕ ਸ਼ੈਤਾਨ ਸਿਖਿਆ ਪ੍ਰਬੰਧ ਹੇਠ ਸਿਰੇ ਚੜੀ। ਵਿਦਿਆ ਪ੍ਰਾਪਤ ਕਰਨ ਲਈ ਵਿਦਿਆ ਦੇ ਰੂਪ ਵਿਚ ਉਨ੍ਹਾਂ ਦੇ ਦਿਮਾਗਾਂ ਵਿਚ ਨਸਲਵਾਦੀ ਜਹਿਰ ਭਰਿਆ ਗਿਆ। ਉਨ੍ਹਾਂ ਨੂੰ ਅਪਾਰਥਾਈਡ ਨਿਜ਼ਾਮ ਦੀ ਅਸੀਲ ਪਰਜਾ ਬਣਕੇ ਰਹਿਣ ਦਾ ਸਬਕ ਪੜ੍ਹਾਇਆ ਗਿਆ। ਸਾਡੇ ਇਨ੍ਹਾਂ ਬਚਿਆਂ ਦੀ ਇਹ ਬਗਾਵਤ ਅਪਾਰਥਾਈਡ ਨਿਜ਼ਾਮ ਅਤੇ 20 ਸਾਲਾਂ ਤੋਂ ਚਲੇ ਆ ਰਹੇ 'ਬੰਤੂ ਐਜੂਕੇਸ਼ਨ ਪ੍ਰਬੰਧ' (ਭਾਨਤੂ `ਦੁਚਾਤੋਨਿ ~ਯਸਤੇਮ) ਦੇ ਦੀਵਾਲੀਆਪਨ ਦੀ ਮੂੰਹ ਬੋਲਦੀ ਤਸਵੀਰ ਹੈ।

ਅਪਾਰਥਾਈਡ ਦੇ ਜਨਮ ਨਾਲ ਹੀ ਇਸ ਨਾਲ ਸਬੰਧਤ ਅਮਾਨਵਤਾ ਨੇ ਜਨਮ ਲਿਆ ਸੀ। ਉਦੋਂ ਤੋਂ ਹੀ ਸਾਰੇ ਕਾਲੇ ਲੋਕਾਂ - ਅਫਰੀਕਨਾ, ਰੰਗਦਾਰਾਂ, ਅਤੇ ਭਾਰਤੀਆਂ.... ਨੇ ਇਸਦਾ ਲਗਾਤਾਰ ਵਿਰੋਧ ਕੀਤਾ ਹੈ। ਜਿਹੜੀ ਗੱਲ ਹੁਣ ਸਪਸ਼ਟ ਹੋਈ ਹੈ, ਤੇ ਜਿਸ ਗਲ ਨੂੰ ਇਸ ਬੇਚੈਨੀ ਦੀ ਲਹਿਰ ਨੇ ਸਾਹਮਣੇ ਲਿਆ ਖੜਾ ਕੀਤਾ ਹੈ, ਉਹ ਇਹ ਹੈ ਕਿ ਬਾਹਰੀ ਟੀਪਾ ਟਾਪ ਅਤੇ ਮਾਲਾਇਮ ਗਲਬਾਤ ਦੇ ਬਾਵਜੂਦ ਲੋਕਾਂ ਨੂੰ ਅਪਾਰਥਾਈਡ ਮਨਜ਼ੂਰ ਨਹੀਂ।

ਇਹ ਚੇਤਨਾ ਸਾਡੀ ਗੁਲਾਮੀ ਦੀਆਂ ਹੱਦਾਂ ਤੋਂ ਬਾਹਰ ਦੀ ਗੱਲ ਹੈ। ਇਸ ਗੱਲ ਦਾ ਸਬੂਤ ਇਹ ਹੈ ਕਿ ਹੁਣ ਸਾਡੇ ਲੋਕਾਂ ਨੇ ਇਹ ਸਮਝ ਲਿਆ ਹੈ ਕਿ ਅਪਾਰਥਾਈਡ ਹੇਠਾਂ ਵਿਅਕਤੀਗਤ ਅਤੇ ਸਮੂਹਕ ਤੌਰ ਤੇ ਸਾਡੀ ਜਿੰਦਗੀ ਦੀ ਕੀਮਤ ਕੱਖ ਵੀ ਨਹੀਂ।

## ਏਕਤਾ ਕਰੋ:

ਸਾਡੇ ਦੁਸ਼ਮਣ ਦੀਆਂ ਜੜਾਂ ਬਹੁਤ ਡੂੰਘੀਆਂ ਹਨ। ਉਹ ਪੂਰੀ ਤਰ੍ਹਾਂ ਡੱਟਿਆ ਹੋਇਆ ਹੈ ਅਤੇ ਹਾਰ ਮੰਨਣ ਲਈ ਬਿਲਕੁਲ ਤਿਆਰ ਨਹੀਂ। ਸਾਡੀ ਮੁਕਤੀ ਦਾ ਰਾਹ ਬਹੁਤ ਲੰਬਾ ਅਤੇ ਮੁਸ਼ਕਿਲਾਂ ਭਰਪੂਰ ਹੈ। ਪਰ ਸਾਡੀਆਂ ਹੱਦਾਂ ਦੇ ਅੰਦਰ ਅਤੇ ਬਾਹਰ ਸਾਡੀ ਜਿੱਤ ਦੀ ਆਸ ਵੀ ਵਧਦੀ ਜਾਂਦੀ ਹੈ।

ਜਿੱਤ ਲਈ ਪਹਿਲੀ ਸ਼ਰਤ ਹੈ ਕਾਲੇ ਲੋਕਾਂ ਦੀ ਏਕਤਾ। ਕਾਲੇ ਲੋਕਾਂ ਨੂੰ ਵੰਡਣ ਅਤੇ ਇਕ ਦੂਜੇ ਖਿਲਾਫ ਲੜਾਉਣ ਲਈ ਕੀਤੀ ਕੋਸ਼ਿਸ਼ ਨੂੰ ਨਾਕਾਮ ਬਣਾਉਣਾ ਜਰੂਰੀ ਹੈ। ਸਾਡੇ ਲੋਕਾਂ-ਅਫਰੀਕਨਾ, ਰੰਗਦਾਰਾਂ, ਭਾਰਤੀਆਂ, ਅਤੇ ਡੈਮੋਕਰੇਟਿਕ ਗੋਰਿਆਂ-ਲਈ ਸਾਂਝੇ ਐਕਸ਼ਨਾਂ ਅਤੇ ਪ੍ਰਤੀਰੋਧ ਦੀ ਮਜਬੂਤ ਅਤੇ ਨਿੱਗਰ ਕੰਧ ਦੇ ਰੂਪ ਵਿਚ ਇੱਕਠੇ ਹੋਣਾ ਜਰੂਰੀ ਹੈ।

ਸਾਡਾ ਸੰਘਰਸ਼ ਤਿੱਖਾ ਹੋ ਰਿਹਾ ਹੈ। ਇਸ ਵੇਲੇ ਫੁੱਟ ਅਤੇ ਮੱਤ-ਭੇਦਾਂ ਲਈ ਕੋਈ ਥਾਂ ਨਹੀਂ। ਸਾਡੇ ਜੀਵਨ ਦੇ ਹਰ ਪੱਖ ਅਤੇ ਹਰ ਪੱਧਰ ਉੱਤੇ ਏਕਤਾ ਜਰੂਰੀ ਹੈ। ਸੱਭ ਲੋਕਾਂ ਨੂੰ ਮੱਤਭੇਦ ਭੁਲਾ ਇਕ ਨਿਸ਼ਾਨੇ ਲਈ ਇਕੱਠੇ ਹੋ ਜਾਣਾਂ ਚਾਹੀਦਾ ਹੈ। ਇਹ ਨਿਸ਼ਾਨਾ ਹੈ ਅਪਾਰਥਾਈਡ ਅਤੇ ਨਸਲਵਾਦੀਆਂ ਦੀ ਸਰਦਾਰੀ ਦਾ ਪੂਰਨ ਖਾਤਮਾ।

## ਸਾਡੀ ਜਿੱਤ ਨਿਸ਼ਚਿਤ ਹੈ:

ਦੁਨੀਆਂ ਭਰ ਵਿਚ ਅਪਾਰਥਾਈਡ ਵਿਰੁਧ ਨਫਰਤ ਫੈਲ ਰਹੀ ਹੈ ਅਤੇ ਚਿੱਟਿਆਂ ਦੀ ਸਰਦਾਰੀ ਦੀਆਂ ਹੇਠਲੀਆਂ ਹੱਦਾਂ ਸੁੰਗੜ ਰਹੀਆਂ ਹਨ। ਮੋਂਜ਼ਬੀਕ ਅਤੇ ਅੰਗੋਲਾ ਆਜ਼ਾਦ ਹੋ ਚੁੱਕੇ ਹਨ ਅਤੇ ਨਾਮਿਬੀਆ ਅਤੇ ਜਿੰਮਬਾਬਵੇ ਵਿਚ ਆਜ਼ਾਦੀ ਦੀ ਲੜਾਈ ਤਾਕਤ ਫੜ ਰਹੀ ਹੈ। ਇਸ ਮਹਾਂਦੀਪ ਤੋਂ ਘਟ ਗਿਣਤੀ ਚਿਟਿਆਂ ਦੀ ਸਰਦਾਰੀ ਦੀ ਅਲਾਮਤ ਦੂਰ ਕਰਨ ਲਈ ਸਾਡੀ ਧਰਤੀ ਤੇ ਬੇਕਿਰਕ ਅਤੇ ਪ੍ਰਚੰਡ ਲੜਾਈ ਲੜੀ ਜਾਣੀ ਹੈ।

ਦੁਨੀਆਂ ਸਾਡੇ ਨਾਲ ਹੈ।ਓ.ਏ.ਯੂ, ਯੂ. ਐਨ. ਅਤੇ ਅਪਾਰਥਾਈਡ ਵਿਰੋਧੀ ਲਹਿਰ ਵਲੋਂ ਸਾਡੇ ਦੇਸ਼ ਦੇ ਹਾਕਮਾਂ ਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ। ਸਾਊਥ ਅਫਰੀਕਾ ਨੂੰ ਦੁਨੀਆਂ ਤੋਂ ਨਿਖੇੜਨ ਲਈ ਕੀਤੀ ਹਰ ਕੋਸ਼ਿਸ਼ ਸਾਡੇ ਸੰਘਰਸ਼ ਨੂੰ ਤਕੜਾ ਕਰਦੀ ਹੈ। ਦੇਸ਼ ਦੇ ਅੰਦਰ ਅਤੇ ਬਾਹਰ ਸਾਡੇ ਸੰਘਰਸ਼ ਦੀ ਹਰ ਪੱਧਰ ਤੇ ਬਹੁਤ ਕੁਝ ਜਿਤਿਆ ਜਾ ਚੁਕਾ ਹੈ ਅਤੇ ਬਹੁਤ ਕੁੱਝ ਜਿਤਣਾ ਬਾਕੀ ਹੈ। ਪਰ ਸਾਡੀ ਜਿੱਤ ਨਿਸ਼ਚਿਤ ਹੈ।

## ਅਸੀਂ ਤੁਹਾਨੂੰ ਸਾਰਿਆਂ ਨੂੰ ਸਲੂਟ ਕਰਦੇ ਹਾਂ:

ਅਸੀਂ ਜੇਲ੍ਹ ਦੀਆਂ ਘਸਮੈਲੀਆਂ ਕੰਧਾਂ ਅੰਦਰ ਬੰਦ, ਪਰੀਟੋਰੀਆਂ ਦੇ ਨਿਜ਼ਾਮ ਦੇ ਕੈਦੀ ਤੁਹਾਡੇ ਨਾਲ ਹਾਂ। ਅਸੀਂ ਤੁਹਾਡੇ ਵਿਚ ਉਹਨਾਂ ਲੋਕਾਂ ਨੂੰ ਵੀ ਗਿਣਦੇ ਹਾਂ ਜੋ ਬੰਦੂਕ ਅਤੇ ਜਲਾਦ ਦੇ ਫਾਂਸੀ ਦੇ ਰੱਸੇ ਦੀ ਬਲੀ ਚੜ੍ਹ ਚੁੱਕੇ ਹਨ। ਅਸੀਂ ਤੁਹਾਨੂੰ ਸਾਰਿਆਂ-ਜੀਉਂਦਿਆਂ, ਜਖਮੀਆਂ ਅਤੇ ਮਰਚੁੱਕਿਆਂ ਨੂੰ ਸਲਾਮ ਕਰਦੇ ਹਾਂ। ਕਿਉਂਕਿ ਤੁਸੀਂ ਜਾਬਰ ਦੇ ਜੁਲਮ ਅੱਗੇ ਉੱਠਣ ਦਾ ਹੌਂਸਲਾ ਕੀਤਾ ਹੈ।

ਮਰਚੁੱਕਿਆਂ ਦੀਆਂ ਕੱਬਰਾਂ ਅੱਗੇ ਸਿਰ ਝੁਕਾਉਂਦੇ ਅਸੀਂ ਯਾਦ ਕਰਦੇ ਹਾਂ ਕਿ ਉਹ ਸਾਡੇ ਮਨਾ ਅਤੇ ਦਿਲਾਂ ਅੰਦਰ ਸ਼ਹੀਦਾਂ ਵਾਂਗ ਜਿੰਦਾ ਹਨ। ਉਨ੍ਹਾਂ ਦੀ ਯਾਦ ਸਾਡੀ ਫੁੱਟ ਉੱਪਰ ਫਿਟਕਾਰ ਹੈ। ਉਹਨਾਂ ਦੀ ਯਾਦ ਸਾਨੂੰ ਜ਼ੁਲਮ ਕਰਨ ਵਾਲਿਆਂ ਵਿਚਕਾਰ ਪਈਆਂ ਵੰਡੀਆਂ ਦੀ ਯਾਦ ਦਿਲਾਉਂਦੀ ਹੈ। ਉਨ੍ਹਾਂ ਦੀ ਯਾਦ ਸਾਨੂੰ ਏਕਤਾ

ਕਰਨ ਲਈ ਪ੍ਰੇਰਣਾ ਦਿੰਦੀ ਹੈ। ਉਨ੍ਹਾਂ ਦੀ ਯਾਦ ਸਾਨੂੰ ਚੇਤਾਉਣੀ ਦਿੰਦੀ ਹੈ ਕਿ ਸਾਡੇ ਲੋਕਾਂ ਦੀ ਆਜ਼ਾਦੀ ਜਿੱਤਣੀ ਅਜੇ ਬਾਕੀ ਹੈ।

ਅਸੀਂ ਵਿਸ਼ਵਾਸ ਨਾਲ ਅੱਗੇ ਵੱਧ ਰਹੇ ਹਾਂ। ਅਪਾਰਥਾਈਡ ਨੂੰ ਕਾਇਮ ਰੱਖਣ ਵਾਲੀਆਂ ਬੰਦੂਕਾਂ, ਇਸ ਨੂੰ ਅਜਿੱਤ ਨਹੀਂ ਬਣਾਉਂਦੀਆਂ। ਬੰਦੂਕਾਂ ਆਸਰੇ ਰਾਜ ਕਰਨ ਵਾਲੇ ਬੰਦੂਕਾਂ ਨਾਲ ਹੀ ਖਤਮ ਹੁੰਦੇ ਹਨ ।ਏਕਤਾ ਕਰੋ। ਲਾਮਬੰਦ ਹੋਵੋ। ਜੰਗ ਜਾਰੀ ਰੱਖੋ।

ਅਸੀਂ ਏਕਤਾ ਦੀ ਅਹਿਰਨ ਉੱਪਰ ਹਥਿਆਰਬੰਦ ਘੋਲ੍ਹ ਦੇ ਹਥੌੜੇ ਨਾਲ ਅਪਾਰਥਾਈਡ ਅਤੇ ਚਿੱਟਿਆਂ ਦੀ ਸਰਦਾਰੀ ਵਾਲੇ ਰਾਜ ਨੂੰ ਦਰੜ ਸੁਟਾਂਗੇ।

# ਮੇਰੀ ਅਤੇ ਤੁਹਾਡੀ ਆਜ਼ਾਦੀ ਵੱਖ ਨਹੀਂ ਕੀਤੀ ਜਾ ਸਕਦੀ।

(31 ਜਨਵਰੀ 1985 ਨੂੰ ਸਾਊਥ ਅਫਰੀਕਾ ਦੀ ਚਿੱਟੀ ਸਰਕਾਰ ਦੇ ਪ੍ਰੈਜ਼ੀਡੈਂਟ ਪੀ.ਡਬਲਿਊ. ਬੋਥਾ ਨੇ ਪਾਰਲੀਮੈਂਟ ਵਿਚ ਬੋਲਦਿਆਂ ਕਿਹਾ ਕਿ ਉਹ ਨੈਲਸਨ ਮੰਡੇਲਾ ਨੂੰ ਰਿਹਾ ਕਰਨ ਲਈ ਤਿਆਰ ਹੈ ਜੇ ਮੰਡੇਲਾ ਹਿੰਸਾ ਨੂੰ ਇਕ ਸਿਆਸੀ ਹਥਿਆਰ ਵਜੋਂ ਰੱਦ ਕਰ ਦੇਵੇ। ਇਸ ਦੇ ਜੁਆਬ ਵਿਚ ਮੰਡੇਲਾ ਨੇ ਹੇਠ ਲਿਖਿਆ ਬਿਆਨ ਦਿੱਤਾ। 10 ਫਰਵਰੀ 1985 ਨੂੰ ਮੰਡੇਲਾ ਦੀ ਧੀ ਜ਼ਿੰਜ਼ੀ ਨੇ ਇਹ ਬਿਆਨ ਸੋਵੀਟੋ ਵਿਖੇ ਲੋਕਾਂ ਦੇ ਇਕ ਇਕੱਠ ਸਾਹਮਣੇ ਪੜ੍ਹ ਕੇ ਸੁਣਾਇਆ)

ਮੈਂ ਅਫਰੀਕਨ ਨੈਸ਼ਨਲ ਕਾਂਗਰਸ ਦਾ ਇਕ ਮੈਂਬਰ ਹਾਂ। ਮੈਂ ਹਮੇਸ਼ਾਂ ਅਫਰੀਕਨ ਨੈਸ਼ਨਲ ਕਾਂਗਰਸ ਦਾ ਮੈਂਬਰ ਰਿਹਾ ਹਾਂ ਅਤੇ ਮੈਂ ਆਖਰੀ ਦਮ ਤੱਕ ਅਫਰੀਕਨ ਨੈਸ਼ਨਲ ਕਾਂਗਰਸ ਦਾ ਮੈਂਬਰ ਰਹਾਂਗਾਂ। ਓਲੀਵਰ ਟੈਂਬੋ ਮੇਰੇ ਲਈ ਇਕ ਭਰਾ ਤੋਂ ਵੀ ਵੱਧ ਕੇ ਹੈ। ਉਹ ਤਕਰੀਬਨ ਪੰਜਾਹ ਸਾਲਾਂ ਤੋਂ ਮੇਰਾ ਬਹਤ ਵੱਡਾ ਦੋਸਤ ਅਤੇ ਸਾਥੀ ਹੈ। ਜੇ ਤੁਹਾਡੇ ਵਿਚੋਂ ਕੋਈ ਵੀ ਮੇਰੀ ਆਜ਼ਾਦੀ ਦਾ ਖਾਹਸ਼ਮੰਦ ਹੈ ਤਾਂ ਓਲੀਵਰ ਟੈਂਬੋ ਉਸਤੋਂ ਵੀ ਜ਼ਿਆਦਾ ਖਾਹਸ਼ਮੰਦ ਹੈ, ਅਤੇ ਮੈਨੂੰ ਪਤਾ ਹੈ ਕਿ ਮੈਨੂੰ ਆਜ਼ਾਦ ਦੇਖਣ ਲਈ ਉਹ ਆਪਣੀ ਜ਼ਿੰਦਗੀ ਵੀ ਵਾਰ ਸਕਦਾ ਹੈ। ਮੇਰੇ ਉਦੇਸ਼ਾਂ ਤੇ ਉਹਦੇ ਉਦੇਸ਼ਾਂ ਵਿਚ ਕੋਈ ਫਰਕ ਨਹੀਂ ਹੈ।

ਮੈਨੂੰ ਉਹਨਾਂ ਸ਼ਰਤਾਂ ਤੇ ਹੈਰਾਨੀ ਹੁੰਦੀ ਹੈ ਜੋ ਇਹ ਸਰਕਾਰ ਮੇਰੇ ਤੇ ਲਾਉਣੀਆਂ ਚਾਹੁੰਦੀ ਹੈ। ਮੈਂ ਹਿੰਸਕ ਇਨਸਾਨ ਨਹੀਂ ਹਾਂ। ਮੈਂ ਤੇ ਮੇਰੇ ਸਾਥੀਆਂ ਨੇ 1952 ਵਿਚ ਮਾਲਾਨ ਨੂੰ ਗੋਲ ਮੇਜ਼ ਕਾਂਗਰਸ ਲਈ ਲਿਖਿਆ ਸੀ ਤਾਂ ਕਿ ਆਪਣੇ ਮੁਲਕ ਦੀਆਂ ਮੁਸ਼ਕਲਾਂ ਦਾ ਕੋਈ ਹੱਲ ਲੱਭਿਆ ਜਾ ਸਕੇ ਪਰ ਸਾਡੀ ਮੰਗ ਨੂੰ ਅੱਖੋਂ ਉਹਲੇ ਕਰ ਦਿੱਤਾ ਗਿਆ। ਜਦੋਂ ਸਟਰੀਜ਼ਡਮ ਤਾਕਤ ਵਿਚ ਸੀ ਤਾਂ ਅਸੀਂ ਫੇਰ ਪਹਿਲਾਂ ਵਾਲੀ ਪੇਸ਼ਕਸ਼ ਕੀਤੀ। ਫੇਰ ਇਹਦੇ ਵੱਲ ਕੋਈ ਧਿਆਨ ਨਾ ਦਿੱਤਾ ਗਿਆ। ਜਦੋਂ ਵਰਵੋਅਰਡ ਤਾਕਤ ਵਿਚ ਸੀ ਤਾਂ ਅਸੀਂ ਇਕ ਕੌਮੀ ਪੱਧਰ ਦੀ ਕਨਵੈਨਸ਼ਨ ਬਾਰੇ ਕਿਹਾ ਜਿਹਦੇ ਵਿਚ ਸਾਰੇ ਦੱਖਣੀ ਅਫਰੀਕਾ ਦੇ ਲੋਕ ਇਕੱਠੇ ਹੋ ਕੇ ਆਪਣੇ ਭਵਿੱਖ ਬਾਰੇ ਫੈਸਲਾ ਲੈ ਸਕਣ। ਪਰ ਸੱਭ ਬੇਅਰਥ ਗਿਆ।

ਤੇ ਜਦੋਂ ਵਿਰੋਧਤਾ ਦੇ ਹੋਰ ਸਾਰੇ ਰਾਹ ਸਾਡੇ ਲਈ ਬੰਦ ਸਨ ਤਾਂ ਸਾਨੂੰ ਹਥਿਆਰ ਬੰਦ ਘੋਲ ਵੱਲ ਪਰਤਣਾ ਪਿਆ। ਬੋਥਾ ਨੂੰ ਇਹ ਸਾਬਤ ਕਰਨ ਦਿਓ ਕਿ ਉਹ ਮਾਲਾਨ, ਸਟਰੀਜ਼ਡਮ ਤੇ ਵਰਵੋਰਡ ਨਾਲੋਂ ਵੱਖਰਾ ਹੈ। ਉਹਨੂੰ ਹਿੰਸਾ ਨੂੰ ਤਿਲਾਂਜਲੀ ਦੇਣ ਦਿਓ। ਉਹਨੂੰ ਕਹਿਣ ਦਿਓ ਕਿ ਉਹ ਅਪਾਰਥਾਈਡ ਨੂੰ ਖਤਮ ਕਰੇਗਾ। ਉਹਨੂੰ ਲੋਕਾਂ ਦੀ ਜਥੇਬੰਦੀ ਅਫਰੀਕਨ ਨੈਸ਼ਨਲ ਕਾਂਗਰਸ ਤੋਂ ਪਾਬੰਦੀ ਚੁੱਕਣ ਦਿਓ। ਉਹਨੂੰ ਉਹਨਾਂ ਸਾਰੇ ਲੋਕਾਂ ਨੂੰ ਆਜ਼ਾਦ ਕਰਨ ਦਿਓ ਜੋ ਅਪਾਰਥਾਈਡ ਦੀ ਵਿਰੋਧਤਾ ਕਰਨ ਬਦਲੇ ਜੇਲਾਂ ਵਿਚ ਹਨ, ਦੇਸ਼ ਨਿਕਾਲੇ ਵਿਚ ਹਨ। ਉਹਨੂੰ ਆਜ਼ਾਦ ਸਿਆਸੀ ਸਰਗਰਮੀਆਂ ਦੀ ਗਰੰਟੀ ਕਰਨ ਦੇਵੋ ਤਾਂ ਕਿ ਲੋਕ ਇਸ ਗੱਲ ਦਾ ਫੈਸਲਾ ਕਰ ਸਕਣ ਕਿ ਉਹਨਾਂ ਤੇ ਕੌਣ ਹਕੂਮਤ ਕਰੇਗਾ।

ਮੈਨੂੰ ਆਪਣੀ ਆਜ਼ਾਦੀ ਬਹੁਤ ਪਿਆਰੀ ਹੈ, ਪਰ ਮੈਂ ਤੁਹਾਡੀ ਆਜ਼ਾਦੀ ਬਾਰੇ ਇਸ ਤੋਂ ਵੀ ਵੱਧ ਖਾਹਸ਼ਮੰਦ ਹਾਂ। ਮੈਂ ਜਦੋਂ ਦਾ ਜੇਲ੍ਹ ਗਿਆ ਹਾਂ ਬਹੁਤ ਲੋਕ ਆਪਣੀਆਂ ਜਾਨਾਂ ਦੇ ਚੁੱਕੇ ਹਨ। ਮੈਂ ਉਹਨਾਂ ਦੀਆਂ ਵਿਧਵਾਵਾਂ, ਉਹਨਾਂ ਦੇ ਲਾਵਾਰਿਸ ਬੱਚਿਆਂ, ਅਤੇ ਉਹਨਾਂ ਦੇ ਮਾਪਿਆਂ ਦਾ ਦੇਣਦਾਰ ਹਾਂ ਜਿਹਨਾਂ ਨੇ ਉਹਨਾਂ ਲਈ ਹੰਝੂ ਬਹਾਏ ਹਨ। ਇਹਨਾਂ ਇਕੱਲਤਾ ਭਰੇ ਤੇ ਫਜ਼ੂਲ ਬਰਬਾਦ ਹੋਏ ਲੰਮੇ ਸਾਲਾਂ ਵਿਚ ਮੈਂ ਇਕੱਲੇ ਨੇ ਹੀ ਦੁੱਖ ਨਹੀਂ ਭੋਗੇ। ਮੈਂ ਕੋਈ ਤੁਹਾਡੇ ਨਾਲੋਂ ਜ਼ਿੰਦਗੀ ਨੂੰ ਘੱਟ ਪਿਆਰ ਨਹੀਂ ਕਰਦਾ। ਪਰ ਮੈਂ ਆਪਣਾ ਜ਼ਮਾਂਦਰੂ ਹੱਕ ਨਹੀਂ ਵੇਚ ਸਕਦਾ, ਨਾ ਹੀ ਮੈਂ ਤੁਹਾਡਾ ਆਜ਼ਾਦ ਹੋਣ ਦਾ ਜ਼ਮਾਂਦਰੂ ਹੱਕ ਵੇਚਣ ਲਈ ਤਿਆਰ ਹਾਂ। ਮੈਂ ਤੁਹਾਡੇ ਲੋਕਾਂ ਦੇ ਅਤੇ ਤੁਹਾਡੀ ਗੈਰ-ਕਾਨੂੰਨੀ ਕਰਾਰ ਦਿੱਤੀ ਗਈ ਜਥੇਬੰਦੀ ਅਫਰੀਕਨ ਨੈਸ਼ਨਲ ਕਾਂਗਰਸ ਦੇ ਨੁਮਾਇੰਦੇ ਦੇ ਤੌਰ ਤੇ ਜੇਲ੍ਹ ਵਿਚ ਹਾਂ।

ਮੈਨੂੰ ਉਹ ਕਿਹੜੀ ਆਜ਼ਾਦੀ ਪੇਸ਼ ਕਰ ਰਹੇ ਹਨ ਜਦ ਕਿ ਲੋਕਾਂ ਦੀ ਜਥੇਬੰਦੀ ਅਜੇ ਵੀ ਗੈਰ-ਕਾਨੂੰਨੀ ਹੈ? ਮੈਨੂੰ ਕਿਹੜੀ ਆਜ਼ਾਦੀ ਪੇਸ਼ ਕਰ ਰਹੇ ਹਨ ਜਦੋਂ ਕਿ ਮੈਂ ਪਾਸ ਕੋਲ ਨਾ ਹੋਣ ਦੇ ਗੁਨਾਹ ਵਜੋਂ ਗ੍ਰਿਫਤਾਰ ਕੀਤਾ ਜਾ ਸਕਦਾ ਹਾਂ? ਮੈਨੂੰ ਕਿਹੜੀ ਆਜ਼ਾਦੀ ਪੇਸ਼ ਕਰ ਰਹੇ ਹਨ- ਆਪਣੀ ਪਿਆਰੀ ਪਤਨੀ ਨਾਲ ਇਕ ਟੱਬਰ ਵਾਂਗ ਜਿਊਣ ਦੀ- ਜਦੋਂ ਕਿ ਉਹਨੂੰ ਬਰੈਂਡਫੋਰਟ ਵਿਚ ਦੇਸ਼ ਨਿਕਾਲਾ ਦੇ ਰੱਖਿਆ ਹੈ? ਮੈਨੂੰ ਉਹ ਕਿਹੜੀ ਆਜ਼ਾਦੀ ਪੇਸ਼ ਕਰ ਰਹੇ ਹਨ ਜਦੋਂ ਕਿ ਮੈਨੂੰ ਕਿਸੇ ਕਸਬੇ ਵਿਚ ਰਹਿਣ ਲਈ ਉਹਨਾਂ ਦੀ ਆਗਿਆ ਲੈਣੀ ਪਵੇ? ਮੈਨੂੰ ਉਹ ਕਿਹੜੀ ਆਜ਼ਾਦੀ ਪੇਸ਼ ਕਰ ਰਹੇ ਹਨ ਜਦੋਂ ਕਿ ਮੈਨੂੰ ਕੰਮ ਦੀ ਭਾਲ ਕਰਨ ਲਈ ਵੀ ਉਹਨਾਂ ਕੋਲੋਂ ਆਪਣੇ ਪਾਸ ਵਿਚ ਸਟੈਂਪ ਲਵਾਉਣੀ ਪਵੇ? ਮੈਨੂੰ ਉਹ ਕਿਹੜੀ ਆਜ਼ਾਦੀ ਪੇਸ਼ ਕਰ ਰਹੇ ਹਨ ਜਦੋਂ ਕਿ ਮੇਰੀ ਦੱਖਣੀ ਅਫਰੀਕਾ ਦੀ ਨਾਗਰਿਕਤਾ ਨੂੰ ਮਾਨਤਾ ਨਹੀਂ ਦਿੱਤੀ ਜਾ ਰਹੀ?

ਸਿਰਫ ਆਜ਼ਾਦ ਲੋਕ ਹੀ ਸਮਝੌਤੇ ਲਈ ਗੱਲਬਾਤ ਕਰ ਸਕਦੇ ਹਨ। ਕੈਦੀ ਕਿਸੇ ਸਮਝੌਤੇ ਵਿਚ ਸ਼ਾਮਲ ਨਹੀਂ ਹੋ ਸਕਦੇ। ਹਰਮਨ ਤੋਇਵੋ ਜਾ ਤੋਇਵੋ ਨੂੰ ਜਦੋਂ ਆਜ਼ਾਦ ਕੀਤਾ ਗਿਆ ਤਾਂ ਉਹਨੇ ਕਿਸੇ ਕਿਸਮ ਦਾ ਕੋਈ ਵਾਇਦਾ ਨਹੀਂ ਕੀਤਾ ਨਾ ਹੀ ਉਹਨੂੰ ਕੋਈ ਇਕਰਾਰਨਾਮਾ ਲਿਖਣ ਲਈ ਕਿਹਾ ਗਿਆ ਸੀ।

ਐਸੇ ਸਮੇਂ ਜਦੋਂ ਮੈਂ ਤੇ ਤੁਸੀਂ ਲੋਕ ਆਜ਼ਾਦ ਨਹੀਂ ਹਾਂ ਮੈਂ ਨਾ ਹੀ ਕੋਈ ਵਚਨ ਦੇ ਸਕਦਾ ਹਾਂ ਅਤੇ ਨਾ ਹੀ ਦੇਵਾਂਗਾ।

ਤੁਹਾਡੀ ਤੇ ਮੇਰੀ ਆਜ਼ਾਦੀ ਵੱਖ ਨਹੀਂ ਕੀਤੀ ਜਾ ਸਕਦੀ। ਮੈਂ ਪਰਤਾਂਗਾ ਜ਼ਰੂਰ। (ਅਨੁਵਾਦ: ਸੁਖਵੰਤ ਹੁੰਦਲ)



## ਸਥਾਈ ਕਾਲਮ:




## ਡਾਕਟਰ ਰਾਜਪਾਲ ਸਿੰਘ

(ਡਾਕਟਰ ਰਾਜਪਾਲ ਸਿੰਘ ਕੈਨੇਡਾ ਵਿਚ 'ਮਾਨਸਿਕ ਬੀਮਾਰੀਆਂ ਦੇ ਇਲਾਜ' ਅਤੇ 'ਸ਼ਰਾਬ ਰੋਗ ਦੇ ਇਲਾਜ' ਵਿੱਚ ਹੋਰ ਅਗਾਂਹ ਪੜ੍ਹਾਈ ਕਰ ਰਹੇ ਹਨ। ਅੱਜ ਕੱਲ ਗਰੇਟਰ ਵੈਨਕੂਵਰ ਮੈਂਟਲ ਹੈਲਥ ਵਿੱਚ ਪੋਸਟ ਡਾਕਟਰੇਟ ਇੰਨਟਰਨਸ਼ਿਪ ਕਰ ਰਹੇ ਹਨ। - ਸੰਪਾਦਕ।)

ਭਾਵਨਾਵਾਂ ਤੋਂ ਬਗੈਰ ਮਨੁੱਖ ਮਨੁੱਖ ਨਹੀਂ, ਮਸ਼ੀਨ ਜਾਂ ਕੰਮਪਿਊਟਰ ਲੱਗੇਗਾ। ਪਿਆਰ, ਮੁਹੱਬਤ, ਖੁਸ਼ੀ, ਗੁੱਸਾ ਗਿਲਾ ਇਹ ਸਾਰੀਆਂ ਭਾਵਨਾਵਾਂ ਮਨੁੱਖ ਨੂੰ ਉਸਦੀ ਮਨੁੱਖੀ ਹੋਂਦ ਦਾ ਅਹਿਸਾਸ ਦਿਵਾਉਂਦੀਆਂ ਹਨ। ਮਨੁੱਖ ਦੂਸਰਿਆਂ ਨਾਲ ਅਤੇ ਆਪਣੇ ਆਲੇ ਦੁਆਲੇ ਦੀ ਦੁਨੀਆਂ ਨਾਲ ਆਪਣੇ ਸੰਬੰਧਾਂ ਅਤੇ ਆਪਣੀਆਂ ਸਾਂਝਾਂ ਦਾ ਹੁੰਗਾਰਾ ਇਹਨਾਂ ਭਾਵਨਾਵਾਂ ਨਾਲ ਹੀ ਤਾਂ ਭਰਦਾ ਹੈ। ਪਰ ਇਹ ਭਾਵਨਾਵਾਂ ਉਸਦੇ ਮੰਨ ਅੰਦਰਲੇ ਘੋਲਾਂ ਨੂੰ ਵੀ ਬਿਆਨ ਕਰਦੀਆਂ ਹਨ। ਭਾਵਨਾਵਾਂ ਹੱਦ ਵਿੱਚ ਰਹਿਣ ਤਾਂ ਤੇ ਠੀਕ ਹੈ ਪਰ ਜਦ ਕੋਈ ਇਕ ਭਾਵਨਾ ਲੋੜੋਂ ਵੱਧ ਕਾਬਜ ਹੋ ਜਾਂਦੀ ਹੈ ਤਾਂ ਤਵਾਜ਼ਨ ਵਿਗੜ ਜਾਂਦਾ ਹੈ। ਆਪਣੇ ਵਿੱਚ, ਘਰ ਦੇ ਹੋਰ ਜੀਆਂ, ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਤੇ ਹੋਰ ਮਿਲਵਰਤਣ ਵਾਲਿਆਂ ਵਿੱਚ ਮਾਨਸਿਕ ਰੋਗਾਂ ਨੂੰ ਪਛਾਨਣ ਲਈ ਉਨ੍ਹਾਂ ਰੋਗਾਂ ਦੇ ਲੱਛਣਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਇਹ ਰੋਗ ਕਿਉਂ ਹੁੰਦੇ ਹਨ ਅਤੇ ਇਨ੍ਹਾਂ ਦਾ ਇਲਾਜ ਕਿਵੇਂ ਹੁੰਦਾ ਹੈ, ਇਹ ਜਾਣਕਾਰੀ ਵੀ ਬਹੁਤ ਜ਼ਰੂਰੀ ਹੈ। ਪਰ ਆਮ ਜ਼ਿੰਦਗੀ ਵਿੱਚ ਮੁਸ਼ਕਲ, ਇਨ੍ਹਾਂ ਰੋਗਾਂ ਨੂੰ ਸ਼ੁਰੂ ਵਿੱਚ ਪਛਾਨਣ ਵਿੱਚ ਆਉਂਦੀ ਹੈ ਸੋ, ਇਲਾਜ ਲਈ ਉਪਰਾਲਾ ਹੀ ਨਹੀਂ ਹੁੰਦਾ। ਮੂਡ ਨਾਲ ਸੰਬੰਧਿਤ ਰੋਗਾਂ ਬਾਰੇ ਜਾਣਕਾਰੀ ਮੈਂ ਦੋ ਕਿਸ਼ਤਾਂ ਵਿੱਚ ਲਿਖ ਰਿਹਾ ਹਾਂ। ਇਹ ਪਹਿਲੀ ਕਿਸ਼ਤ ਇਨ੍ਹਾਂ ਰੋਗਾਂ ਦੇ ਲਛਣਾਂ ਬਾਰੇ ਹੈ ਤੇ ਦੂਸਰੀ ਵਿੱਚ ਇਹਨਾਂ ਦੇ ਇਲਾਜ ਅਤੇ ਹੋਰ ਪਚੀਦਗੀਆਂ ਬਾਰੇ ਜਾਣਕਾਰੀ ਹੋਵੇਗੀ।

ਵੱਡੀ ਉਦਾਸੀ (major depression) ਅਤੇ ਦੋ-ਧੁਰਾ ਰੋਗ (bipolar disordered) ਜ਼ਿਆਦਾ ਗੰਭੀਰ ਹੁੰਦੇ ਹਨ ਜਿਨ੍ਹਾਂ ਦਾ ਇਲਾਜ ਜ਼ਰੂਰ ਹੋਣਾ ਚਾਹੀਦਾ ਹੈ - ਹੋ ਰਹੀ ਖੋਜ, ਸਿੱਖਿਆ ਸਮੱਗਰੀ ਤੇ ਇਲਾਜ ਕੇਂਦਰ ਵੀ ਜ਼ਿਆਦਾ ਇਨ੍ਹਾਂ ਰੋਗਾਂ ਵੱਲ ਹੀ ਧਿਆਨ ਦੇਂਦੇ ਹਨ। ਪਰ ਅੱਜ ਕਲ ਮੌਸਮੀ ਉਦਾਸੀ ਦੇ ਇਲਾਜ ਬਾਰੇ ਵੀ ਕੁਝ ਖੋਜ ਹੋ ਰਹੀ ਹੈ ਅਤੇ ਪੋਸਟ ਪਾਰਟਮ ਡਿਪਰੈਸ਼ਨ ਦੇ ਇਲਾਜ ਬਾਰੇ ਵੀ ਮਾਹਿਰ ਵਧੇਰੇ ਜਾਣਕਾਰੀ ਹਾਸਿਲ ਕਰ ਰਹੇ ਹਨ। ਇਸ ਕਿਸ਼ਤ ਦੇ ਪਹਿਲੇ ਹਿੱਸੇ ਵਿੱਚ ਮੈਂ ਪੋਸਟਪਾਰਟਮ ਡਿਪਰੈਸ਼ਨ ਦਾ ਜਿਕਰ ਕਰਾਂਗਾ ਤੇ ਦੂਸਰੇ ਵਿੱਚ ਦੂਸਰੇ ਰੋਗਾਂ ਦਾ।

### ਪਹਿਲਾ ਹਿੱਸਾ

## ਪੋਸਟ ਪਾਰਟਮ ਡਿਪਰੈਸ਼ਨ: ਬੱਚਾ ਪੈਦਾ ਹੋਣ ਤੋਂ ਬਾਅਦ ਦੀ ਉਦਾਸੀ।

ਭਾਵੇਂ ਸਾਡੇ ਲੋਕਾਂ ਵਿੱਚ ਲੜਕਾ ਪੈਦਾ ਹੋਣਾ ਹੀ ਖੁਸ਼ੀ ਦਾ ਮੌਕਾ ਗਿਣਿਆਂ ਜਾਂਦਾ ਹੈ ਪਰ ਬੱਚਾ ਪੈਦਾ ਹੋਣ ਤੇ ਹਰ ਕੋਈ ਖੁਸ਼ ਹੁੰਦਾ ਹੈ। ਕਈ ਵਾਰੀ ਕੁਝ ਔਰਤਾਂ ਬੱਚਾ ਪੈਦਾ ਹੋਣ ਤੋਂ ਕੁਝ ਦਿਨ, ਕੁਝ ਹਫਤੇ ਜਾਂ ਕੁਝ ਮਹੀਨਿਆਂ ਬਾਅਦ ਕਾਫੀ ਉਦਾਸ ਹੋ ਜਾਂਦੀਆਂ ਹਨ ਜਾਂ ਉਹਨਾਂ ਨੂੰ ਖਿੱਝ ਆਉਂਦੀ ਹੈ ਜਾਂ ਚਿੰਤਾ ਰਹਿੰਦੀ ਹੈ। ਮਾੜੇ ਖਿਆਲ ਅਤੇ ਭੈੜੇ ਸੁਪਨੇ ਵੀ ਆ ਸਕਦੇ ਹਨ। ਇਹ ਸਿਰਫ ਪਹਿਲੇ ਬੱਚੇ ਦੇ ਪੈਦਾ ਹੋਣ ਤੇ ਹੀ ਨਹੀਂ ਹੁੰਦਾ ਸਗੋਂ ਕਿਸੇ ਵੀ ਬੱਚੇ ਦੇ ਪੈਦਾ ਹੋਣ ਤੇ ਬਾਅਦ ਹੋ ਸਕਦਾ ਹੈ। ਇਸ ਬੀਮਾਰੀ ਦੇ ਲੱਛਣ ਇਕੋ ਜਿਹੇ ਹੀ ਹੁੰਦੇ ਹਨ ਭਾਵੇਂ ਇਹ ਅਵਸਥਾ ਕੁਝ ਦਿਨਾਂ ਬਾਅਦ ਹੋਵੇ, ਕੁਝ ਹਫਤਿਆਂ ਬਾਅਦ ਹੋਵੇ ਜਾਂ ਕੁਝ ਮਹੀਨਿਆਂ ਬਾਅਦ ਹੋਵੇ। ਸੌ ਵਿਚੋਂ 15 ਔਰਤਾਂ ਨੂੰ ਇਸ ਤਰ੍ਹਾਂ ਦੀ ਉਦਾਸੀ ਹੁੰਦੀ ਹੈ ਜਿਹੜੀ ਕਿ ਦੂਸਰੀਆਂ ਮੂਡ ਨਾਲ ਸੰਬਧਤ ਬੀਮਾਰੀਆਂ ਤੋਂ ਵੱਖਰੀ ਹੁੰਦੀ ਹੈ। ਇਹ ਅਵਸਥਾ ਜਿਸਨੂੰ ਪੋਸਟ ਪਾਰਟਮ ਡਿਪਰੈਸ਼ਨ ਕਹਿੰਦੇ ਹਨ, ਕਾਫੀ ਦੇਰ ਰਹਿੰਦੀ ਹੈ। ਔਰਤ ਆਪਣੇ ਆਪ ਨੂੰ ਨਿਕੰਮੀ, ਦੋਸ਼ੀ, ਥੱਕੀ ਹੋਈ ਤੇ ਬਹੁਤ ਇਕੱਲੀ ਮਹਿਸੂਸ ਕਰਦੀ ਹੈ ਤੇ ਕਈ ਵਾਰੀ ਬੱਚੇ ਨੂੰ ਨੁਕਸਾਨ, ਜਾਂ ਆਪਣੇ ਆਪ ਤੇ ਬੱਚੇ ਦੋਹਾਂ ਨੂੰ ਨੁਕਸਾਨ ( ਮਰਨ/ਮਾਰਨ ) ਪਹੁੰਚਾਣ ਦੇ ਖਿਆਲ ਮਨ ਵਿੱਚ ਆਉਂਦੇ ਹਨ। ਪਰ ਇਹ ਗਲ ਧਿਆਨਯੋਗ ਹੈ ਕਿ ਇਹ ਅਵਸਥਾ ਉਸ ਅਵਸਥਾ ਤੇ ਵੱਖਰੀ ਹੈ ਜਿਹੜੀ ਕਿ ਬੱਚਾ ਪੈਦਾ ਹੋਣ ਤੋਂ ਤੀਜੇ ਜਾਂ ਚੋਥੇ ਦਿਨ ਵਕਤੀ ਤੋਰ ਤੇ ਹੁੰਦੀ ਹੈ ਜਿਸਨੂੰ ਇਥੇ "ਬੇਬੀ ਬਲੂਜ਼" ਆਖਦੇ ਹਨ ਅਤੇ ਜੋ ਸੌ ਵਿੱਚੋਂ 80 ਔਰਤਾਂ ਨੂੰ ਹੁੰਦੀ ਹੈ।*

ਮੈਂ ਕੁਝ ਅਲਾਮਤਾਂ ਹੇਠ ਲਿਖਣ ਲੱਗਾ ਹਾਂ ਜੋ ਇਹ ਤੁਸੀਂ ਆਪ ਜਾਂ ਕੋਈ ਵੀ ਹੋਰ ਮਾਂ ਇਹ ਮਹਿਸੂਸ ਕਰੇ ਤਾਂ ਸਮਝ ਲਵੋ ਕਿ ਪੋਸਟਪਾਰਟਮ ਡਿਪਰੈਸ਼ਨ ਹੈ:

-ਇੰਝ ਲਗਦਾ ਹੈ ਜਿਵੇਂ ਕੁਝ ਵੀ ਨਹੀਂ ਕਰ ਸਕਦੀ। ਸਾਰੇ ਕੰਮ ਮੁਸ਼ਕਲ ਲਗਦੇ ਹਨ।
-ਸਾਰਾ ਕੁਝ ਉਦਾਸ ਉਦਾਸ ਲਗਦਾ ਹੈ।
-ਔਗੀ ਨਾਲੋਂ ਜ਼ਿਆਦਾ ਗੁੱਸਾ ਤੇ ਖਿੱਝ ਆਉਂਦੀ ਹੈ।
-ਆਪਣਾ ਆਪ ਘਟੀਆ ਤੇ ਬਦਸ਼ਕਲ ਲੱਗਦਾ ਹੈ।
-ਇਵੇਂ ਲੱਗਦਾ ਹੈ ਜਿਵੇਂ ਸਿਰਫ ਉਹ ਹੀ ਇਵੇਂ ਮਹਿਸੂਸ ਕਰ ਰਹੀ ਹੈ ਹੋਰ ਮਾਵਾਂ ਇੰਦਾਂ ਮਹਿਸੂਸ ਨਹੀਂ ਕਰਦੀਆਂ। ਸੋ ਉਹ ਉਨ੍ਹਾਂ ਸਾਰਿਆਂ ਨਾਲੋਂ ਵੱਖਰੀ ਹੈ।
-ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਨਾ।
-ਰਿਸ਼ਤੇਦਾਰਾਂ ਤੇ ਸਹੇਲੀਆਂ ਨਾਲ ਘਟ ਮਿਲਣਾ ਜੁਲਣਾ
-ਬਿਨਾ ਹੀ ਕਿਸੇ ਕਾਰਨ ਰੋਣ ਲਗ ਪੈਣਾ

-ਘਟ ਹਿਲਣਾ ਜੁਲਣਾ, ਉੱਠਣ ਨੂੰ ਜੀ ਹੀ ਨਾ ਕਰਨਾ ਜਾਂ ਇਸ ਤੋਂ ਉਲਟ ਵੀ ਹੋ ਸਕਦਾ ਹੈ ਕਿ ਘਰ ਟਿਕਣਾ ਹੀ ਨਾ, ਇਵੇਂ ਜ਼ਰੂਰਤ ਮਹਿਸੂਸ ਹੁੰਦੀ ਰਹਿਣੀ ਕਿ ਹਰ ਵੇਲੇ ਕੋਈ ਨਾ ਕੋਈ ਕੋਲ ਹੋਵੇ।

-ਨੀਂਦ ਨਾ ਆਉਣੀ, ਜਾਂ ਬਹੁਤ ਦੇਰ ਨਾਲ ਆਉਣੀ

-ਬੱਚੇ ਦਾ ਹੱਦ ਤੋਂ ਵੱਧ ਖਿਆਲ ਰੱਖਣਾ - ਘੜੀ ਮੁੜੀ ਚੈੱਕ ਕਰਨਾ ਕਿ ਸਾਹ ਵੀ ਲੈ ਰਿਹਾ ਹੈ ਕਿ ਨਹੀਂ ਤੇ ਕਿਸੇ ਵੀ ਮੌਕੇ ਬੱਚੇ ਤੋਂ ਪਰ੍ਹੇ ਨਾ ਹੋਇਆ ਜਾਣਾ।

ਉੱਪਰ ਲਿਖੇ ਲੱਛਣ ਤਾਂ ਪਰਖਣ ਵਿੱਚ ਕੋਈ ਮੁਸ਼ਕਲ ਨਹੀਂ ਆਉਂਦੀ ਪਰ ਕੁਝ ਹੋਰ ਅਜਿਹੀਆਂ ਭਾਵਨਾਵਾਂ, ਖਿਆਲ, ਵਿਚਾਰ ਹੁੰਦੇ ਹਨ ਜਿਨ੍ਹਾਂ ਬਾਰੇ ਔਰਤ ਕਿਸੇ ਨਾਲ ਗੱਲ ਨਹੀਂ ਕਰਦੀ ਜਾਂ ਕਿਸੇ ਨਾਲ ਵੀ ਗੱਲ ਕਰਨ ਤੋਂ ਬਹੁਤ ਝਿਜਕਦੀ ਹੈ। ਇਹ ਅਕਸਰ ਐਸੇ ਖਿਆਲ ਹੁੰਦੇ ਹਨ ਜਿਨ੍ਹਾਂ ਵਿੱਚ ਮਾਂ ਬੱਚੇ ਨੂੰ ਨੁਕਸਾਨ ਪਹੁੰਚਾਣ ਜਾਂ ਮਾਰਨ ਬਾਰੇ ਸੋਚਦੀ ਹੈ। ਕਈ ਵਾਰੀ ਅਜੇਹੇ ਖਿਆਲ ਵਾਰ ਵਾਰ ਆਉਂਦੇ ਹਨ। *

ਔਰਤ/ਮਾਂ ਇਹ ਸੋਚਦੀ ਹੈ ਕਿ ਮੇਰੇ ਨਾਲ ਹੀ ਕਿਉਂ ਏਦਾਂ ਹੋ ਰਿਹਾ ਹੈ, ਕਿ ਮੇਰੇ ਜਿਸਮ ਵਿੱਚਲੇ 'ਹਾਰਮੋਨ' ਵਿੱਚ ਕਮੀ ਆ ਗਈ ਹੈ। ਪਰ ਤਨਾਅ ਵਾਲੀ ਸਥਿਤੀ ਵਿੱਚ ਇਹ 'ਹਾਰਮੋਨਾਂ' ਵਿੱਚ ਤਬਦੀਲੀ ਔਰਤਾਂ ਅਤੇ ਮਰਦ ਦੋਹਾਂ ਵਿੱਚ ਆ ਜਾਂਦੀ ਹੈ ਅਤੇ ਨਾਲੇ ਵੇਖਣ ਵਿੱਚ ਇਹ ਵੀ ਆਇਆ ਹੈ ਕਿ ਇਹ ਅਵਸਥਾ ਜਾਂ ਬੀਮਾਰੀ ਉਹਨਾਂ ਔਰਤਾਂ ਨੂੰ ਵੀ ਹੋ ਜਾਂਦੀ ਹੈ ਜੋ ਬੱਚੇ ਨੂੰ ਜਨਮ ਨਹੀਂ ਦੇਦੀਆਂ ਬਲਕਿ ਗੋਦ ਲੈਦੀਆਂ ਹਨ। ਸੋ ਇਹ ਕਿਹਾ ਜਾ ਸਕਦਾ ਹੈ ਕਿ ਇਹ ਅਵਸਥਾ ਤਨਾਅ ਕਰਕੇ ਪੈਦਾ ਹੁੰਦੀ ਹੈ।

ਦਰਅਸਲ ਜਦ ਔਰਤ ਮਾਂ ਬਣਦੀ ਹੈ ਤਾਂ ਉਹ ਆਪਣੇ ਆਪ ਤੋਂ ਏਨੀਆਂ ਆਸਾਂ ਲਾ ਲੈਦੀਂ ਹੈ ਕਿ ਜੋ ਅਸਲੀਅਤ ਵਿੱਚ ਪੂਰੀਆਂ ਹੀ ਨਹੀਂ ਹੋ ਸਕਦੀਆਂ। ਤੇ ਆਪਣੇ ਲੋਕਾਂ ਵਿੱਚ ਵੀ ਮਾਂ-ਪੁਣੇ ਬਾਰੇ ਬਹੁਤ ਰਵਾਇਤਾਂ ਹਨ ਜਿਵੇਂ ਕਿ:

- ਬੱਚਾ ਭਾਵੇਂ ਕਿਤੇ ਵੀ ਰੋਵੇ ਮਾਂ ਨੂੰ ਇਕ ਦਮ ਪਤਾ ਲੱਗ ਜਾਂਦਾ ਹੈ
- ਚੰਗੀਆਂ ਮਾਂਵਾ ਕੋਲ ਬੱਚੇ ਵਾਸਤੇ ਹਰ ਵੇਲੇ ਵਕਤ ਹੁੰਦਾ ਹੈ
- ਮਾਂ ਜਦ ਵੀ ਬੱਚੇ ਨੂੰ ਵੇਖਦੀ ਹੈ ਆਪਣੇ ਆਪ ਹੀ ਅਥਾਹ ਪਿਆਰ ਦਾ ਸਾਗਰ ਮਾਂ ਦੇ ਦਿਲ ਵਿਚੋਂ ਉਮੜ ਆਉਂਦਾ ਹੈ।
- ਤੇ ਇਵੇਂ ਹੀ ਮਾਂ ਭਾਵੇਂ ਆਪਣੀਆਂ ਹੋਰ ਜ਼ਿੰਮੇਵਾਰੀਆਂ ਤੋਂ ਇਲਾਵਾ ਹਰ ਵੇਲੇ ਬੱਚੇ ਦੀ ਦੇਖ ਰੇਖ ਕਰਦੀ ਹੈ ਪਰ ਉਸ ਨੂੰ ਕੋਈ ਨਹੀ ਜਾਣਦਾ। ਕਹਿੰਦੇ ਨੇ ਮਾਂਵਾ ਤਾਂ ਬਹੁਤ ਕੁਝ ਕਰਦੀਆਂ ਹਨ ਇਹ ਤਾਂ ਕੁਝ ਵੀ ਨਹੀਂ। ਸੋ 'ਮਾਂ' ਜਾਂ 'ਸੁਪਰ ਮਾਂ' ਦੀ ਮਿੱਥ ਜੋ ਅਸੀਂ ਪਾਲ ਰੱਖੀ ਹੈ ਅਤੇ ਬਹੁਤ ਸਾਰੀਆਂ ਮਾਂਵਾ ਉਸ ਕਲਪਨਿਤ 'ਮਾਂ' ਨਾਲ ਆਪਣੇ ਆਪ ਨੂੰ ਮੇਚ ਕੇ ਵੇਖਦਿਆਂ ਹਨ ਤਾਂ ਪੋਸਟ ਪਾਰਟਮ ਡਿਪਰੇਸ਼ਨ ਦਾ ਸ਼ਿਕਾਰ ਹੋ ਜਾਂਦੀਆਂ ਹਨ।

- ਕੁਝ ਹੋਰ ਕਾਰਨ ਇਹ ਹੋ ਸਕਦੇ ਹਨ ਜਿਵੇਂ:

1. ਅਪਣੇ ਆਪ ਪ੍ਰਤੀ ਨਫਰਤ: ਕਈ ਵਾਰੀ ਬੱਚੇ ਦਾ ਮੂੰਹ ਮੁਹਾਂਦਰਾ ਉਸ ਚੀਜ਼ ਦੀ ਯਾਦ ਦਿਵਾਉਂਦਾ ਹੈ ਜੋ ਤੁਸੀਂ ਆਪਣੇ ਆਪ ਬਾਰੇ ਪਸੰਦ ਨਹੀਂ ਕਰਦੇ।
2. ਰੋਹ: ਪਤੀ, ਮਾਪੇ, ਸੋਹਰੇ ਜਾਂ ਕਿਸੇ ਹੋਰ ਨਜ਼ਦੀਕੀ ਰਿਸ਼ਤੇਦਾਰ ਪ੍ਰਤੀ ਗੁਸਾ ਮਨ ਵਿੱਚ ਹੋਣਾ।
3. ਮਾਂ ਵਿੱਚ ਬਹੁਤ ਬਚਪਨਾ ਹੋਣਾ: ਕਈ ਮਵਾਂ ਦੂਸਰਿਆਂ ਉੱਤੇ ਆਪ ਹੀ ਬੱਚਿਆਂ ਵਾਂਗ ਨਿਰਭਰ ਹੁੰਦੀਆਂ ਹਨ ਤਾਂ ਉਹ ਮਹਿਸੂਸ ਕਰਦੀਆਂ ਹਨ ਕਿ ਉਹ ਧਿਆਨ ਜਾਂ ਤਵੱਜੋਂ ਬੱਚਾ ਜ਼ਿਆਦਾ ਲੈ ਰਿਹਾ ਜਿਹੜੀ ਕਿ ਦੂਸਰਿਆਂ ਕੋਲੋ ਉਸਨੂੰ ਮਿਲਣੀ ਚਾਹੀਦੀ ਹੈ।
4. ਸੰਪੂਰਨਤਾ, ਆਦਰਸ਼ ਵੱਡੇ ਤੇ ਉਚੇ ਹੋਣ ਕਿ ਮਾਂ ਆਪ ਤੇ ਉਸ ਦਾ ਬੱਚਾ ਪੂਰਾ ਹੀ ਨਹੀਂ ਉਤਰ ਸਕਦੇ।
5. ਹੋਰਨਾਂ ਨਾਲ ਸੰਪਰਕ ਤੇ ਸੰਚਾਰ ਘਟ ਹੋਣਾ: ਜਦ ਅਸੀਂ ਦੂਸਰੇ ਨਜ਼ਦੀਕੀਆਂ ਨਾਲ ਗੱਲਬਾਤ ਨਹੀਂ ਕਰਦੇ ਜਾਂ ਨਹੀਂ ਕਰ ਸਕਦੇ ਤਾਂ ਸਾਨੂੰ ਅਪਣਿਆਂ ਅਤੇ ਦੂਸਰਿਆਂ ਕੋਲੋਂ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਕਿ ਅਸੀਂ ਉਹਨਾਂ ਦੇ ਮੁਕਾਬਲੇ ਕਿੰਨਾ ਕੁਝ ਅਤੇ ਕਿਵੇਂ ਅਤੇ ਕਰ ਰਹੇ ਹਾਂ।

ਜਦ ਔਰਤ ਇਹ ਵੇਖੇ ਕਿ ਉਸ ਨੂੰ ਪੋਸਟ ਪਾਰਟਮ ਡਿਪਰੇਸ਼ਨ ਹੋਇਆ ਲੱਗਦਾ ਹੈ ਜਾਂ ਸ਼ੱਕ ਹੈ ਤਾਂ ਉਸਨੂੰ ਕਿਸੇ ਮਾਹਿਰ ਤੋਂ ਸਹਾਇਤਾ ਲੈਣੀ ਚਾਹੀਦੀ ਹੈ। ਆਪਣੇ ਡਾਕਟਰ, ਪਬਲਿਕ ਨਰਸ, ਮਾਨਸਿਕ ਸਿਹਤ ਕੇਂਦਰ ਜਾਂ ਮਨੋਵਿਗਆਨੀ ਨਾਲ ਗੱਲ ਕਰੋ। ਕਈ ਵਾਰੀ ਅਜੇਹਾ ਹੋ ਸਕਦਾ ਹੈ ਕਿ ਕੁਝ ਮਾਹਿਰ ਵੀ ਇਸ ਅਵਸਥਾ ਤੋਂ ਏਨੇ ਜਾਣੂ ਨਹੀਂ ਜਾਂ ਅਵੇਸਲੇ ਹਨ ਤਾਂ ਕਿਸੇ ਦੂਸਰੇ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ।

ਮੈਂ ਤਾਂ ਇਹ ਵੀ ਸਲਾਹ ਦਿਆਗਾਂ ਕਿ ਜੇ ਕਿਸੇ ਔਰਤ 'ਮਾਹਰ' ਨਾਲ ਗੱਲ ਕੀਤੀ ਜਾਵੇ ਤਾਂ ਜ਼ਿਆਦਾ ਠੀਕ ਰਵੇਗਾ ਜਾਂ ਉਸ ਮਾਹਿਰ ਨਾਲ ਗੱਲ ਕਰੋ ਜਿਸਨੂੰ ਪੋਸਟ ਪਾਰਟਮ ਡਿਪਰੇਸ਼ਨ ਬਾਰੇ ਕਾਫੀ ਜਾਣਕਾਰੀ ਹੈ ਅਤੇ ਇਸ ਬੀਮਾਰੀ ਬਾਰੇ ਮਨੋਚਕਿਸਤਾ ਵਿੱਚ ਤਜ਼ਰਬਾ ਅਤੇ ਹੁਨਰ ਹੈ।

ਕੁਝ ਗਲਾਂ ਜੋ ਸਹਾਈ ਹੋ ਸਕਦੀਆਂ ਹਨ ਇਸ ਤਰ੍ਹਾਂ ਹਨ:

-ਸਭ ਤੋਂ ਪਹਿਲਾਂ ਤਾਂ ਪੋਸਟ ਪਾਰਟਮ ਡਿਪਰੇਸ਼ਨ ਬਾਰੇ ਪੂਰੀ ਜਾਣਕਾਰੀ ਲਵੋ।

- ਦਿਨ ਵਿੱਚ ਕੀ ਕਰਨਾ ਹੈ ਉਸ ਬਾਰੇ ਵਿਚਾਰੋ ਤੇ ਕੁਝ ਕੰਮ ਹੀ ਚੁਣੋ ਜੋ ਕੀਤੇ ਜਾ ਸਕਦੇ ਹਨ

- ਜਦ ਵੀ ਮੌਕਾ ਮਿਲੇ ਆਰਾਮ ਕਰਨ ਦੀ ਕੋਸ਼ਿਸ਼ ਕਰੋ। ਅਜੇਹੀ ਹਾਲਤ ਵਿੱਚ ਘਰ ਦੇ ਕੰਮ ਨਾਲੋਂ ਆਰਾਮ ਜ਼ਿਆਦਾ ਜ਼ਰੂਰੀ ਹੈ

-ਤਾਕਤਵਾਰ ਚੀਜ਼ਾਂ ਜਾਂ ਭੋਜਨ ਖਾਵੋ

-ਬੱਚੇ ਤੋਂ ਇਲਾਵਾਂ ਆਪਣੇ ਵਲ ਵੀ ਧਿਆਨ ਦੇਵੋ।

- ਕਿਸੇ ਹੋਰ ਤੋਂ ਬੱਚਾ ਸਾਂਭਣ ਵਿੱਚ ਮੱਦਦ ਲਵੋ।

- ਆਪਣੀਆਂ ਸਹੇਲੀਆਂ ਤੇ ਮਿਲਣ ਗਿਲਣ ਵਾਲੀਆਂ ਨੂੰ ਮਿਲੋ।

## ਦੂਜਾ ਹਿੱਸਾ

ਮੂਡ ਜ਼ਿਆਦਾ ਦੇਰ ਰਹਿਣ ਵਾਲੀ ਉਸ ਭਾਵਨਾ ਨੂੰ ਕਹਿੰਦੇ ਹਨ ਜਿਹੜੀ ਸਾਡੀ ਮਾਨਸਿਕ ਜ਼ਿੰਦਗੀ ਨੂੰ ਆਪਣੇ ਹੀ ਰੰਗ ਵਿੱਚ ਰੰਗ ਲੈਂਦੀ ਹੈ। ਜਿਸ ਵਿੱਚ ਆਮ ਤੋਰ ਤੇ ਉਦਾਸੀ ਹੁੰਦੀ ਹੈ ਜਾਂ ਬਹੁਤ ਹੀ ਚੜ੍ਹਦੀ ਕਲਾ ਹੁੰਦੀ ਹੈ। ਸਾਡੇ ਸਾਰਿਆਂ ਦੀ ਜ਼ਿੰਦਗੀ ਵਿੱਚ ਇਹ ਉਤਰਾ ਚੜਾਅ ਆਉਂਦੇ ਹਨ ਪਰ ਕੁਝ ਲੋਕ ਲਗਾਤਾਰ ਹੀ ਢਹਿੰਦੀਆਂ ਕਲਾਂ ਵਿੱਚ ਰਹਿੰਦੇ ਹਨ। ਜਦ ਇਹ ਉਦਾਸੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਬਹੁਤ ਜ਼ਿਆਦਾ ਤੰਗੀ ਦਿੰਦੀ ਹੈ ਤਾਂ ਇਸਨੂੰ 'ਕਲਿਨੀਕਲ ਡਿਪਰੇਸ਼ਨ' ਕਹਿੰਦੇ ਹਨ, ਅਤੇ ਜਿਸਦੇ ਇਲਾਜ ਦੀ ਜ਼ਰੂਰਤ ਹੁੰਦੀ ਹੈ। ਇਕ ਅੰਦਾਜ਼ੇ ਮੁਤਾਬਕ ਉਦਾਸੀ ਰੋਗ ਦੇ ਮਰੀਜਾਂ ਵਿੱਚ ਤੀਜੇ ਕੁ ਹਿੱਸੇ ਨੂੰ ਦੋ-ਧੁਰਾ ਰੋਗ ਹੁੰਦਾ ਹੈ ( ਜਿਸਨੂੰ ਪਹਿਲਾਂ ਮੈਨਿਕ ਡਿਪਰੇਸ਼ਨ ਕਿਹਾ ਜਾਂਦਾ ਸੀ )। ਇਸ ਰੋਗ ਦਾ ਸਭ ਤੋਂ ਵੱਡਾ ਲੱਛਣ ਇਹ ਹੈ ਕਿ ਬਹੁਤ ਦੇਰ ਤਕ ਮੂਡ ਉਤਾਹ ਵੱਲ ਹੁੰਦਾ ਹੈ (high) ਜਿਹੜਾ ਕਿ ਜਲਦੀ ਹੀ ਗੁੱਸੇ ਅਤੇ ਖਿੱਝ

ਨਾਲ ਬਦਲ ਜਾਂਦਾ ਹੈ। ਇਹ ਮਰੀਜ਼ 'ਹਾਈ' (ਬਹੁਤੇ ਖੁਸ਼) ਤੋਂ ਲੈ ਕੇ ਬਹੁਤੇ ਉਦਾਸ ਦੇ ਚੱਕਰ ਵਿੱਚ ਘੁੰਮਦੇ ਰਹਿੰਦੇ ਹਨ।

## ਵੱਡੀ ਉਦਾਸੀ ਰੋਗ
## (major Depression)

ਉਦਾਸੀ ਦੀ ਬੀਮਾਰੀ ਦਾ ਅੰਦਾਜ਼ਾ ਇਸ ਦੀ ਤੀਖਣਤਾ, ਵਿਆਪਕਤਾ, ਲੰਮੇ ਸਮੇਂ ਲਗੀ ਰਹਿਣ ਤੋਂ ਅਤੇ ਆਮ ਸਮਾਜਿਕ ਅਤੇ ਮਾਨਸਿਕ ਵਿੱਚ ਦਖਲ ਅੰਦਾਜ਼ੀ ਤੋਂ ਲਾਇਆ ਜਾਂਦਾ ਹੈ। ਇਹ ਰੋਗ ਪਹਿਲਾਂ ਇੰਨਾ ਗੰਭੀਰ ਨਹੀਂ ਹੁੰਦਾ ਤੇ ਇਸਨੂੰ ਪਛਾਨਣ ਵਿੱਚ ਜ਼ਿਆਦਾ ਮੁਸ਼ਕਲਾਂ ਆਉਂਦੀਆਂ ਹਨ ਕਿਉਂਕਿ ਆਮ ਭਾਵਨਾਂਵਾ ਵਿੱਚ ਅਤੇ ਰੋਗੀ ਭਾਵਨਾਵਾਂ ਵਿੱਚ ਉਸ ਵੇਲੇ ਫਰਕ ਬਹੁਤ ਘੱਟ ਹੁੰਦਾ ਹੈ। ਵੱਡੀ ਉਦਾਸੀ ਦੇ ਲੱਛਣ ਇਵੇਂ ਹਨ:

-ਲਗਾਤਾਰ ਉਦਾਸ, ਬੇਚੈਨ ਜਾਂ ਖਾਲੀ ਜਿਹਾ ਮੂਡ
-ਥਕੇਂਵਾ ਰਹਿਣਾ, ਮੱਠੇ ਪੈ ਜਾਣਾ
-ਆਮ ਕੰਮਾਂ ਵਿੱਚ ਜਾਂ ਸਰਗਰਮੀਆਂ ਵਿੱਚ ਦਿਲਚਸਪੀ ਜਾਂ ਮਜ਼ਾ ਘੱਟ ਜਾਣਾ
-ਆਪਣੇ ਆਪ ਨੂੰ ਹੀਣ ਸਮਝਣਾ, ਦੋਸ਼ ਦੇਣਾ ਜਾਂ ਦੋਸ਼ੀ ਸਮਝਣਾ
-ਭੁੱਖ ਵਿੱਚ ਤਬਦੀਲੀ, ਆਮ ਤੌਰ ਤੇ ਭਾਰ ਘਟ ਜਾਣਾ
-ਨੀਂਦ ਵਿੱਚ ਵਿਘਨ, ਨੀਂਦ ਨਾ ਆਉਣਾ, ਸਵੇਰੇ ਸਵੱਖਤੇ ਨੀਂਦ ਦਾ ਖੁਲ ਜਾਣਾ ਜਾਂ ਜ਼ਿਆਦਾ ਸੌਣਾ
-ਆਤਮ ਹੱਤਿਆ ਜਾਂ ਮੌਤ ਦੇ ਖਿਆਲ ਆਉਣੇ ਜਾਂ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕਰਨੀ
-ਨਿਰਾਸ਼ਾਵਾਦ ਅਤੇ ਨਾ ਉਮੀਦੀ ਦੀਆਂ ਭਾਵਨਾਵਾਂ
-ਆਤਮ ਵਿਸ਼ਵਾਸ ਵਿੱਚ ਕਮੀ
-ਧਿਆਨ ਕੇਂਦਰਤ ਕਰਨ, ਯਾਦ ਕਰਨ ਅਤੇ ਫੈਸਲਾ ਕਰਨ ਵਿੱਚ ਮੁਸ਼ਕਲ ਆਉਣੀ
-ਚਿੰਤਾ
-ਕੰਮ ਵਿੱਚ ਦਿਲਚਸਪੀ ਘੱਟ ਜਾਣੀ
-ਬੇ ਆਰਾਮੀ ਅਤੇ ਚਿੜਚਿੜਾਪਨ
-ਸਰੀਰਕ ਬੀਮਾਰੀਆਂ ਦੀ ਸ਼ਕਾਇਤ ਹੋਣੀ: ਕਈ ਵਾਰੀ ਉਦਾਸੀ ਰੋਗ ਸਰੀਰਕ ਰੋਗਾਂ ਦੀਆਂ ਅਲਾਮਤਾਂ ਵਿੱਚ ਵੀ ਭੇਸ ਬਦਲ ਲੈਂਦਾ ਹੈ ਤੇ ਉਹ ਸਰੀਰਕ ਰੋਗ ਫਿਰ ਦਵਾਈਆਂ ਨਾਲ ਵੀ ਠੀਕ ਨਹੀਂ ਹੁੰਦਾ ਜਿਵੇਂ ਕਿ ਅੱਧੇ ਸਿਰ ਦੀ ਸਿਰ ਪੀੜ, ਢਿੱਡ ਪੀੜ ਜਾਂ ਹੋਰ ਪੁਰਾਣੀਆਂ ਪੀੜਾਂ।

ਉਹ ਕੋਈ ਵੀ ਜੋ ਉਪਰ ਲਿਖਿਆਂ ਵਿਚੋਂ ਚਾਰ ਜਾਂ ਵੱਧ ਨੂੰ ਦੋ ਹਫਤਿਆਂ ਤੋਂ ਵੱਧ ਮਹਿਸੂਸ ਕਰਨ ਜਾਂ ਜਿਸ ਦੀ ਵੀ ਜ਼ਿੰਦਗੀ ਦੀ ਕਾਰਗੁਜ਼ਾਰੀ ਵਿੱਚ ਉਪਰ ਲਿਖੇ ਲੱਛਣਾਂ ਕਰਕੇ ਵਿਗਾੜ ਪੈਂਦਾ ਹੈ, ਉਸ ਨੂੰ ਡਿਪਰੈਸ਼ਨ ਦਾ ਰੋਗ ਹੈ, ਜਿਸਦਾ ਇਲਾਜ਼ ਕਰਵਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕੁਝ ਹੋਰ ਲਛੱਣ ਜਿਵੇਂ ਕਿ ਸ਼ਰਾਬ ਜਾਂ ਹੋਰ ਨਸ਼ਿਆਂ ਜਾਂ ਦਵਾਈਆਂ ਦੀ ਬਹੁਤ ਵਰਤੋ ਕਰਨੀ ਅਤੇ ਅਸਲੀਅਤ ਨਾਲੋਂ ਵਾਸਤਾ ਟੁੱਟ ਜਾਂਦਾ ਹੈ ਜਿਵੇਂ, ਆਵਾਜ਼ਾਂ ਸੁਣਾਈ ਦੇਣੀਆਂ ਜਾਂ ਅਜੀਬ ਖਿਆਲ ਮਨ ਵਿੱਚ ਆਉਣੇ, ਇਹ ਉਦਾਸੀ ਦੇ ਰੋਗ ਦੇ ਪ੍ਰਭਾਵ ਕਰਕੇ ਹੋ ਸਕਦੇ ਹਨ। +

## ਦੋ-ਧੁਰਾ ਰੋਗ
## (Bi Polar Disorders)

ਦੋ-ਧੁਰਾ ਰੋਗ (Bipolar disorder) ਇਸਨੂੰ ਇਸ ਲਈ ਕਹਿੰਦੇ ਹਨ ਕਿ ਇਸ ਵਿੱਚ ਉਦਾਸੀ ਅਤੇ ਖੁਸ਼ੀ ਦੋਹਾਂ ਦੀ ਬਹੁਲਤਾ ਹੁੰਦੀ ਹੈ। ਉਦਾਸੀ ਵਾਲੀ ਅਵਸਥਾ ਵਿੱਚ ਤਾਂ ਸਾਰੇ ਉਦਾਸੀ ਵਾਲੇ ਲੱਛਣ ਹੁੰਦੇ ਹਨ ਪਰ ਮੇਨਿਕ ਅਵਸਥਾ ਵਿੱਚ ਮਨੁੱਖ ਜਦ ਬਹੁਤ ਹੀ ਬਿਹਤਰ ਜਾਂ ਵਧੀਆ ਮਹਿਸੂਸ ਕਰਦਾ ਹੈ ਤਾਂ ਉਸਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਲੋਕ ਇਸਨੂੰ ਰੋਗ ਕਿਉਂ ਕਹਿੰਦੇ ਹਨ। ਮਨੁੱਖ ਬਹੁਤ ਉਤੇਜਿਤ ਮਹਿਸੂਸ ਕਰਦਾ ਹੈ। ਤਾਕਤ ਵਿੱਚ ਵਾਧਾ ਹੋ ਜਾਂਦਾ ਹੈ। ਮਨੁੱਖ ਆਪਣੇ ਆਪ ਨੂੰ ਬਹੁਤ ਹੀ ਜ਼ਿਆਦਾ ਰਚਨਾਤਮਕ, ਫੁਰਤੀਲਾ ਅਤੇ ਬੁੱਧੀਮਾਨ ਸਮਝਦਾ ਹੈ। ਪਰ ਜੋ ਜ਼ਿੰਦਗੀ ਬਾਰੇ ਯੋਜਨਾਵਾਂ ਅਤੇ ਫੈਸਲੇ ਉਹ ਸੋਚਦਾ ਹੈ ਉਹ ਅਸਲ ਵਿੱਚ ਉਸਦੀਆਂ ਯੋਗਤਾਵਾਂ ਅਤੇ ਵਸੀਲਿਆਂ ਨਾਲੋਂ ਕਿਤੇ ਵੱਧ ਹੁੰਦਿਆਂ ਹਨ। ਬਹੁਤ ਹੀ ਜ਼ਿਆਦਾ ਫਜ਼ੂਲ ਖਰਚੀ, ਘੁਮੰਡ ਅਤੇ ਕੁਝ ਤਾਂ ਨਸ਼ੇ ਜਿਵੇਂ ਸ਼ਰਾਬ ਦੀ ਵਰਤੋ ਬੇਹਿਸਾਬੀ ਕਰਦੇ ਹਨ। ਰੋਗੀ ਨੂੰ ਇਹ ਸਾਰਾ ਕੁਝ ਆਮ ਜਿਹਾ ਲੱਗਦਾ ਹੈ ਪਰ ਦੂਸਰਿਆਂ ਨੂੰ ਇਹ ਲੱਛਣ ਸਪੱਸ਼ਟ ਦਿਖਾਈ ਦੇਂਦੇ ਹਨ।

ਸ਼ੁਰੂ ਸ਼ੁਰੂ ਵਿੱਚ ਤਾਂ ਇਵੇਂ ਲਗਦਾ ਹੈ ਕਿ ਮਨੁੱਖ ਜ਼ਿਆਦਾ ਮਿਲਨਸਾਰ ਹੋ ਗਿਆ ਹੈ, ਗੱਲਾਂ ਕਾਫੀ ਕਰਦਾ ਹੈ, ਸਵੈਮਾਨ ਬਹੁਤ ਵੱਧ ਜਾਂਦਾ ਹੈ ਤੇ ਹੋਰ ਵੀ ਬਹੁਤ ਜ਼ਿਆਦਾ ਧਿਆਨ ਦੇਣ ਵਾਲਾ ਅਤੇ ਰਚਨਾਤਮਕ ਹੋ ਜਾਂਦਾ ਹੈ ਪਰ ਜਿਉਂ ਜਿਉਂ ਰੋਗ ਵੱਧਦਾ ਜਾਂਦਾ ਹੈ ਤਾਂ ਇਹ ਲੱਛਣ ਨਜ਼ਰ ਆ ਸਕਦੇ ਹਨ:

-ਬਹੁਤ ਜ਼ਿਆਦਾ ਖਿੱਝ ਆਉਣੀ
-ਮੂਡ ਵਿੱਚ ਬਹੁਤ ਛੇਤੀ ਛੇਤੀ ਉਤਰਾ ਚੜਾਅ ਆਉਂਦੇ ਹਨ। ਕਦੀ ਬਹੁਤ ਖੁਸ਼ ਤੇ ਫਿਰ ਕਦੀ ਬਹੁਤ ਗੁੱਸੇ ਵਿੱਚ।
-ਦਿਮਾਗ ਵਿੱਚ ਖਿਆਲ ਬਹੁਤ ਤੇਜ਼ੀ ਨਾਲ ਆਉਂਦੇ ਹਨ ਤੇ ਏਨੀ ਛੇਤੀ ਕਿ ਕਦੀ ਇਕ ਵਿਸ਼ੇ ਤੇ ਤਾਂ ਕਦੇ ਦੂਸਰੇ ਵਿਸ਼ੇ ਤੇ
-ਇਕ ਦਮ ਭੜਕ ਪੈਣਾ ਬਹੁਤ ਹੀ ਛੋਟੀਆਂ ਛੋਟੀਆਂ ਗੱਲਾਂ ਤੇ, ਉਤੇਜਿਤ ਹੋ ਜਾਣਾ, ਗੁੱਸੇ ਵਿੱਚ ਆ ਜਾਣਾ
-ਵਡਿਆਈ ਵਾਲੇ ਖਿਆਲ ਆਉਣੇ ਅਤੇ ਸਵੈਮਾਨ ਏਨਾ ਜ਼ਿਆਦਾ ਵੱਧ ਜਾਣਾ ਕਿ ਇਵੇਂ ਲੱਗਦਾ ਹੈ ਕਿ ਉਹ ਸਾਰਿਆਂ ਨਾਲੋ ਹੀ ਚੰਗਾ ਅਤੇ ਤਾਕਤਵਾਰ ਹੋ ਗਿਆ ਹੈ
-ਬਹੁਤ ਹੀ ਜ਼ਿਆਦਾ ਫੁਰਤੀ ਆ ਜਾਣੀ ਤੇ ਕਦੀ ਕੋਈ ਕੰਮ ਸ਼ੁਰੂ ਕਰ ਲੈਣਾ, ਜਾਂ ਬਿਨਾਂ ਰੁਕਿਆਂ ਤੇ ਆਰਾਮ ਕਰਨ ਬਗੈਰ ਹੀ ਇਕ ਤੋਂ ਦੂਸਰੇ ਤੇ ਤੀਸਰੇ ਕੰਮ ਨੂੰ ਸ਼ੁਰੂ ਕਰ ਲੈਣਾ
-ਨੀਂਦ ਦੀ ਜ਼ਰੂਰਤ ਘਟ ਜਾਣੀ
-ਕਾਮਭੋਗ ਦੀ ਲਾਲਸਾ ਬਹੁਤ ਵੱਧ ਜਾਣੀ
-ਅਸਲੀਅਤ ਨਾਲੋਂ ਵਾਸਤਾ ਟੁੱਟ ਜਾਣਾ, ਆਵਾਜ਼ਾਂ ਵੀ ਸੁਣਾਈ ਦੇ ਸਕਦੀਆਂ ਹਨ ਅਤੇ ਬਹੁਤ ਹੀ ਅਜੀਬ ਖਿਆਲ ਆ ਸਕਦੇ ਹਨ
-ਚਲਣ ਫਿਰਨ ਅਤੇ ਬੋਲਣ ਵਿੱਚ ਵਾਧਾ
-ਬੇਮੌਕਾ ਖੁਸ਼ੀ ਤੇ ਬੇਮੌਕਾ ਸਮਾਜਿਕ ਵਰਤਾਉ

ਜੋ ਰੋਗੀ ਇਹ ਮੇਨਿਕ (ਜਨੂੰਨ ਵਰਗੀ) ਅਵਸਥਾ ਅਨੁਭਵ ਕਰ ਰਹੇ ਹੁੰਦੇ ਹਨ, ਅਕਸਰ ਬਹੁਤ ਘਟ ਖਾਂਦੇ ਹਨ, ਭਾਰ ਘਟ ਜਾਂਦਾ ਹੈ, ਠੀਕ ਤਰ੍ਹਾਂ ਸੋਚ ਨਹੀਂ ਸਕਦੇ ਅਤੇ ਆਮਤੌਰ ਤੇ ਡਾਉਨ ਹੋ ਜਾਂਦੇ ਹਨ।

ਇਹ ਉਦਾਸੀ ਦੀ ਅਵਸਥਾ ਤੋਂ ਖੁਸ਼ੀ ਦੀ ਅਵਸਥਾ ਕਿਨੇ ਚਿਰ ਵਿੱਚ ਬਦਲਦੀ ਹੈ ਜਾਂ ਕਿਸੇ ਇਕ ਅਵਸਥਾ ਵਿੱਚ ਕਿਨ੍ਹਾਂ ਚਿਰ ਰਹਿੰਦਾ ਹੈ, ਇਹ ਸਮਾਂ ਵੱਖਰੇ ਵੱਖਰੇ ਮਨੁੱਖਾ ਲਈ ਵੱਖਰਾ ਵੱਖਰਾ ਹੈ। ਇਹ ਕੁਝ ਦਿਨ ਜਾ ਕੁਝ ਮਹੀਨੇ ਵੀ ਹੋ ਸਕਦੇ ਹਨ। ਕਈ ਵਾਰੀ ਇਹਨਾ ਅਵਸਥਾਂਵਾ ਵਿਚੋ ਗੁਜ਼ਰਦਾ ਮਨੁੱਖ ਆਪਣੇ ਆਪ ਹੀ ਠੀਕ ਹੋ ਜਾਂਦਾ ਹੈ ਪਰ ਇਲਾਜ ਅਤੇ ਦਵਾਈਆਂ ਨਾਲ ਰੋਗੀ ਜਲਦੀ ਠੀਕ ਹੁੰਦਾ ਹੈ। ਲਗਤਗ ਸੋ ਵਿਚੋਂ ਇਕ ਮਨੁੱਖ ਨੂੰ ਇਹ ਰੋਗ ਹੁੰਦਾ ਹੈ।

## ਮੌਸਮੀ ਉਦਾਸੀ

## SEASONAL DEPRESSION

ਕਈ ਵਾਰੀ ਇਹ ਵੇਖਣ ਵਿੱਚ ਆਉਂਦਾ ਹੈ ਕਿ ਕਈ ਉਸ ਤਰ੍ਹਾਂ ਠੀਕ ਰਹਿੰਦੇ ਹਨ ਪਰ ਅਕਤੂਬਰ ਦੇ ਸ਼ੁਰੂ ਤੋਂ ਲੈ ਕੇ ਨਵੰਬਰ ਦੇ ਅਖੀਰ ਤਕ ਉਦਾਸ ਰਹਿੰਦੇ ਹਨ - ਇਹ ਦੋ ਮਹੀਨੇ ਉਦਾਸ ਰਹਿਣ ਵਾਲਿਆਂ ਜਿਨ੍ਹਾਂ ਨੂੰ ਸਾਲ ਦੇ ਕਿਸੇ ਹੋਰ ਸਮੇਂ ਕੋਈ ਮੁਸ਼ਕਲ ਨਹੀਂ ਆਉਂਦੀ ਅਤੇ ਜ਼ਿੰਦਗੀ ਵਿੱਚ ਹੋਰ ਤਨਾਅ ਪੂਰਵਕ ਘਟਨਾਂਵਾ (ਜਿਵੇਂ ਕੁਝ ਲੋਕ ਸਿਆਲ ਦੇ ਸ਼ੁਰੂ ਵਿੱਚ ਬੇਰੁਜਗਾਰ ਹੋ ਜਾਂਦੇ ਹਨ) ਨਾਲ ਸੰਬਧ ਨਹੀਂ ਹੈ ਉਹਨਾ ਨੂੰ ਮੌਸਮੀ ਉਦਾਸੀ ਦਾ ਰੋਗ ਹੁੰਦਾ ਹੈ। ਪਰ ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਜੇ ਤੁਸੀਂ ਅਕਤੂਬਰ ਨਵੰਬਰ ਵਿੱਚ ਉਦਾਸ ਹੋ ਗਏ ਤਾਂ ਮੌਸਮੀ ਉਦਾਸੀ ਦਾ ਸ਼ਿਕਾਰ ਹੋ ਕਿਉਂਕਿ ਇਸ ਪੈਟਰਨ ਨੂੰ ਵੇਖਣ ਲਈ ਘੱਟੋ ਘੱਟ ਇਹ ਵੇਖੋ ਕਿ ਤੁਸੀਂ ਹਰ ਸਾਲ ਇਵੇਂ ਕਾਫੀ ਉਦਾਸ ਹੋ ਜਾਂਦੇ ਹੋ। ਲਗਭੱਗ ਪਿਛਲੇ ਤਿੰਨ ਸਾਲਾਂ ਤੋ ਜੇ ਇਵੇਂ ਹੋ ਰਿਹਾ ਤਾਂ ਜ਼ਰੂਰ ਅਪਣੇ ਡਾਕਟਰ ਜਾਂ ਇਲਾਕੇ ਦੀ ਮੈਂਟਲ ਹੈਲਥ ਦੀ ਟੀਮ ਨਾਲ ਗੱਲ ਕਰੋ, ਹੋ ਸਕਦਾ ਤੁਸੀਂ ਮੌਸਮੀ ਉਦਾਸੀ ਤੋਂ ਪ੍ਰਭਾਵਿਤ ਹੋਵੋਂ। +

## ਇਹ ਰੋਗ ਕਿਉਂ ਲੱਗ ਜਾਂਦੇ ਹਨ

ਯੋਰਪ, ਅਮਰੀਕਾ ਅਤੇ ਹਿੰਦੋਸਤਾਨ ਵਿੱਚ ਹੋਏ ਸਰਵੇਖਣਾ ਤੋਂ ਪਤਾ ਲੱਗਦਾ ਹੈ ਕਿ ਲਗਭਗ 18-26% ਔਰਤਾਂ ਅਤੇ 8-12% ਮਰਦ ਜ਼ਿੰਦਗੀ ਵਿੱਚ ਕਦੀ ਨਾ ਕਦੀ ਉਦਾਸੀ ਰੋਗ ਤੋਂ ਪ੍ਰਭਾਵਿਤ ਹੁੰਦੇ ਹਨ। ਇਹ ਰੋਗ ਔਰਤਾਂ ਨੂੰ ਮਰਦਾਂ ਨਾਲੋਂ ਤਕਰੀਬਨ ਦੋ ਗੁਣਾ ਹੁੰਦਾ ਹੈ। ਇਸ ਰੋਗ ਦੇ ਕੇਸ 25-44 ਸਾਲ ਦੀ ਉਮਰ ਵਿੱਚ ਜ਼ਿਆਦਾ ਹੁੰਦੇ ਹਨ ਤੇ ਬਾਅਦ ਵਾਲੀ ਉਮਰ ਵਿੱਚ ਘੱਟਦੇ ਜਾਂਦੇ ਹਨ। ਮਰਦਾਂ ਦੀ ਨਿਸਬਤ ਔਰਤਾਂ ਨੂੰ ਇਹ ਰੋਗ ਛੋਟੀ ਅਵਸਥਾ ਵਿੱਚ ਹੁੰਦਾ ਹੈ। ਇਸ ਰੋਗ ਤੋਂ ਪ੍ਰਭਾਵਿਤ ਜ਼ਿਆਦਾ ਔਰਤਾਂ 35 ਸਾਲ ਤੋਂ ਛੋਟੀ ਉਮਰ ਦੀਆਂ ਹੁੰਦੀਆਂ ਹਨ ਅਤੇ ਮਰਦ 45-65 ਸਾਲ ਦੀ ਉਮਰ ਵਿੱਚ ਜ਼ਿਆਦਾ ਵੇਖਣ ਵਿੱਚ ਆਉਂਦੇ ਹਨ।

ਕਈ ਵਿਗਿਆਨੀ ਔਰਤਾਂ ਤੇ ਮਰਦਾਂ ਵਿੱਚ ਰੋਗ ਦੇ ਇਸ ਫਰਕ ਨੂੰ ਇਸ ਗੱਲ ਕਰਕੇ ਸਮਝਦੇ ਹਨ ਕਿ ਔਰਤਾਂ ਭਾਵਨਾਂਵਾ ਨੂੰ ਜਿਜ਼ਆਦਾ ਜ਼ਾਹਿਰ (express) ਕਰ ਲੈਂਦੀਆਂ ਹਨ ਅਤੇ ਮਰਦ ਘੱਟ। ਪਰ ਕੁਝ ਵਿਗਿਆਨੀਆਂ ਨੇ ਇਸ ਫਰਕ ਨੂੰ ਔਰਤਾਂ ਅਤੇ ਮਰਦਾਂ ਵਿੱਚ ਪਾਏ ਜਾਣ ਵਾਲੇ ਹਾਰਮੋਨ ਦੀ ਮਾਤਰਾ ਵਿੱਚ ਫਰਕ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਗਲ ਦਾ ਕੋਈ ਸਬੂਤ ਨਹੀਂ ਦੇਂਦੀ। ਡਾਕਟਰ ਸ਼ਿਆਮ ਸੁੰਦਰ ਦੀਪਤੀ ਇਸ ਫਰਕ ਨੂੰ ਸਮਾਜਿਕ ਵਿਕਾਸ ਦੇ ਸੰਦਰਭ 'ਚ ਰੱਖ ਕੇ ਵਿਸ਼ਲੇਸ਼ਨ ਕਰਦਾ ਹੈ ਅਤੇ ਉਦਾਸੀ ਰੋਗ ਨੂੰ ਐਲੀਨੇਸ਼ਨ ਤੋਂ ਪੈਦਾ ਹੋਈਆਂ ਮੰਨਦਾ ਹੈ। ਹਿੰਦੋਸਚਾਨ ਵਿੱਚ ਔਰਤਾਂ ਨੂੰ ਉਦਾਸੀ ਰੋਗ ਵਧੇਰੇ ਲਗਣ ਦੇ ਕਾਰਨ ਉਹ ਇਹ ਦਸਦਾ ਹੈ:

-ਰੂੜੀਵਾਦੀ ਸੰਸਕਾਰ- ਔਰਤ ਨੂੰ ਕਰਮਜਲੀ, ਮਨਹੂਸ, ਕਲਮੂੰਹੀ ਆਦਿ ਸੰਬੋਧਿਤ ਕਰਨਾ, ਪਤੀ ਦੇ ਨਾ ਹੁੰਦਿਆਂ ਵੀ ਉਸਦੇ ਲਈ ਆਪਣੇ ਆਪ ਨੂੰ ਅਰਪਿਤ ਕਰਨਾ। ਜ਼ਿਆਦਾਤਰ ਤਾਂ ਸਾਡੇ ਸਮਾਜ ਵਿੱਚ ਅਜੇ ਵੀ ਔਰਤ ਨੂੰ ਰਸੋਈ ਘਰ ਲਈ ਤੇ ਬੱਚੇ ਪੈਦਾ ਕਰਨ ਵਾਲੀ ਤੇ ਸਾਂਭਣ ਵਾਲੀ ਤੋਂ ਵੱਧ ਦਰਜਾ ਨਹੀਂ ਦਿੱਤਾ ਜਾਂਦਾ।

-ਹੋਰ ਕਾਰਨਾਂ ਵਿਚੋਂ- ਅੰਧ ਵਿਸ਼ਵਾਸ, ਪਾਪ-ਪੁੰਨ ਦੇ ਡਰ, ਸਵਰਗ-ਨਰਕ ਤੇ ਲੋਕ ਪਰਲੋਕ ਦੇ ਚੱਕਰ, ਤੇ ਸਭ ਤੋਂ ਵੱਧ ਤੇ ਹਰ ਇਕ ਕਾਰਨ ਦਾ ਧੁਰਾ ਹੈ ਆਰਥਿਕ ਅਸੁਰੱਖਿਆ (economic insecurity)*

ਕੋਈ ਵੀ ਅਜੇਹਾ ਕਾਰਨ ਨਹੀਂ ਜਿਹੜਾ ਇਹ ਸਪਸ਼ਟ ਤੋਰ ਤੇ ਦੱਸੇ ਕਿ ਇਹ ਰੋਗ ਕਿਉਂ ਹੁੰਦੇ ਹਨ ਤੇ ਵਿਗਿਆਨੀ ਇਹਨਾਂ ਨੂੰ ਬਹੁਕਾਰਨਾ ਤੋਂ ਪੈਦਾ ਹੋਣ ਵਾਲੇ ਰੋਗ ਮੰਨਦੇ ਹਨ। ਕਈ ਮਨੁੱਖ ਮਾਨਸਿਕ ਪੱਖੋਂ ਏਨੇ ਮਜਬੂਤ ਨਹੀਂ ਹੁੰਦੇ ਤੇ ਕਈਆਂ ਦੇ ਹਾਲਾਤ ਏਨੇ ਸਾਜਗਾਰ ਨਹੀਂ ਹੁੰਦੇ ਤੇ ਕਈਆਂ ਦੇ ਸਰੀਰ ਦੀ ਬਣਤਰ ਹੀ ਅਜੇਹੀ ਹੁੰਦੀ ਹੈ ਕਿ ਉਹਨਾਂ ਨੂੰ ਇਹ ਰੋਗ ਲਗ ਸਕਦਾ ਹੈ। ਇਹਨਾ ਕਾਰਨਾਂ ਵਿਚੋਂ ਕੁਝ ਕਾਰਨ ਜਦ ਇਕੱਠੇ ਹੋ ਜਾਂਦੇ ਹਨ ਤਾਂ ਮਨੁੱਖ ਇਸ ਰੋਗ ਤੋਂ ਪ੍ਰਭਾਵਿਤ ਹੋ ਜਾਂਦਾ ਹੈ।

ਸਰੀਰਕ ਕਾਰਨਾਂ ਵਿੱਚ ਜਿਵੇਂ ਦਿਮਾਗ ਵਿਚਲੇ ਸੈਲਾਂ ਵਿਚਕਾਰ ਰਸਾਇਣਿਕ ਤੱਤਾਂ ਵਿੱਚ ਕੁਝ ਦੀ ਮਿਕਦਾਰ ਵਿੱਚ ਤਬਦੀਲੀ ਆ ਜਾਣੀ। ਜਾਂ ਮਨੁੱਖ ਨੂੰ ਜਨਮ ਤੋਂ ਸਰੀਰਕ ਬਣਤਰ ਹੀ ਅਜੇਹੀ ਮਿਲਦੀ ਹੈ ਕਿ ਉਹਨਾਂ ਨੂੰ ਇਹ ਰੋਗ ਲੱਗਣ ਦੇ ਚਾਂਸ ਜ਼ਿਆਦਾ ਹੁੰਦੇ ਹਨ। ਭਾਵ ਕਿ ਜੇ ਇਹ ਰੋਗ ਤੁਹਾਡੇ ਪਿਤਾ, ਦਾਦੀ , ਦਾਦੇ ਜਾਂ ਮਾਂ, ਨਾਨੀ, ਨਾਨੇ ਕਿਸੇ ਨੂੰ ਵੀ ਹੈ ਤਾਂ ਤੁਹਾਨੂੰ ਇਹ ਰੋਗ ਹੋ ਜਾਣ ਦੇ ਚਾਂਸ ਜ਼ਿਆਦਾ ਹਨ।

ਆਲੇ ਦੁਆਲੇ ਦਾ ਮਹੌਲ - ਤੁਹਾਡੇ ਘਰੇਲੂ ਅਤੇ ਆਲੇ ਦੁਆਲੇ ਦੇ ਮਹੌਲ ਵਿੱਚ ਜ਼ਿਆਦਾ ਤਨਾਉ ਕਰਕੇ ਅਤੇ ਇਹ ਤਨਾਉ ਜੇ ਕਾਫੀ ਦੇਰ ਰਹੇ ਤਾਂ ਇਹ ਰੋਗ ਹੋ ਸਕਦਾ ਹੈ। ਕੁਝ ਹਾਲਾਤ ਤਨਾਉ ਪੈਦਾ ਕਰਦੇ ਹਨ: ਜਿਵੇਂ ਬੇਰੁਜਗਾਰੀ, ਆਰਥਿਕ ਮੁਸ਼ਕਲਾਂ, ਘਰੇਲੂ ਝਗੜੇ, ਕੋਈ ਲੰਮੀ ਬੀਮਾਰੀ ਅਤੇ ਅਜੇਹੀਆਂ ਹੋਰ ਸਥਿਤੀਆਂ ਤਨਾਉ ਪੈਦਾ ਕਰਕੇ ਮਨੁੱਖ ਨੂੰ ਉਦਾਸ ਕਰਦੀਆਂ ਹਨ।

**ਮਾਨਸਿਕ ਕਾਰਨਾਂ ਵਿੱਚੋਂ ਕੁਝ ਇਹ ਹੋ ਸਕਦੇ ਹਨ:**

-ਬਚਪਨ ਵਿੱਚ ਮਾਪਿਆਂ ਤੋਂ ਵਿਛੋੜਾ ਪੈ ਜਾਣਾ

-ਸਵੈਮਾਨ ਬਹੁਤ ਘੱਟ ਹੋਣਾ, ਆਪਣੇ ਆਪ ਨੂੰ ਕਿਸੇ ਗੱਲ ਦੇ ਕਾਬਲ ਹੀ ਨਾ ਸਮਝਣਾ

-ਦੂਸਰਿਆਂ ਤੇ ਬਹੁਤ ਜ਼ਿਆਦਾ ਨਿਰਭਰਤਾ ਹੋਣੀ

-ਜਜ਼ਬਾਤਾਂ ਨੂੰ ਪ੍ਰਗਟਾਉਣ ਦਾ ਮੋਕਾ ਹੀ ਨਾ ਮਿਲਣਾ, ਖਾਸ ਕਰ ਗੁੱਸੇ ਅਤੇ ਰੋਹ ਨੂੰ

-ਸੰਪੂਰਨਤਾ ਤੇ ਸੁਚੱਜਤਾ ਦੀ ਲੋ ਹੱਦ ਤੋਂ ਜਿਆਦਾ ਹੋਣੀ

ਜ਼ਿਆਦਾ ਸ਼ਰਾਬ ਵੀ ਉਦਾਸੀ ਪੈਦਾ ਕਰਦੀ ਹੈ ਭਾਵੇਂ ਪੀਣ ਵਾਲੇ ਕੁਝ ਇਹ ਸਮਝਦੇ ਹਨ ਕਿ ਉਹ ਉਦਾਸੀ ਦੂਰ ਕਰਨ ਲਈ ਸ਼ਰਾਬ ਪੀਂਦੇ ਹਨ ਜਿਵੇਂ "ਸਾਕੀ ਸ਼ਰਾਬ ਲਾ ਤਬੀਅਤ ਉਦਾਸ ਹੈ" ।ਸ਼ਰਾਬ ਇਹ ਰੋਗ ਪੈਦਾ ਕਰਨ ਵਿੱਚ ਕੁਝ ਹੱਦ ਤਕ ਸਹਾਈ ਹੁੰਦੀ ਹੈ ਪਰ ਇਹ ਰੋਗ ਨੂੰ ਵਧਾਉਣ ਵਿੱਚ ਵੀ ਜਿੰਮੇਵਾਰ ਹੈ। ਜਦ ਮਨੁੱਖ ਸ਼ਰਾਬ

ਪੀਂਦਾ ਹੈ ਤਾਂ ਨਸ਼ੇਵਾਲੀ ਹਾਲਤ ਵਿੱਚ ਉਹ ਵੱਧੀਆ ਮਹਿਸੂਸ ਕਰਦਾ ਹੈ ਤੇ ਜਦ ਨਸ਼ਾ ਉਤਰਦਾ ਹੈ ਤਾਂ ਉਹ ਹੋਰ ਜ਼ਿਆਦਾ ਉਦਾਸ ਹੋ ਜਾਂਦਾ ਹੈ ਤੇ ਫਿਰ ਇਸ ਉਦਾਸੀ ਨੂੰ ਦੂਰ ਕਰਨ ਲਈ ਫ਼ਿਰ ਸ਼ਰਾਬ ਪੀਂਦਾ ਹੈ।

ਉਦਾਸ ਮਨੁੱਖ ਦਾ ਸੱਭ ਤੋਂ ਵੱਡਾ ਖਤਰਾ ਇਹ ਹੁੰਦਾ ਹੈ ਕਿ ਉਹ ਆਤਮ-ਹੱਤਿਆ ਨਾ ਕਰ ਲਵੇ। ਭਾਵੇਂ ਸਾਰੇ ਉਦਾਸੀ ਰੋਗ ਦੇ ਮਰੀਜਾਂ ਦਾ ਝੁਕਾਅ ਆਤਮ ਹੱਤਿਆ ਵਲ ਨਹੀਂ ਹੁੰਦਾ ਪਰ ਫਿਰ ਵੀ ਕਾਫੀ ਮਰੀਜ਼ ਖੁਦਕਸ਼ੀ ਕਰਨ ਬਾਰੇ ਸੋਚਦੇ ਹਨ। ਕਈ ਖੁਦਕਸ਼ੀ ਦੀਆਂ ਕੋਸ਼ਿਸ਼ਾਂ ਕਰਦੇ ਹਨ ਤੇ ਇਹਨਾਂ ਵਿਚੋਂ ਕੁਝ ਇਹਨਾਂ ਕੋਸ਼ਿਸ਼ਾਂ ਵਿੱਚ ਕਾਮਯਾਬ ਵੀ ਹੋ ਜਾਂਦੇ ਹਨ।

ਅਗਲੇ ਅੰਕ ਵਿੱਚ ਮੈਂ ਸ਼ਰਾਬ ਅਤੇ ਆਤਮ ਹੱਤਿਆ ਦਾ ਉਦਾਸੀ ਨਾਲ ਕੀ ਸੰਬਧ ਹੈ ਅਤੇ ਮੂਡ ਨਾਲ ਸੰਬੰਧਿਤ ਬੀਮਾਰੀਆਂ ਦਾ ਇਲਾਜ ਕਿਵੇਂ ਹੁੰਦਾ ਹੈ, ਇਲਾਜ ਕਿਥੋਂ ਅਤੇ ਕਿਵੇਂ ਪ੍ਰਾਪਤ ਹੋ ਸਕਦਾ ਹੈ ਤੇ ਇਲਾਜ ਦੌਰਾਨ ਕਿਨ੍ਹਾਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ - ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗਾ।

---

* Diagnostic And Statistical Manual of Mental Disorders. American Psychiatric Assocoation ( 1987)

+ Post Partum Depression And Anxiety: A Self Guide For Mothers. The Pacific Post Partum Support Society ( 1987)

# ਸਮਾਜ ਅਤੇ ਮਾਨਸਿਕ ਰੋਗ ਡਾਕਟਰ ਸ਼ਿਆਮ ਸੁੰਦਰ ਦੀਪਤੀ (1984)


Paul's

Plumbing , Electrical & Heating Supply



Plumbing & Bathroom Hot Water Heating
Fixtures & Supplies
Supplies And Instalations
Hot Water Tanks
We also do new Houses Plumbing
4578 Main St., Vancouver
Ph.: 872-3118 ; 872-7277



Majestic Insurance Sales Corp.

Insurance brokers for all needs

* LIFE * DISABILITY * GROUP *
* HOMEOWNERS * AUTOMOBILE *
* COMMERCIAL * BUSINESS *

Amar B. Singh BSc. M.A.(Econ.)

9209 - 34 Ave.
Edmonton, Alberta T6E 5T5
Ph.: (403) 461-1996


## ਬਾਹਰ ਵਸਦੇ ਲੇਖਕਾਂ, ਕਲਾਕਾਰਾਂ, ਆਲੋਚਕਾਂ, ਬੁੱਧੀਜੀਵੀਆਂ ਅਤੇ ਸੱਭਿਆਚਾਰਕ ਕਾਮਿਆਂ ਦੇ ਨਾਂ ਸੁਨੇਹਾ।

(ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਵਲੋਂ ਲੋਕ ਸੱਭਿਆਚਾਰਕ ਮੰਚ ਕੈਲਗਰੀ ਦੇ ਮੈਂਬਰਾਂ ਨੂੰ ਲਿਖੇ ਇਕ ਖਤ ਵਿਚੋਂ)

...ਸਾਹਿਤਕ/ਸੱਭਿਆਚਾਰਕ ਮੰਡਲੀਆਂ, ਸਾਹਿਤਕ ਸੱਜਣੋ, ਬੁੱਧੀਜੀਵੀਉ, ਕਲਾਕਾਰੋ, ਆਲੋਚਕੋ ਅਤੇ ਸਭਿਆਚਾਰਕ ਕਾਮਿਉਂ ਸਾਨੂੰ ਹਰ ਪਲ ਕੀਮਤੀ ਸੁਝਾਅ ਭੇਜਦੇ ਰਿਹਾ ਕਰੋ। ਤੁਹਾਡੀ ਵਿਗਿਆਨਕ ਅੱਖ ਨੂੰ ਸਾਡੀ ਹਰ ਸਰਗਰਮੀ ਦਾ ਕਿਸੇ ਪਰੰਪਰਾ ਜਾਂ ਓਪਰੇ ਪ੍ਰਭਾਵ ਵੱਸ ਹੋ ਕੇ ਕਦੀ ਵੀ ਮੁਲਅੰਕਣ ਨਹੀਂ ਕਰਨਾ ਚਾਹੀਦਾ। ਹਮੇਸ਼ਾ ਆਲੋਚਨਾਤਮਕ, ਉਸਾਰੂ ਪਹੁੰਚ ਅਪਣਾਕੇ ਸਾਨੂੰ ਸਮੇਂ ਸਮੇਂ ਲਿਖਦੇ ਰਿਹਾ ਕਰੋ। ਸਾਨੂੰ ਗੌਰਵਮਈ ਧਰਤੀ ਦੀ ਸੌਗੰਧ, ਅਸੀਂ ਵਿਅੱਕਤੀਗਤ ਕੋਈ ਚੀਜ਼ ਨਹੀਂ। ਆਪਾਂ ਸਮੂਹ ਹਾਂ। ਇਕਾਈ ਹਾਂ। ਸੰਸਥਾ ਹਾਂ। ਲੋਕ ਸੱਥ ਦੇ ਸਿਰਜ਼ਕ, ਦਰਸ਼ਕ, ਅਤੇ ਆਲੋਚਕ ਹਾਂ। ਤੁਸੀਂ ਸਾਡੇ ਲਈ ਡਾਲਰ, ਪੌਂਡ ਭੇਜਣ ਵਾਲੀਆਂ ਮਸ਼ੀਨਾਂ ਨਹੀਂ। ਤੁਹਾਡਾ ਮਾਣਯੋਗ ਥਾਂ ਹੈ ਸਾਡੇ ਕਾਫ਼ਲੇ 'ਚ। ਕਾਫ਼ਲਾ ਕਿੱਧਰ ਜਾ ਰਿਹੇ ਇਸ ਬਾਰੇ ਤੁਸੀਂ ਕਦੀ ਸੱਚ ਕਹਿਣੋਂ ਸੰਗਣਾ ਨਹੀਂ ਕਿ ਸ਼ਾਇਦ ਕੋਈ ਕਹੇਗਾ ਕਿ ਬਾਹਰ ਬੈਠੇ.....। ਤੁਸੀਂ ਗਦਰੀ ਲਹਿਰ ਦੇ ਵਾਰਸ ਹੋ - ... 'ਸਰਦਲ' ਦਫਤਰ ਤੁਹਾਡੀਆਂ ਟਿੱਪਣੀਆਂ ਲਈ ਉਡੀਕਵਾਨ ਰਹੇਗਾ।

# ਪੰਜਾਬੀ ਮਾਰਕਿਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ

ਅਸੀਂ ਵਿਜ਼ਟਿਰ ਤੇ ਮੈਡੀਕਲ
ਇਨਸ਼ੋਰੈਂਸ ਕਰਦੇ ਹਾਂ।

S. & S. INSURANCE
6658 MAIN ST.
VANCOUVER, B.C.(IN PUNJABI MARKET)

ਫੋਨ: 324-5711



Dalit Singh Sidhu

Autoplan

ਪੰਜਾਬੀ ਮਾਰਕਿਟ ਦਾ ਸਭ ਤੋਂ ਪਹਿਲਾ ਤੇ ਭਰੋਸੇਯੋਗ ਇਨਸ਼ੋਰੈਂਸ ਦਾ ਦਫਤਰ ਕਾਰਾਂ, ਟਰੱਕਾਂ, ਵੈਨਾਂ ਤੇ ਪਿਕਅੱਪਾਂ ਦੀ ਇਨਸ਼ੋਰੈਂਸ ਲਈ ਦਰਸ਼ਨ ਦਿਉ।

# LOWEST FARES TO:

ਲੰਡਨ, ਦਿੱਲੀ, ਬੰਬਈ,ਮਦਰਾਸ, ਕਰਾਚੀ, ਇਸਲਾਮਾਬਾਦ, ਕੋਲੰਬੋ,ਢਾਕਾ, ਨੈਰੋਬੀ,ਦਾਰਾਸਲਮ, ਟਰਾਂਟੋ ਤੇ ਸਾਨਫਰਾਂਸਿਸਕੋ ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਲਈ:

## ਘੱਟ ਤੋਂ ਘੱਟ ਕਿਰਾਏ

Professional Travel Agents for 37 years
Complete Travel arrangements for business or pleasure

**Authorized Agents for: Air Canada, British Airways, Canadian,Cathay Pacific, Thai Airways Int., KLM and other major airlines.**

**BAINS** INTERNATIONAL TRAVEL
6364 FRASER STREET, VANCOUVER, B.C.
TEL. 324-2277
OFFICES ALSO IN VICTORIA AND NORTH VANCOUVER

# RAJA CATERING SERVICES SINCE 1975

For wedding sweets and your catering needs
we offer

*Best Food
*Best Services
* Best Price

call Balwat Raja
**325-5014**
6450-Main St.
(at 49th., Ave)
Vancouver, B.C.
Canada V5W 2V4

moti-mahal

Sutton Group
Medallion Realty
#1-9200-120th St.
Surrey,B.C. V3V 4B7

ਜਦੋਂ ਵੀ ਤੁਸੀਂ ਵੀ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਾਂ ਆਪਣੀ ਕਮਿਉਨਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ।



## KULDIP GILL M.A. B. Ed.

Member of fraser Valley Real Estate Board M.L.S. Medallion Club.
Looking for a house, building lot or house with acres, in Surrey or Delta. Call me first for my honest & genuine opinion

Sutton GROUP

**Ph. 581-1211 Res. 590-8066**

# ਫਿਲਮ ਨਿਰਦੇਸ਼ਿਕਾ ਮੰਜੀਰਾ ਦੱਤਾ ਨਾਲ ਮੁਲਾਕਾਤ।

## -ਮੁਲਾਕਾਤੀ ਸੁਖਵੰਤ ਹੁੰਦਲ

(ਫਿਲਮ ਡਾਇਰੈਕਟਰ ਮੰਜੀਰਾ ਦੱਤਾ ਨਵੰਬਰ ੧੯੮੯ ਵਿਚ ਵੈਨਕੂਵਰ ਵਿਚ 'ਇਨਵਿਜ਼ੀਬਲ ਕਲਰ'(Invisible Colour) ਦੇ ਸਿਰਲੇਖ ਹੇਠ ਹੋਏ ਫਿਲਮ ਫੈਸਟੀਵਲ ਵਿਚ ਆਪਣੀ ਫਿਲਮ "ਬਾਬੂ ਲਾਲ ਭੂਈਆ ਕੀ ਕੁਰਬਾਨੀ" ਲੈ ਕੇ ਸ਼ਾਮਲ ਹੋਏ। ਫਿਲਮ "ਬਾਬੂ ਲਾਲ ਭੂਈਆ ਕੀ ਕੁਰਬਾਨੀ" ਮੇਲਾਗੋਰਾ, ਬਿਹਾਰ ਦੀਆਂ ਖਾਣਾ ਵਿਚ ਕੰਮ ਕਰਦੇ ਮਜ਼ਦੂਰਾਂ ਦੀ ਰੋਜ਼ਾਨਾਂ ਜਿੰਦਗੀ, ਜਦੋਜਹਿਦ ਅਤੇ ਮਾਲਕਾਂ ਅਤੇ ਪੁਲੀਸ ਵਲੋਂ ਮਜ਼ਦੂਰਾਂ ਦੇ ਕੀਤੇ ਜਾਂਦੇ ਸ਼ੋਸ਼ਣ ਨੂੰ ਪੇਸ਼ ਕਰਦੀ ਹੈ। ਇਸਦੇ ਨਾਲ ਹੀ ਸਨਅਤਾਂ ਵਲੋਂ ਵਾਤਾਵਰਣ ਦੀ ਹੋ ਰਹੀ ਦੂਸ਼ਣਤਾ ਬਾਰੇ ਸਵਾਲ ਵੀ ਉਠਾਇਆ ਗਿਆ ਹੈ। ਫਿਲਮ ਵਿਚ ਮੁੱਖ ਸੂਤਰ C.I.S.F. ਵਲੋਂ ਇਕ ਮਜ਼ਦੂਰ ਬਾਬੂ ਲਾਲ ਭੂਈਆ ਦੇ ਕਤਲ ਦੀ ਘਟਨਾ ਹੈ ਅਤੇ ਸਾਰੀ ਕਹਾਣੀ ਇਸ ਘਟਨਾ ਦੁਆਲੇ ਉਸਾਰੀ ਗਈ ਹੈ।)

?: ਫਿਲਮ "ਬਾਬੂ ਲਾਲ ਭੂਈਆ ਕੀ ਕੁਰਬਾਨੀ ਬਣਾਉਣ ਬਾਰੇ ਕਦੋਂ ਖਿਆਲ ਆਇਆ?"

-: ਪਹਿਲੀ ਫਿਲਮ ਦੀ ਖੋਜ ਦੌਰਾਨ ਇਸ ਗੱਲ ਦਾ ਤਾਂ ਪਤਾ ਲੱਗ ਗਿਆ ਸੀ ਕਿ ਹਿੰਦੁਸਤਾਨ ਦੇ ਪਿੰਡਾਂ ਵਿਚ ਲੋਕ ਕਿਸ ਤਰ੍ਹਾਂ ਰਹਿੰਦੇ ਹਨ। ਹੁਣ ਮੈਂ ਇਹ ਜਾਣਨਾ ਚਾਹੁੰਦੀ ਸੀ ਕਿ ਜਦੋਂ ਲੋਕ ਪਿੰਡਾਂ ਤੋਂ ਸ਼ਹਿਰਾਂ ਜਾਂ ਸਨਅਤੀ ਹਿੰਦੁਸਤਾਨ ਵੱਲ ਜਾਂਦੇ ਹਨ ਤਾਂ ਉਹਨਾਂ ਨਾਲ ਕਿਸ ਤਰ੍ਹਾਂ ਬੀਤਦੀ ਹੈ। ਸਵੈ ਸਿਖਿਆ ਦੇ ਸਬੰਧ ਵਿਚ ਇਹ ਮੇਰਾ ਅਗਲਾ ਕਦਮ ਸੀ। ਝਾਰਖੰਡ ਮੁਕਤੀ ਦਾ ਨੇਤਾ ਮੈਨੂੰ ਕੁੱਝ ਦੋਸਤਾਂ ਦੇ ਜਰੀਏ ਜਾਣਦਾ ਸੀ। ਉਸਨੇ ਮੇਰੇ ਨਾਲ ਸੰਪਰਕ ਕੀਤਾ। ਅਸੀਂ ਇਕ ਦੂਜੇ ਨਾਲ ਝਾਰਖੰਡ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਗੱਲਾਂ ਕੀਤੀਆਂ। ਉਹਨੇ ਮੈਨੂੰ ਝਾਰਖੰਡ ਇਲਾਕੇ ਵਿਚ ਆ ਫਿਲਮ ਬਣਾਉਣ ਦਾ ਸੱਦਾ ਦਿੱਤਾ। ਉਹਨੇ ਕਿਹਾ ਕਿ ਉੱਥੇ ਬਹੁਤ ਘੱਟ ਔਰਤਾਂ ਜਥੇਬੰਦੀ ਵਿਚ ਕੰਮ ਕਰਦੀਆਂ ਹਨ ਅਤੇ ਉਹ ਉਹਨਾਂ ਨੂੰ ਜਥੇਬੰਦ ਕਰਨਾ ਚਾਹੁੰਦੇ ਹਨ। ਮੈਂ ਇਹ ਸੱਦਾ ਕਬੂਲ ਕਰ ਲਿਆ ਅਤੇ ਉਹਨਾ ਲਈ ਫਿਲਮ ਬਣਾਈ। ਇਹ ਫਿਲਮ ਬਿਹਾਰ ਤੋਂ ਬਾਹਰ ਦਿਖਾਉਣ ਲਈ ਨਹੀਂ ਸੀ। ਮੈਂ ਜਿੰਨੀਆਂ ਵੀ ਕੈਸਿਟਾਂ 'ਸ਼ੂਟ' ਕੀਤੀਆਂ ਸਾਰੀਆਂ ਉਹਨਾ ਨੂੰ ਦੇ ਦਿੱਤੀਆਂ। ਇਹ ਕੰਮ ਸਾਰਾ ਵਲੰਟੀਅਰ ਸੀ। ਇਸ ਸਮੇਂ ਦੌਰਾਨ ਮੈਨੂੰ ਕਬਾਇਲੀ, ਪੇਂਡੂ ਅਤੇ ਸਨਅਤੀ ਹਿੰਦੁਸਤਾਨ ਚੰਗੀ ਤਰ੍ਹਾਂ ਦੇਖਣ ਦਾ ਮੌਕਾ ਮਿਲਿਆ। ਸਾਡਾ ਅੰਤਿਮ ਪੜਾਅ ਧੰਨਬਾਦ ਵਿਚ ਸੀ। ਮੇਰੇ ਨਾਲ ਮੇਰਾ ਇਕ ਪੱਤਰਕਾਰ ਦੋਸਤ ਸੀ। ਇਕ ਦਿਨ ਉਹ ਏ.ਕੇ. ਰੋਇ ਨੂੰ ਮਿਲਣ ਗਿਆ। ਏ.ਕੇ. ਰੋਇ ਉਸ ਇਲਾਕੇ ਦੀਆਂ ਖਾਣਾਂ ਵਿਚ ਕੰਮ ਕਰਦੇ ਮਜਦੂਰਾਂ ਦਾ ਲੀਡਰ ਸੀ ਅਤੇ ਉਹ ਉੱਥੇ ਆ ਕੇ ਵਸੇ ਕਬਾਇਲੀ ਲੋਕਾਂ ਦੇ ਬਹੁਤ ਨੇੜੇ ਹੋ ਕੰਮ ਕਰ ਰਿਹਾ ਸੀ। ਮੇਰਾ ਦੋਸਤ ਪੂਰੇ ਪੰਜਾਂ ਘੰਟਿਆਂ ਬਾਅਦ ਵਾਪਸ ਆਇਆ। ਏ.ਕੇ.ਰੋਇ ਨੇ ਉਹਨੂੰ ਕਿਹਾ," ਮੇਰੇ ਕੋਲ ਕਹਿਣ ਲਈ ਕੁੱਝ ਨਹੀਂ। ਜਦੋਂ ਤੁਸੀਂ ਏਥੋਂ ਜਾਂਦੇ ਹੋ ਤਾਂ ਜਾਕੇ ਅਖਬਾਰ ਵਿਚ ਏਥੋਂ ਦੇ ਹਾਲਤਾਂ ਬਾਰੇ ਲਿਖਦੇ ਹੋ ਪਰ ਤੁਹਾਡੇ ਆਪਣੇ ਉਪਰ ਇਸਦਾ ਕੋਈ ਅਸਰ ਨਹੀਂ ਹੁੰਦਾ। ਨਾ ਹੀਂ ਤੁਹਾਡੀ ਲਿਖਤ ਨਾਲ ਕਿਸੇ ਹੋਰ ਤੇ ਕੋਈ ਅਸਰ ਹੁੰਦਾ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਕਿਸੇ ਇਕ ਵਿਅਕਤੀ ਤੇ ਤਾਂ ਅਸਰ ਕਰ ਸਕੋ। ਮੈਂ ਤੈਨੂੰ ਇਨ੍ਹਾਂ ਦੋ ਔਰਤਾਂ ਦੇ ਨਾਲ ਭੇਜ ਰਿਹਾਂ ਹਾਂ। ਇਹ ਔਰਤਾਂ ਤੈਨੂੰ ਅਜਿਹੀ ਥਾਂ ਲੈ ਜਾਣਗੀਆਂ ਜਿਸ ਨੂੰ ਤੂੰ ਕਦੀ ਵੀ ਭੁੱਲ ਨਹੀਂ ਸਕੇਂਗਾ।" ਇਸ ਤਰ੍ਹਾਂ ਉਸਨੇ ਮੇਰੇ ਦੋਸਤ ਨੂੰ ਮੇਲਾਗੋਰਾ ਤੋਂ ਯੂਨੀਅਨ ਦੇ ਦਫਤਰ ਵਿਚ ਕੋਈ ਸ਼ਿਕਾਇਤ ਲੈ ਕੇ ਆਈਆਂ ਔਰਤਾਂ ਨਾਲ ਤੋਰ ਦਿੱਤਾ। ਮੇਰਾ ਦੋਸਤ ਜਦੋਂ ਉੱਥੇ ਪੁੱਜਾ ਤਾਂ ਉੱਥੋਂ ਦਾ ਦ੍ਰਿਸ਼ ਦੇਖ ਹੈਰਾਨ ਹੋ ਗਿਆ। ਉਸਦੇ ਕੋਲ ਮੇਰਾ 'ਸਟਿਲ' ਕੈਮਰਾ ਸੀ। ਉਸਨੇ ਕੁਝ ਫੋਟੋਆਂ ਖਿੱਚੀਆਂ। ਜਦੋਂ ਉਹ ਮੁੜਕੇ ਆਇਆ ਤਾਂ ਸਾਨੂੰ ਜਾਣ ਦੀ ਕਾਹਲੀ ਸੀ। ਇਸ ਕਾਹਲੀ ਵਿਚ ਉਸਨੇ ਹੋਰ ਕੋਈ ਗੱਲ ਨਾ ਕੀਤੀ। ਅਸੀਂ ਸੱਭ ਕੁੱਝ ਭੁਲ-ਭਲਾ ਗਏ। ਮੈਨੂੰ ਯਾਦ ਹੈ ਜਦੋਂ ਦਿੱਲੀ ਜਾ ਮੈਂ 'ਕੰਟੈਕਟ ਸ਼ੀਟ' ਦੇਖੀ ਤਾਂ ਮੈਂ ਆਪਣੇ ਦੋਸਤ ਨੂੰ ਪੁੱਛਿਆ ਮੈਨੂੰ ਨਹੀਂ ਯਾਦ ਆਂਪਾਂ ਇਹ ਫੋਟੋਆਂ ਕਦੋਂ ਖਿੱਚੀਆਂ ਸਨ। ਇਹ ਫੋਟੋਆਂ ਮੇਲਾਗੋਰਾ ਦੇ ਲੋਕਾਂ ਵਲੋਂ ਦਰਿਆ ਪਾਰ ਕਰਨ ਦੀਆਂ ਸਨ। ਮੇਰੇ ਦਿਮਾਗ ਵਿਚ ਮੇਲਾਗੋਰਾ ਦਾ ਇਹ ਪਹਿਲਾ ਪ੍ਰਤੀਬਿੰਬ ਸੀ। ਮੇਰੇ ਦੋਸਤ ਨੇ ਮੈਨੂੰ ਕਿਹਾ ਕਿ ਉਸਨੇ ਮੈਨੂੰ ਜਾਣਕੇ ਨਹੀਂ ਦੱਸਿਆ। ਉਹ ਫੋਟੋਆਂ ਨੂੰ ਅਚਾਨਕ ਦੇਖਣ ਬਾਅਦ ਮੇਰਾ ਪ੍ਰਤੀਕਰਮ ਦੇਖਣਾ ਚਾਹੁੰਦਾ ਸੀ। ਮੈਂ ਆਪਣੇ ਦਿਮਾਗ ਵਿਚੋਂ ਇਹ ਦ੍ਰਿਸ਼ ਦੂਰ ਨਾ ਕਰ ਸਕੀ। ਮੈਂ ਵਾਰ ਵਾਰ ਆਪਣੇ ਆਪ ਨੂੰ ਕਹਿੰਦੀ ਕਿ ਇਹ ਉਹ ਇਲਾਕਾ ਹੈ ਜਿੱਥੇ ਪਿੰਡਾਂ ਨੂੰ ਛੱਡ ਕੇ ਆਏ ਲੋਕ ਵਸੇ ਹਨ। ਮੈਂ ਇਸ ਬਾਰੇ ਚੰਗੀ ਤਰ੍ਹਾਂ ਜਾਣਨਾ ਚਾਹੁੰਦੀ ਸੀ। ਇਸ ਸਬੰਧ ਵਿਚ ਮੈਂ ਏ.ਕੇ. ਰੋਇ ਨੂੰ ਮਿਲੀ। ਉਸਨੇ ਮੈਨੂੰ ਕਿਹਾ ਕਿ ਮੇਰੇ ਕੋਲ ਤੈਨੂੰ ਦੱਸਣ ਲਈ ਕੁੱਝ ਨਹੀਂ, ਜਾ ਅਤੇ ਖੁਦ ਇਸ ਇਲਾਕੇ ਨੂੰ ਦੇਖ। ਤੈਨੂੰ ਇਸ ਇਲਾਕੇ ਨੂੰ ਖੁਦ ਸਮਝਣਾ ਪਏਗਾ। ਯੂਨੀਅਨ ਦੇ ਇਕ ਹੋਰ ਕਾਮੇ ਨੇ ਕਿਹਾ, "ਅਸੀਂ ਨਹੀਂ ਚਾਹੁੰਦੇ ਕਿ ਮਿਡਲ ਕਲਾਸ ਦੇ ਬੁੱਧੀਜੀਵੀ ਇਸ ਇਲਾਕੇ ਵਿਚ ਆਉਣ। ਤੁਸੀਂ ਕਰਦੇ ਕੀ ਹੋ? ਤੁਸੀਂ ਇਥੇ ਆਉਂਦੇ ਹੋ; ਸੈਮੀਨਾਰ ਤੇ ਵਰਕਸ਼ਾਪਾਂ ਕਰਦੇ ਹੋ ਅਤੇ ਫਿਲਮ ਬਣਾਉਂਦੇ ਹੋ। ਇਹ ਸੱਭ ਕੁੱਝ ਤੁਹਾਡੀ ਆਪਣੀ ਸਮਝ ਅਤੇ ਮਨੋਰੰਜਨ ਲਈ ਹੁੰਦਾ ਹੈ। ਇਸ ਵਿਚ ਸਾਡੇ ਲਈ ਕੀ ਹੁੰਦਾ ਹੈ?" ਉਹਨਾ ਨੇ ਬਿਨਾਂ ਕਿਸੇ ਮਦਦ ਦੇ ਸਾਨੂੰ ਆਪਣੇ ਹਾਲ ਤੇ ਛੱਡ ਦਿੱਤਾ। ਅਤੇ ਉਸ ਦਿਨ ਤੋਂ ਲੈ ਕੇ ਪੂਰੇ ਇਕ ਸਾਲ ਤੱਕ ਕਿਸੇ ਨੇ ਵੀ ਸਾਡੀ ਕੋਈ ਮਦਦ ਨਹੀਂ ਕੀਤੀ। ਮੇਰੇ ਖਿਆਲ ਵਿਚ ਇਹ ਇਕ ਇਮਤਿਹਾਨ ਵਾਂਗ ਸੀ।

?: ਕੀ ਤੁਸੀ ਉਹ ਪੂਰਾ ਸਾਲ ਉਸ ਇਲਾਕੇ ਵਿਚ ਗੁਜ਼ਾਰਿਆ?

-: ਨਹੀਂ ਪੂਰਾ ਸਾਲ ਨਹੀਂ। ਹਰ ਇਕ ਦੋ ਮਹੀਨਿਆਂ ਬਾਅਦ ਮੈਂ ਕੁੱਝ ਦਿਨਾਂ ਲਈ ਉੱਥੇ ਜਾਂਦੀ ਸੀ। ਮੈਂ ਉਸ ਸਮੇਂ ਔਰਤਾਂ ਲਈ ਵਿਦਅਕ ਪੱਖ ਤੋਂ ਇਕ ਸੀਰੀਅਲ ਬਣਾ ਰਹੀ ਸੀ। ਜਦੋਂ ਵੀ ਉਸ ਸੀਰੀਅਲ ਵਿਚੋਂ ਸਮਾਂ ਮਿਲਦਾ ਮੈਂ ਉੱਥੇ ਜਾਂਦੀ। ਉੱਥੇ ਸਾਡੇ ਨਾਲੋਂ ਸਿਆਸੀ ਹਾਲਤਾਂ ਕਿਵੇਂ ਵੱਖਰੀਆਂ ਹਨ ਇਹ ਜਾਨਣ ਲਈ ਇਹ ਬੜਾ 'ਸਲੋ ਪਰਾਸੈਸ' ਸੀ। ਇਸ ਸਮੇਂ ਮੇਰੇ ਆਪਣੇ ਮਨ ਵਿਚ ਔਰਤਾਂ ਦੀ ਲਹਿਰ ਸਬੰਧੀ ਬਹੁਤ ਸੁਆਲ ਸਨ। ਮੈਂ ਸੀ.ਪੀ.ਐਮ. ਦੇ ਔਰਤਾਂ ਦੇ ਵਿੰਗ 'ਜਨਵਾਦੀ ਵੂਮੈਨਜ਼ ਮੂਵਮੈਂਟ' ਨਾਲ ਸਬੰਧਤ ਸੀ। ਮੈਨੂੰ ਲੱਗਦਾ ਸੀ ਕਿ ਸਾਡੀ ਲਹਿਰ ਵਿਚ ਅਖੀਰ ਵਿਚ ਸਦਾ ਹੀ ਮਿਡਲ ਕਲਾਸ ਦੀਆਂ ਵਿਰੋਧਤਾਈਆਂ ਉੱਭਰ ਕੇ ਸਾਹਮਣੇ ਆ ਜਾਂਦੀਆਂ ਹਨ। ਮੈਂ ਆਪਣੇ ਆਪ ਨੂੰ ਕਿਹਾ ਕਿ ਮੈਨੂੰ ਇੰਨਾ ਸਨਕੀ ਨਹੀਂ ਹੋਣਾ ਚਾਹੀਦਾ। ਹੋ ਸਕਦਾ ਹੈ ਕਿ ਔਰਤਾਂ ਦੀ ਜਿਸ ਤਰ੍ਹਾਂ ਦੀ ਲਹਿਰ ਮੈਂ ਦੇਖਣਾ ਚਾਹੁੰਦੀ ਹਾਂ, ਉਹ ਏਥੇ ਨਹੀਂ ਹੈ ਹੋ ਸਕਦਾ ਹੈ ਉਹ ਬਾਹਰ ਕਿਤੇ ਹਿਦੁਸਤਾਨ ਦੇ ਦਿਲ

ਅੰਦਰ ਹੋਵੇ। ਇਹ ਗੱਲ ਪੱਕੀ ਹੈ ਕਿ ਦਿੱਲੀ ਹਿੰਦੁਸਤਾਨ ਦਾ ਦਿਲ ਨਹੀਂ ਹੈ। ਅਤੇ ਜਦੋਂ ਮੈਂ ਉਸ ਇਲਾਕੇ(ਮੇਲਾਗੋਰਾ) ਵਿਚ ਗਈ ਤਾਂ ਮੈਨੂੰ ਲੱਗਾ ਕਿ ਉੱਥੇ ਔਰਤਾਂ ਬਹੁਤ ਹੀ ਵਧੀਆ ਢੰਗ ਨਾਲ ਆਪਣੇ ਹੱਕਾਂ ਲਈ ਲੜ ਰਹੀਆਂ ਹਨ। ਏ.ਕੇ. ਰੌਏ ਉਹਨਾਂ ਦੀ ਜਦੋਜਹਿਦ ਦਾ ਹੁੰਗਾਰਾ ਭਰ ਰਿਹਾ ਸੀ। ਪਰ ਬਹੁਤ ਹੀ 'ਕਨਫਿਉਜ਼ਡ' ਢੰਗ ਨਾਲ। ਮੈਂ ਸੋਚਿਆ ਜੋ ਕੁੱਛ ਏਥੇ ਹੋ ਰਿਹਾ ਹੈ ਮੈ ਉਸਨੂੰ ਸਮਝਣਾ ਚਾਹੁੰਦੀ ਹਾਂ, ਇਕ ਫਿਲਮ ਮੇਕਰ ਦੇ ਤੌਰ ਤੇ ਫਿਲਮ ਬਣਾ ਕੇ। ਇਸ ਤਰ੍ਹਾਂ ਮੈਂ ਉੱਥੇ ਦੇ ਆਮ ਲੋਕਾਂ ਨਾਲ ਜਾ ਕੇ ਮਿਲਣਾ ਅਤੇ ਵਿਚਾਰ ਵਟਾਂਦਰਾ ਕਰਨਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਮੇਰੀ ਉਹਨਾ ਨਾਲ ਦੋਸਤੀ ਪੈਦਾ ਹੋ ਗਈ। ਉਹਨਾ ਲੋਕਾਂ ਨਾਲ ਗੱਲਬਾਤ ਕਰਨ ਉਪਰ ਵੱਡੇ ਵੱਡੇ ਅਤੇ ਬਹੁਤ ਹੀ ਸੋਚ ਉਕਸਾਊ ਸਵਾਲ ਸਾਹਮਣੇ ਆਏ। ਇਹ ਉਹ ਲੋਕ ਸਨ ਜਿਹਨਾ ਨੂੰ ਅਨਪੜ੍ਹ ਸਮਝਿਆ ਜਾਂਦਾ ਸੀ ਅਤੇ ਜਿਹਨਾਂ ਨੇ ਕਦੇ ਵੀ ਮਾਰਕਸ ਜਾਂ ਐਂਗਲਜ਼ ਦਾ ਲਿਖਿਆ ਇਕ ਅੱਖਰ ਨਹੀਂ ਪੜ੍ਹਿਆ ਸੀ। ਪਰ ਉਹ ਆਪਣੇ ਸੰਘਰਸ਼ਾਂ ਬਾਰੇ ਬਹੁਤ ਸਪੱਸ਼ਟ ਸਨ। ਉਹਨਾਂ ਨੂੰ ਇਸ ਗੱਲ ਦਾ ਬਹੁਤ ਸਪੱਸ਼ਟਤਾ ਨਾਲ ਪਤਾ ਸੀ ਕਿ ਬਰਾਬਰਤਾ ਦੇ ਅਸਲ ਮਾਹਣੇ ਕੀ ਹਨ, ਜਦੋਜਹਿਦ ਦੇ ਮਹੱਤਵਪੂਰਨ ਮੁੱਦੇ ਕੀ ਹਨ ਅਤੇ ਆਰਥਿਕ ਜਦੋਜਹਿਦ ਕਿਵੇਂ ਕੰਮ ਕਰਦੀ ਹੈ। ਉਹਨਾਂ ਦਾ ਵਿਚਾਰ ਸੀ ਕਿ ਵਾਤਾਵਰਣ ਦੀ ਦੂਸ਼ਣਤਾ ਦੀ ਗੱਲ ਸਾਡੇ ਸੰਘਰਸ਼ ਦਾ ਹਿੱਸਾ ਨਹੀਂ ਬਣ ਰਹੀ, ਕਾਮਰੇਡਾਂ ਦੇ ਘਰਾਂ ਵਿਚ ਜਿਸ ਤਰ੍ਹਾਂ ਔਰਤਾਂ ਨਾਲ ਵਿਤਕਰਾ ਹੁੰਦਾ ਹੈ ਉਹ ਗੱਲ ਸਾਡੇ ਸੰਘਰਸ਼ ਦਾ ਹਿੱਸਾ ਨਹੀਂ ਬਣ ਰਹੀ। ਸੰਘਰਸ਼ ਵਿਚ ਸੱਭਿਆਚਾਰ ਦੀ ਮਹੱਤਤਾ ਦਾ ਉਹਨਾ ਨੂੰ ਪੂਰਾ ਅਹਿਸਾਸ ਸੀ। ਉਹਨਾ ਦਾ ਖਿਆਲ ਸੀ ਕਿ ਅਸੀਂ ਆਪਣੀ ਜਦੋਜਹਿਦ ਇਹਨਾ ਗੱਲਾਂ ਦੀ ਗੈਰਹਾਜਰੀ ਵਿਚ ਅੰਨੇਵਾਹ ਜਾਰੀ ਨਹੀਂ ਰੱਖ ਸਕਦੇ।

?: ਤੁਸੀਂ ਪਹਿਲਾਂ ਦੱਸਿਆ ਹੈ ਕਿ ਜਦੋਂ ਤੁਸੀਂ ਉੱਥੇ ਗਏ ਤਾਂ ਉੱਥੋਂ ਦੇ ਲੋਕਾਂ ਨੇ ਪਹਿਲਾਂ ਪਹਿਲ ਤੁਹਾਨੂੰ ਕੋਈ ਖਾਸ ਸਹਿਯੋਗ ਨਹੀਂ ਦਿੱਤਾ। ਕੀ ਫਿਲਮ ਬਣਾਉਣ ਸਮੇਂ ਤੁਹਾਨੂੰ ਕਿਸੇ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ?

-: ਨਹੀਂ। ਸਾਲ ਦੇ ਅਖੀਰ ਤੇ ਮੈਂ ਉਹਨਾ ਨੂੰ ਪੁੱਛਿਆ ਕਿ ਮੈਂ ਇਕ ਫਿਲਮ ਬਣਾਉਣੀ ਚਾਹੁੰਦੀ ਹਾਂ ਉਹਨਾ ਨੂੰ ਕੋਈ ਇਤਰਾਜ਼ ਤਾਂ ਨਹੀਂ? ਉਹਨਾ ਜਵਾਬ ਦਿੱਤਾ,"ਨਹੀਂ। ਕਿਉਂਕਿ ਹੁਣ ਸਾਨੂੰ ਪਤਾ ਹੈ, ਹੁਣ ਸਾਨੂੰ ਯਕੀਨ ਹੈ ਕਿ ਤੂੰ ਠੀਕ ਫਿਲਮ ਬਣਾਏਗੀਂ। ਤੂੰ ਸਾਨੂੰ ਅਜੀਬ ਤੇ ਵਚਿੱਤਰ ਜੀਵਾਂ ਦੀ ਤਰ੍ਹਾਂ ਨਹੀਂ ਪੇਸ਼ ਕਰੇਂਗੀ। ਏਥੇ ਕਾਰਾਂ ਦੀਆਂ ਕਾਰਾਂ ਭਰਕੇ ਡਿਵੇਲਪਮੈਂਟ ਏਜੰਸੀਆਂ ਦੇ ਲੋਕ ਆਉਂਦੇ ਹਨ ਅਤੇ ਫਿਰ ਸਾਡੇ ਬਾਰੇ ਲਿਖਦੇ ਹਨ। ਜੋ ਕੁੱਛ ਉਹ ਲਿਖਦੇ ਹਨ ਉਹ ਬਹੁਤ ਹੀ ਬੇਇੱਜਤੀ ਵਾਲਾ ਹੁੰਦਾ ਹੈ। ਸਾਨੂੰ ਯਕੀਨ ਹੈ ਕਿ ਤੂੰ ਇਸ ਤਰ੍ਹਾਂ ਨਹੀਂ ਕਰੇਂਗੀ। ਅਸੀਂ ਬਿਲਕੁਲ ਤੇਰੇ ਨਾਲ ਹਾਂ।" ਇਹ ਬੜੀ ਹੌਂਸਲੇ ਵਾਲੀ ਗੱਲ ਸੀ। ਉਹਨਾ ਦੀ ਮਦਦ ਤੋਂ ਬਿਨਾਂ ਮੈਂ ਇਹ ਫਿਲਮ ਨਹੀਂ ਬਣਾ ਸਕਦੀ ਸੀ। ਜਿਵੇਂ ਤੁਹਾਨੂੰ ਪਤਾ ਹੀ ਹੈ ਕਿ ਬਿਹਾਰ ਦੇ ਹਾਲਾਤ ਬਹੁਤ ਹਿੰਸਾਤਮਕ ਹਨ ਖਾਸ ਕਰਕੇ ਫਿਲਮ ਬਣਾਉਣ ਵਾਲਿਆਂ ਲਈ। ਸਾਡੇ ਫਿਲਮ ਬਣਾਉਣ ਵਾਲੇ ਗਰੁੱਪ ਵਿਚ ਕਿਸੇ ਨੂੰ ਨਹੀਂ ਪਤਾ ਸੀ ਕਿ ਅੱਗੇ ਕੀ ਹੋਣਾ ਹੈ ਕਿਉਂਕਿ ਮੈਂ ਆਪਣੀ ਸਕਰਿਪਟ ਬਾਰੇ ਉਹਨਾ ਨਾਲ ਕੋਈ ਗੱਲਬਾਤ ਨਹੀਂ ਕੀਤੀ ਸੀ। ਕਿਸੇ ਨੂੰ ਨਹੀਂ ਪਤਾ ਸੀ ਕਿ ਮੈਂ ਕੀ ਕਰ ਰਹੀ ਹਾਂ। ਅਤੇ ਡਾਕੂਮੈਂਟਰੀ ਬਣਾਉਣ ਦਾ ਇਹ ਹੀ ਢੰਗ ਹੋਣਾ ਚਾਹੀਦਾ ਹੈ। ਜੋ ਕੁਝ ਸੁਭਾਵਕ ਤੌਰ ਤੇ ਅਤੇ ਸਜੀਵ ਰੂਪ ਵਿਚ ਹੋ ਰਿਹਾ ਹੋਵੇ ਇਸ ਵਿਚ ਉਹ ਸਾਹਮਣੇ ਆਉਣਾ ਚਾਹੀਦਾ ਹੈ। ਕੋਈ ਵੀ ਚੀਜ ਠੋਸੀ ਨਹੀਂ ਜਾਣੀ ਚਾਹੀਦੀ। ਜੋ ਕੁੱਛ ਲੋਕਾਂ ਦੇ ਮਨਾਂ ਅੰਦਰ ਸੀ ਮੈਂ ਉਸ ਨੂੰ ਉਸ ਤਰ੍ਹਾਂ ਪੇਸ਼ ਕਰਨਾ ਚਾਹੁੰਦੀ ਸੀ। ਸਾਡੀ ਇਹ ਸਮਝ ਸੀ ਕਿ ਫਿਲਮ ਬਣਾਉਣ ਵਿਚ ਲੋਕਾਂ ਵਲੋਂ ਪੂਰਾ ਸਹਿਯੋਗ ਮਿਲੇਗਾ। ਸਦਾ ਸਾਡੇ ਨਾਲ ਸਾਡੀ ਮਦਦ ਕਰਨ ਲਈ ਕੁੱਛ ਲੋਕ ਹੋਣਗੇ। ਹਰ ਵੇਲੇ ਕੁੱਛ ਮਜ਼ਦੂਰ ਸਾਡੀ ਸੁਰੱਖਿਆ ਲਈ ਰਹਿਣਗੇ। ਕਮਿਊਨਟੀ ਵਲੋਂ ਪੂਰਾ ਸਹਿਯੋਗ ਮਿਲੇਗਾ। ਉਹਨਾ ਕਿਹਾ ਕਿ ਸਾਡੇ ਕੋਲ ਪੈਸੇ ਨਹੀਂ ਹਨ। ਮੈਂ ਕਿਹਾ, "ਮੈਨੂੰ ਤੁਹਾਡੇ ਕੋਲੋਂ ਪੈਸੇ ਨਹੀਂ ਚਾਹੀਦੇ। ਕੀ ਤੁਸੀਂ ਬਾਹਰੋਂ, ਕਿਸੇ ਵੀ ਕੋਲੋਂ, ਪੈਸਿਆਂ ਦਾ ਪ੍ਰਬੰਧ ਕਰਨ ਦੀ ਇਜਾਜਤ ਦਿਉਂਗੇ।" ਉਹਨਾਂ ਕਿਹਾ,"ਸਿਰਫ ਇਕ ਸ਼ਰਤ ਹੈ। ਇਹ ਪੈਸੇ ਡੀਵੇਲਪਮੈਂਟ ਏਜੰਸੀਆਂ ਵਲੋਂ ਨਹੀਂ ਆਉਣੇ ਚਾਹੀਦੇ। ਕਮੱਰਸ਼ੀਅਲ ਲੋਕਾਂ ਕੋਲੋਂ ਪੈਸੇ ਲੈ ਲਾ, ਟੀ.ਵੀ. ਵਾਲਿਆਂ ਤੋਂ ਪੈਸੇ ਲੈ ਲਾ, ਪ੍ਰਾਈਵੇਟ ਪ੍ਰੋਡਿਊਸਰਾਂ ਕੋਲੋਂ ਪੈਸੇ ਲੈ ਲਾ ਪਰ ਡੀਵੇਲਪਮੈਂਟ ਏਜੰਸੀਆਂ ਤੋਂ ਪੈਸੇ ਨਹੀਂ ਲੈਣੇ।" ਬਿਹਾਰ ਦੇ ਲੋਕਾਂ ਦਾ ਡੀਵੇਲਪਮੈਂਟ ਏਜੰਸੀਆਂ ਨਾਲ ਬੜਾ ਕੌੜਾ ਤਜਰਬਾ ਹੈ।

?: ਤੁਸੀਂ ਕਿਹਾ ਕਿ ਸਦਾ ਹੀ ਕੁੱਝ ਮਜ਼ਦੂਰ ਤੁਹਾਡੀ ਸੁਰੱਖਿਆ ਲਈ ਹੁੰਦੇ ਸਨ। ਤੁਹਾਡੇ ਸਾਹਮਣੇ ਕਿਸ ਤਰ੍ਹਾਂ ਦੇ ਖਤਰੇ ਸਨ, ਤੁਹਾਨੂੰ ਕਿਸ ਤਰ੍ਹਾਂ ਦੀ ਸੁਰੱਖਿਆ ਦੀ ਲੋੜ ਸੀ?

-: ਫਿਲਮ ਬਣਾਉਣ ਸਮੇਂ ਵਾਹਲਾ ਚਿਰ ਲੁਕੋ ਨਹੀਂ ਰੱਖਿਆ ਜਾ ਸਕਦਾ। ਲੋਕਾਂ ਤੋਂ ਕਿਸ ਤਰ੍ਹਾਂ ਦੇ ਸਵਾਲ ਪੁੱਛੇ ਜਾ ਰਹੇ ਹਨ ਅਤੇ ਲੋਕ ਕਿਸ ਤਰ੍ਹਾਂ ਦੇ ਜਵਾਬ ਦੇ ਰਹੇ ਹਨ, ਇਕ ਹੱਦ ਤੋਂ ਅਗਾਂਹ ਜਾ ਕੇ ਇਹ ਸੱਭ ਕੁੱਛ ਲੁਕਾਉਣਾ ਅਸੰਭਵ ਹੋ ਜਾਂਦਾ ਹੈ। ਸੋ ਇਕ ਅੱਧ ਦਿਨ ਵਿਚ ਸਾਰਿਆਂ ਨੂੰ ਪਤਾ ਲੱਗ ਗਿਆ ਕਿ ਕਿਸ ਤਰ੍ਹਾਂ ਦੀ ਫਿਲਮ ਬਣ ਰਹੀ ਹੈ। ਉਸ ਇਲਾਕੇ ਵਿਚ ਛ.ੀ.ਸ.ਢ. (ਸੈਂਟਰਲ ਇੰਡਸਟਰੀਅਲ ਸਿਕਿਉਰਟੀ ਫੋਰਸ) ਪੁਲੀਸ ਦੇ ਤੌਰ ਤੇ ਕੰਮ ਕਰਦੀ ਹੈ। ਉਹਨਾ ਦੀ ਉੱਥੋਂ ਦੇ 'ਮਾਫੀਏ' ਨਾਲ ਪੂਰੀ ਭਾਈਬੰਦੀ ਹੈ। ਇਸ ਤਰ੍ਹਾਂ ਉਹ ਉੱਥੇ ਜ਼ੁਲਮ ਕਰਨ ਵਾਲਿਆਂ ਦੇ ਨਾਲ ਹਨ। ਪਹਿਲਾਂ ਪਹਿਲ ਸਾਡੇ ਨਾਲ ਉਹਨਾ ਦਾ ਵਰਤਾਅ ਬੜਾ ਚੰਗਾ ਸੀ। ਪਰ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਫਿਲਮ ਵਿਚ ਉਹਨਾ ਬਾਰੇ ਵਧੀਆ ਗੱਲਾਂ ਨਹੀਂ ਹੋ ਰਹੀਆਂ ਤਾਂ ਇਕ ਤਣਾਅ ਪੈਦਾ ਹੋਣਾ ਸ਼ੁਰੂ ਹੋ ਗਿਆ। ਛ.ੀ.ਸ.ਢ. ਵਾਲਿਆਂ ਸਾਡਾ ਪਿੱਛਾ ਕਰਨਾ ਅਤੇ ਸਾਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇਕ ਦਿਨ ਸਾਡੇ ਫਿਲਮ-ਗਰੁੱਪ ਨਾਲ ਕੰਮ ਕਰਨ ਵਾਲਾ ਇਕ ਰੀਸਰਚਰ ਇਕ ਮਿਨਟ ਲਈ ਸਾਥੋਂ ਵੱਖ ਹੋ ਕੇ ਖੇਤਾਂ ਵਲ ਗਿਆ ਤਾਂ ਤਿੰਨ ਚਾਰ ਸਿਕਿਉਰਟੀ ਫੋਰਸ ਵਾਲਿਆਂ ਨੇ ਉਸਨੂੰ ਘੇਰ ਲਿਆ ਅਤੇ ਫੜ ਕੇ ਥਾਣੇ ਲਿਜਾਣ ਦੀ ਕੋਸ਼ਿਸ਼ ਕਰਨ ਲੱਗੇ। ਇਸੇ ਤਰ੍ਹਾਂ ਇਕ ਵਾਰੀ ਕੈਮਰਾ-ਮੈਨ ਨੇ 'ਵਾਸ਼ਰੀ'(ਕੋਇਲੇ ਸਾਫ ਕਰਨ ਦਾ ਕਾਰਖਾਨਾ) ਵਲ ਕੈਮਰੇ ਦਾ ਮੂੰਹ ਕੀਤਾ ਤਾਂ ਛ.ੀ.ਸ.ਢ. ਵਾਲਿਆਂ ਉਹਦੇ ਨਾਲ ਆ ਝਗੜਾ ਕੀਤਾ। ਕਈ ਏਰੀਏ ਸਨ ਜਿਨ੍ਹਾਂ ਵਲ ਤੁਸੀਂ ਕੈਮਰੇ ਦਾ ਲੈਂਜ਼ ਨਹੀਂ ਕਰ ਸਕਦੇ ਸੀ। ਜੇ ਤੁਸੀਂ ਕਰਦੇ ਸੀ ਤਾਂ ਉਹ ਆਕੇ ਤੁਹਾਡੇ ਨਾਲ ਧੱਕਮ-ਧੱਕਾ ਹੋਣ ਲਗਦੇ ਸਨ। ਇਸ ਤਰ੍ਹਾਂ ਹਰ ਵੇਲੇ ਉੱਥੇ ਖਤਰੇ ਦਾ ਡਰ ਸੀ। ਅਤੇ ਮਜ਼ਦੂਰਾਂ ਵਲੋਂ ਕੀਤੀ ਜਾਂਦੀ ਸਾਡੀ ਸੁਰੱਖਿਆ ਦੀ ਬਹੁਤ ਮਹੱਤਤਾ ਸੀ।

?: ਫਿਲਮ ਵਿਚ ਤੁਸੀਂ ਮਜ਼ਦੂਰਾਂ ਅਤੇ ਆਮ ਲੋਕਾਂ ਨਾਲ ਹੀ ਗੱਲ ਕੀਤੀ ਹੈ ਸਿਕਿਉਰਟੀ ਫੋਰਸ ਵਾਲਿਆਂ ਜਾਂ 'ਵਾਸ਼ਰੀ' ਦੇ ਮਾਲਕਾਂ ਨੂੰ ਨਹੀਂ ਦਿਖਾਇਆ। ਕੀ ਇਹ ਜਾਣ-ਬੁੱਝ ਕੇ ਮਿੱਥੀ ਹੋਈ ਗੱਲ

-: ਹਾਂ। ਨਹੀਂ ਤਾਂ ਸ਼ੁਰੂ ਤੋਂ ਹੀ ਮੇਰਾ ਢੰਗ ਵੱਖਰਾ ਹੋਣਾ ਸੀ। ਮੈਂ ਪਹਿਲਾਂ ਮਾਲਕਾਂ ਅਤੇ ਸਿਕਿਉਰਟੀ ਫੋਰਸ ਵਾਲਿਆਂ ਨਾਲ ਗੱਲ ਕਰਨੀ ਸੀ ਫਿਰ ਲੋਕਾਂ ਨਾਲ। ਤੁਹਾਨੂੰ ਫਿਲਮ ਬਣਾਉਣ ਦੀ ਸਾਰੀ ਵਿਧੀ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ। ਜਿਸ ਤਰ੍ਹਾਂ ਉੱਥੇ ਹੈ ਜੇ ਤੁਸੀਂ ਦਰਸ਼ਕਾਂ ਨੂੰ ਉਸੇ ਤਰ੍ਹਾਂ ਮਹਿਸੂਸ ਕਰਾਉਣਾ ਚਾਹੁੰਦੇ ਹੋ ਤਾਂ ਫਿਲਮ ਮੇਕਰ ਨੂੰ 'ਕਰੀਏਟਿਵ' ਹੋਣਾ ਪਏਗਾ। ਮੈਂ ਫਿਲਮ ਨੂੰ ਬਿਲਕੁਲ ਉਸੇ ਤਰ੍ਹਾਂ ਹੀ ਰੂਪ ਦਿੱਤਾ ਹੈ। ਜਿਵੇਂ ਮੈਂ ਪਹਿਲਾਂ ਕਿਹਾ ਕਿ ਹਿੰਸਾ ਦਾ ਖਤਰਾ ਸਦਾ ਹੀ ਬਿਹਾਰ ਦੀ ਹਵਾ ਵਿਚ ਲਟਕਦਾ ਰਹਿੰਦਾ ਹੈ। ਮੇਰੇ ਖਿਆਲ ਵਿਚ ਦਰਸ਼ਕਾਂ ਨੂੰ ਫਿਲਮ ਵੇਖ ਕੇ ਇਸ ਗੱਲ ਦਾ ਅਹਿਸਾਸ ਹੁੰਦਾ ਹੈ। ਉੱਥੇ ਦਿਨ ਵੇਲੇ ਹਰ ਚੀਜ ਬੜੀ ਆਮ ਵਰਗੀ ਲਗਦੀ ਹੈ। ਪਰ ਅਸਲ ਵਿਚ ਅਜਿਹਾ ਨਹੀਂ ਹੈ। ਇਸ ਤਰ੍ਹਾਂ ਦੀ ਹਿੰਸਾ ਅਤੇ ਜਬਰ ਨੂੰ ਪੇਸ਼ ਕਰਨਾ ਬੜਾ ਔਖਾ ਹੈ। ਅਤੇ ਇਹ ਇਕ ਸੂਤਰ ਹੈ ਜਿਸ ਉੱਪਰ ਮੈਂ ਫਿਲਮ ਵਿਚ ਵਾਰ ਵਾਰ ਜੋਰ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਹਿੰਸਾ ਬਾਰੇ ਮੇਰਾ ਆਪਣਾ ਵਿਚਾਰ ਹੈ ਕਿ ਜਦੋਂ ਤੁਸੀਂ ਹਿੰਸਾ ਨੂੰ ਬਿਲਕੁਲ ਆਹਮਣੇ-ਸਾਹਮਣੇ ਦੇਖ ਲੈਂਦੇ ਹੋ ਤਾਂ ਇਸ ਦਾ ਅਸਰ ਖਤਮ ਹੋ ਜਾਂਦਾ ਹੈ। ਅਸੀਂ ਕੁੱਝ ਸੀਨਾਂ ਦੀ ਸ਼ੂਟਿੰਗ ਕੀਤੀ ਸੀ ਜਿਨ੍ਹਾਂ ਵਿਚ ਸਿਕਿਉਰਟੀ ਫੋਰਸ ਵਾਲਿਆਂ ਵਲੋਂ ਸਾਡੇ ਉੱਪਰ ਹਮਲੇ ਕਰਨ ਦੇ ਦ੍ਰਿਸ਼ ਸਨ। ਜੇ ਅਸੀਂ ਇਹ ਦ੍ਰਿਸ਼ ਫਿਲਮ ਵਿਚ ਦਿਖਾਉਂਦੇ ਤਾਂ ਇਹ ਇਸ ਤਰ੍ਹਾਂ ਹੋਣਾ ਸੀ ਜਿਸ ਤਰ੍ਹਾਂ ਆਪਣੇ ਦੁਸ਼ਮਣ ਦਾ ਚਿਹਰਾ ਦੇਖ ਲਿਆ ਹੋਵੇ, ਉਸਨੂੰ ਪਛਾਣ ਲਿਆ ਹੋਵੇ। ਇਸ ਨਾਲ ਇਸ ਤਰ੍ਹਾਂ ਲਗਦਾ ਹੈ ਕਿ ਤੁਸੀਂ ਹਿੰਸਾ ਤੋਂ ਆਪਣੀ ਸ਼ੁੱਧੀ ਕਰ ਲਈ ਹੈ। ਇਹ ਖਤਮ ਹੋ ਗਈ ਹੈ। ਪਰ ਉੱਥੋਂ ਦੀ ਜਿੰਦਗੀ ਵਿਚ ਤਣਾਅ ਸਦਾ ਹਾਵੀ ਰਹਿੰਦਾ ਹੈ। ਮੈਂ ਇਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਹੈ। ਤੁਹਾਨੂੰ ਫਿਲਮ ਦੇ ਸਾਊਂਡ ਟਰੈਕ ਦਾ ਚੇਤਾ ਹੋਵੇਗਾ। ਉਹਦੇ ਵਿਚ ਡਿੰਨ ਡਿੰਨ ਦੀ, ਬੜੀ ਮਸ਼ੀਨੀ ਜਿਹੀ ਆਵਾਜ ਅਤੇ ਇਕ ਚੁੱਪ ਹੈ ਜਿਹੜੀ ਸਾਧਾਰਣ ਜਿੰਦਗੀ ਵਿਚ ਨਹੀਂ ਹੁੰਦੀ। ਇਹ ਉੱਥੇ ਦੀ ਜਿੰਦਗੀ ਵਿਚ ਜੋ ਤਣਾਅ ਹੈ ਉਸਨੂੰ ਫਿਲਮ ਵਿਚ ਪੇਸ਼ ਕਰਦੀ ਹੈ। ਮੇਰੇ ਖਿਆਲ ਵਿਚ ਇਹ ਫਿਲਮ ਨੂੰ ਹੋਰ ਤਾਕਤਵਰ ਬਣਾਉਂਦੀ ਹੈ। ਹਿੰਸਾ ਤੋਂ ਬਚਣਾ ਸੌਖਾ ਹੈ ਪਰ ਹਰ ਰੋਜ ਦੀ ਜ਼ਿੰਦਗੀ ਵਿਚ ਜੋ ਤਣਾਅ ਹੈ ਉਸ ਤੋਂ ਬਚਣਾ ਬੜਾ ਔਖਾ ਹੈ। ਫਿਲਮ ਵਰਗੇ ਕਰੀਏਟਿਵ ਮਾਧੀਅਮ ਨੂੰ ਇਹ ਸੱਭ ਕੁੱਝ ਸਾਹਮਣੇ ਲਿਆਉਣਾ ਚਾਹੀਦਾ ਹੈ।

?: ਤੁਹਾਡੇ ਨਾਲ ਕੰਮ ਕਰਨ ਵਾਲੇ ਕਿੰਨੇ ਜਾਣੇ ਸਨ? ਤੁਸੀਂ ਕਿਸ ਤਰ੍ਹਾਂ ਦਾ ਸਾਜੋ ਸਮਾਨ ਫਿਲਮ ਬਣਾਉਣ ਲਈ ਵਰਤਿਆ?

-: ਇਕ ਸਾਊਂਡ ਰੀਕਾਰਡਿਸਟ, ਇਕ ਕੈਮਰਾ-ਮੈਨ, ਅਸਿਸਟੈਂਟ ਕੈਮਰਾ-ਮੈਨ ਅਤੇ ਦੋ ਕੁ ਪ੍ਰੋਡਕਸ਼ਨ ਅਸਿਸਟੈਂਸ ਸਨ। ਅਸੀਂ ਚਾਰ ਪੰਜ ਜਣੇ ਬਾਹਰੋਂ ਸਾਂ ਅਤੇ ਕੁੱਝ ਲੋਕ ਉੱਥੋਂ ਸਨ। ਪ੍ਰੋਡਕਸ਼ਨ ਅਸਿਸਟੈਂਸ ਉੱਥੋਂ ਦੇ ਤਿੰਨ ਨੌਜਵਾਨ ਸਨ। ਫਿਲਮ ਲਈ ਇਹ ਉੱਥੋਂ ਦੇ ਲੋਕਾਂ ਦੀ ਦੇਣ ਸੀ। ਫਿਲਮ ਵਿਚ ਇਕ ਬਜ਼ੁਰਗ ਆਦਮੀ ਤੁਸੀਂ ਦੇਖਿਆ ਹੋਣਾ। ਉਸਨੇ ਸਾਨੂੰ ਕਿਹਾ ਕਿ ਮੇਰੇ ਦੋ ਪੁੱਤਰ ਤੁਹਾਡੇ ਨਾਲ ਕੰਮ ਕਰਨਗੇ। ਮੈਂ ਆਪਣੇ ਵਲੋਂ ਫਿਲਮ ਵਿਚ ਇਹ ਹਿੱਸਾ ਪਾਉਣਾ ਚਾਹੁੰਦਾ। ਫਿਰ ਉਹਨੇ ਲੋਕਾਂ ਕੋਲੋਂ ਮੰਗ ਕੀਤੀ ਕਿ ਉਹ ਆਪਣੇ ਵਿਚੋਂ ਇਕ ਹੋਰ ਜਣਾ ਕੰਮ ਕਰਨ ਲਈ ਚੁਣ ਕੇ ਦੇਣ। ਲੋਕਾਂ ਨੇ ਵਾਰੀਆਂ ਬੰਨ ਕੇ ਸਾਡੇ ਨਾਲ ਕੰਮ ਕਰਾਇਆ। ਸਾਡੇ ਨਾਲ ਕੰਮ ਕਰਨ ਵਾਲਿਆਂ ਦੀ ਹਮੇਸ਼ਾਂ ਹੀ ਕਾਫੀ ਗਿਣਤੀ ਰਹੀ।

?: ਫਿਲਮ ਖਤਮ ਹੋਣ ਤੇ ਤੁਸੀਂ ਉਹਨਾ ਲੋਕਾਂ ਨੂੰ ਫਿਲਮ ਵਿਖਾਈ?

-: ਹਾਂ ਪਹਿਲੀ ਵਾਰ 1 ਫਰਵਰੀ 1989 ਨੂੰ। ਇਹ ਫੈਸਲਾ ਪਹਿਲਾਂ ਹੀ ਸਾਰਿਆਂ ਨੇ ਸਾਂਝੇ ਤੌਰ ਤੇ ਕੀਤਾ ਸੀ।

?: ਉਹਨਾ ਦਾ ਕੀ ਪ੍ਰਤੀਕਰਮ ਸੀ?

-: ਇਹ ਫਿਲਮ ਆਮ ਡਾਕੂਮੈਂਟਰੀਆਂ ਵਾਂਗ ਸਿੱਧੀ ਡਾਕੂਮੈਂਟਰੀ ਨਹੀਂ ਹੈ। ਪਹਿਲਾਂ ਮੈਨੂੰ ਡਰ ਸੀ ਕਿ ਇਹ ਲੋਕਾਂ ਨੂੰ ਪਸੰਦ ਵੀ ਆਵੇਗੀ ਜਾਂ ਨਹੀਂ। ਉਹਨਾ ਨੂੰ ਫਿਲਮ ਦਿਖਾਉਣ ਦਾ ਪਹਿਲਾ ਸ਼ੋਅ ਮੇਰੇ ਲਈ ਨਾ-ਇਤਬਾਰਯੋਗ ਤਜਰਬਾ ਸੀ। ਇਹ ਸ਼ੋਅ ਬਾਜ਼ਾਰ ਵਿਚ ਦਿਖਾਇਆ ਗਿਆ। ਸ਼ਾਇਦ 5-7 ਹਜ਼ਾਰ ਲੋਕ ਸਨ। ਸਾਡੇ ਕੋਲ ਸਿਰਫ ਇਕ ਪਰਾਜੈਕਟਰ ਸੀ। ਰੀਲ ਬਦਲਣ ਦੀ ਵਾਰੀ ਆਈ। ਅਖੀਰਲੀ 15 ਮਿਨਟ ਦੀ ਰੀਲ ਵੇਖਣ ਵਾਲੀ ਰਹਿੰਦੀ ਸੀ। ਮੈਂ ਕਾਮਰੇਡ ਬੈਜਨਾਥ ਨੂੰ ਇਹ ਐਲਾਨ ਕਰਨ ਲਈ ਕਿਹਾ ਕਿ ਸਿਰਫ ਰੀਲ ਬਦਲੀ ਜਾਣੀ ਹੈ ਅਜੇ ਫਿਲਮ ਖਤਮ ਨਹੀਂ ਹੋਈ। ਉਸਨੇ ਕਿਹਾ, "ਇਹਦੀ ਕੋਈ ਲੋੜ ਨਹੀਂ। ਮਜ਼ਦੂਰਾਂ ਨੂੰ ਸੱਭ ਪਤਾ ਹੈ। ਕੋਈ ਵੀ ਨਹੀਂ ਹਿੱਲਣ ਲੱਗਾ।" ਮੈਂ ਕਿਹਾ, "ਨਹੀ ਮੈਂ ਤਾਂ ਮਿਡਲ ਕਲਾਸ ਦੇ ਲੋਕਾਂ ਨੂੰ ਅਜਿਹੇ ਮੌਕਿਆਂ ਤੇ ਫਿਲਮ ਮੁੱਕੀ ਸਮਝ ਉੱਠ ਕੇ ਜਾਂਦੇ ਦੇਖਿਆ ਹੈ।" ਪਰ ਮੇਰਾ ਅੰਦਾਜ਼ਾ ਗਲਤ ਨਿਕਲਿਆ। ਕੋਈ ਵੀ ਨਹੀਂ ਹਿੱਲਿਆ। ਮੈਂ ਉੱਥੇ ਬੇਵਕੂਫ ਬਣੀ ਖੜੀ ਸੀ। ਫਿਲਮ ਖਤਮ ਹੋਣ ਤੇ ਸਾਰੇ ਜਣਿਆਂ ਆ ਕੇ ਮੈਨੂੰ ਜੱਫੀਆਂ ਪਾਈਆਂ। ਅਸਲੀ ਟੈਸਟ ਤਾਂ ਅਖੀਰ ਵਿਚ ਸੀ। ਉੱਥੇ ਇਕ ਕਾਮਰੇਡ ਸੀ ਰਾਮ ਲਾਲ। ਉਹ ਏ.ਕੇ. ਰੌਇ ਦਾ ਸੱਜਾ ਹੱਥ ਸੀ। ਮਿਡਲ ਕਲਾਸ ਦੇ ਲੋਕਾਂ ਵਲ ਉਸਦਾ ਰਵੱਈਆ ਕਾਫੀ ਸਨਕੀ ਅਤੇ ਨਾਂਹ-ਪੱਖੀ ਸੀ। ਇਸ ਕਰਕੇ ਉਹਨੇ ਮੈਨੂੰ ਕਾਫੀ ਔਖਾ ਕੀਤਾ ਸੀ। ਫਿਲਮ ਮੁੱਕਣ ਬਾਅਦ ਉਹ ਮੇਰੇ ਕੋਲ ਆਇਆ ਤੇ ਕਹਿਣ ਲੱਗਾ,"ਹੁਣ ਮੈਨੂੰ ਪਤਾ ਲੱਗਾ ਹੈ ਕਿ ਤੂੰ ਇਹ ਫਿਲਮ ਆਪਣੇ ਮਨੋਰੰਜਨ ਲਈ ਨਹੀਂ ਬਣਾਈ। ਅੱਜ ਪੂਰੇ ਪੰਦਰਾਂ ਸਾਲਾਂ ਬਾਅਦ ਮੇਰਾ ਮਿਡਲ ਕਲਾਸ ਦੇ ਕਿਸੇ ਵਿਅਕਤੀ ਤੇ ਯਕੀਨ ਕਰਨ ਨੂੰ ਜੀਅ ਕੀਤਾ ਹੈ।" ਮੇਰੇ ਲਈ ਉਸ ਦਾ ਇਹ ਕਹਿਣਾ ਬਹੁਤ ਵੱਡੀ ਗੱਲ ਸੀ। ਸਾਰਿਆਂ ਵਲੋਂ ਹੀ ਇਸ ਕਿਸਮ ਦਾ ਪ੍ਰਤੀਕਰਮ ਸੀ। ਰਾਤ ਦੇ ਨੌਂ ਵੱਜ ਚੁੱਕੇ ਸਨ। ਦਰਸ਼ਕਾਂ ਵਿਚੋਂ ਕੁੱਝ ਲੋਕ ਜੋ ਨੇੜੇ ਦੀਆਂ ਬਸਤੀਆਂ ਵਿਚ ਰਹਿੰਦੇ ਸਨ ਮੇਰੇ ਕੋਲ ਆਏ ਤੇ ਕਹਿਣ ਲੱਗੇ ਕਿ ਅਸੀਂ ਆਪਣੀਆਂ ਬਸਤੀਆਂ ਦੇ ਲੋਕਾਂ ਨੂੰ ਕਹਿਣ ਚੱਲੇ ਹਾਂ ਕਿ ਤੁਸੀਂ ਹੁਣੇ ਹੀ ਉੱਥੇ ਫਿਲਮ ਦਿਖਾਉਣ ਆ ਰਹੇ ਹੋ। ਮੈਂ ਕਿਹਾ, "ਇਸ ਸਮੇਂ।" ਉਹ ਕਹਿੰਦੇ, "ਹਾਂ ਇਸ ਸਮੇਂ। ਅਸੀਂ ਕੱਲ ਤੱਕ ਉਡੀਕ ਨਹੀਂ ਕਰ ਸਕਦੇ। ਅਸੀਂ ਚਾਹੁੰਦੇ ਹਾਂ ਸਾਡੇ ਲੋਕ ਵੀ ਫਿਲਮ ਨੂੰ ਅੱਜ ਇਸ ਵਕਤ ਹੀ ਵੇਖਣ।" ਸੋ ਸਾਨੂੰ ਉਹਨਾ ਨੂੰ ਫਿਲਮ ਦਿਖਾਉਣ ਜਾਣਾ ਪਿਆ। ਦੂਜਾ ਸ਼ੋਅ 12 ਕੁ ਵਜੇ ਖਤਮ ਹੋਇਆ। ਪਰ ਉਸ ਸਮੇਂ ਹਜਾਰ ਦੇ ਕਰੀਬ ਹੋਰ ਲੋਕ ਇਕੱਠੇ ਹੋ ਗਏ। ਫਰਵਰੀ ਦੀ ਠੰਡੀ ਰਾਤ ਸੀ। ਮੈਂ ਕਿਹਾ ਅਸੀਂ ਤੁਹਾਨੂੰ ਕੱਲ ਨੂੰ ਜਾਂ ਪਰਸੋਂ ਨੂੰ ਫਿਲਮ ਦਿਖਾ ਦੇਵਾਂਗੇ। ਪਰ ਕੋਈ ਵੀ ਹਿੱਲ ਨਹੀਂ ਰਿਹਾ ਸੀ। ਅਸੀਂ ਫਿਲਮ ਦਿਖਾਉਣੀ ਸ਼ੁਰੂ ਕਰ ਦਿੱਤੀ। ਫਿਲਮ ਦੇ ਵਿਚਕਾਰ ਹੀ ਬਿਜਲੀ ਚਲੇ ਗਈ। ਪੂਰੇ 45 ਮਿਨਟ ਬਿਜਲੀ ਆਉਣ ਦਾ ਇੰਤਜਾਰ ਕਰਨਾ ਪਿਆ। ਜਦੋਂ ਫਿਲਮ ਦੀ ਪਹਿਲੀ ਰੀਲ ਮੁੱਕੀ ਅਤੇ ਦੂਜੀ ਸ਼ੁਰੂ ਹੋਈ ਤਾਂ ਇਕ ਵਾਰ ਫਿਰ ਬਿਜਲੀ ਚਲੇ ਗਈ। ਮੈਂ ਉਹਨਾ ਨੂੰ ਕਿਹਾ ਕਿ ਹੁਣ ਸਿਰਫ ਫਿਲਮ ਦੇ ਆਖਰੀ ਦੱਸ ਮਿਨਟ ਹੀ ਰਹਿੰਦੇ ਹਨ ਇਨ੍ਹਾਂ ਵਿਚ ਕੋਈ ਖਾਸ ਗੱਲ ਨਹੀਂ ਵਾਪਰਦੀ। ਉਹ ਬੋਲੇ, "ਇਹ ਸਾਡੀ ਫਿਲਮ ਹੈ ਅਸੀਂ ਤਾਂ ਇਸ ਨੂੰ ਪੂਰਾ ਵੇਖਾਂਗੇ।" ਮੇਰੇ ਖਿਆਲ ਵਿਚ 4 ਵਜੇ ਦੇ ਕਰੀਬ ਬਿਜਲੀ

ਵਾਪਸ ਆਈ। ਉਦੋਂ ਤੱਕ ਸਾਰੇ ਜਣੇ ਬੈਠੇ ਰਹੇ। ਪੂਰੀ ਫਿਲਮ ਦੇਖ ਕੇ ਹੀ ਗਏ। ਮੇਰੇ ਖਿਆਲ ਵਿਚ ਲੋਕਾਂ ਦੀ ਪਸੰਦ ਦਾ ਇਹ ਸੱਭ ਤੋਂ ਵੱਡਾ ਪ੍ਰਮਾਣ ਹੈ।

?: ਨਾਲ ਹੀ ਇਹ ਇਸ ਮਿੱਥ ਦੇ ਝੂਠੇ ਹੋਣ ਵਲ ਇਸ਼ਾਰਾ ਵੀ ਹੈ ਕਿ ਲੋਕ ਅਜਿਹੀਆਂ ਯਥਾਰਥਵਾਦੀ ਅਤੇ ਡਾਕੂਮੈਂਟਰੀ ਫਿਲਮ ਦੇਖਣ ਵਿਚ ਦਿਲਚਸਪੀ ਨਹੀਂ ਰੱਖਦੇ।

-: ਬਿਲਕੁਲ।

?: ਇਹ ਫਿਲਮ ਹਿੰਦੁਸਤਾਨ ਦੇ ਕਿਹੜੇ ਕਿਹੜੇ ਹਿੱਸਿਆਂ ਵਿਚ ਦਿਖਾਈ ਗਈ ਹੈ?

-: ਬਿਹਾਰ, ਮੱਧਿਆ ਪ੍ਰਦੇਸ਼, ਬੰਗਾਲ (ਸਾਰੇ ਇਲਾਕਿਆਂ ਵਿਚ ਨਹੀਂ) ਅਤੇ ਦਿੱਲੀ ਵਿਚ ਦਿਖਾਈ ਗਈ ਹੈ। ਸੀਮਤ ਰੂਪ ਵਿਚ ਬੰਬਈ ਵਿਚ ਵੀ ਦਿਖਾਈ ਗਈ ਹੈ। ਮੈਂ ਇਸ ਫਿਲਮ ਨੂੰ ਸ਼ਹਿਰਾਂ ਵਿਚ ਦਿਖਾਉਣ ਦੀ ਏਨੀ ਕੋਸ਼ਿਸ਼ ਨਹੀਂ ਕੀਤੀ। ਤਿੰਨ ਹਫਤੇ ਕੇਰਲਾ ਵਿਚ 'ਉਡੇਸਾ ਮੂਵੀਜ਼' ਨਾਲ ਦਿਖਾਈ ਗਈ ਹੈ।

?: ਫਿਲਮ ਦਿਖਾਉਣ ਦਾ ਕੀ ਢੰਗ ਹੈ?

-: ਇਕ ਤਾਂ ਇਹ ਤਰੀਕਾ ਹੈ ਕਿ ਤੁਸੀਂ ਆਪ ਫਿਲਮ ਨੂੰ ਲੋਕਾਂ ਤੱਕ ਲੈ ਕੇ ਜਾਵੋ ਜਿਵੇਂ ਮੈਂ ਬਿਹਾਰ ਵਿਚ ਕੀਤਾ ਹੈ। ਅਤੇ ਹੌਲੀ ਹੌਲੀ ਫਿਲਮ ਦੁਆਲੇ ਇਕ ਮੂਵਮੈਂਟ ਪੈਦਾ ਕਰ ਵਿਦਿਆਰਥੀਆਂ ਦੀਆਂ ਜਥੇਬੰਦੀਆਂ ਅਤੇ ਟਰੇਡ ਯੂਨੀਅਨਾਂ ਆਦਿ ਵਿਚ ਫਿਲਮ ਬਾਰੇ ਦਿਲਚਸਪੀ ਪੈਦਾ ਕਰੋ। ਦੂਜਾ ਢੰਗ ਹੈ ਫਿਲਮ ਕਲੱਬਾਂ ਰਾਹੀਂ। ਇਹ ਕਲੱਬਾਂ ਤੁਹਾਨੂੰ ਆਪਣੀ ਫਿਲਮ ਦਿਖਾਉਣ, ਉਸ ਬਾਰੇ ਸੈਮੀਨਾਰ ਅਤੇ ਵਰਕਸ਼ਾਪਾਂ ਆਦਿ ਕਰਨ ਲਈ ਸੱਦਾ ਦਿੰਦੀਆਂ ਹਨ। ਇਕ ਹੋਰ ਢੰਗ ਹੈ 'ਉਡੇਸਾ ਮੂਵੀਜ਼' ਰਾਹੀਂ। 'ਉਡੇਸਾ ਮੂਵੀਜ਼' ਦਾ ਹੋਂਦ ਵਿਚ ਆਉਣਾ ਇਕ ਬਹੁਤ ਹੀ ਕਾਮਯਾਬ, ਚਮਤਕਾਰੀ ਅਤੇ ਦੂਰ ਅੰਦੇਸ਼ੀ ਵਾਲਾ ਵਰਤਾਰਾ ਹੈ। ਇਹ ਸੰਸਥਾ ਕੇਰਲਾ ਦੇ ਫਿਲਮ ਮੇਕਰ ਜੋਹਨ ਇਬਰਾਹਿਮ ਵਲੋਂ ਸਥਾਪਤ ਕੀਤੀ ਗਈ ਹੈ। ਜਾਹਨ ਇਬਰਹੀਮ ਦੀ ਦੋ ਸਾਲ ਪਹਿਲਾ ਮੌਤ ਹੋ ਗਈ ਸੀ। ਉਹ ਕੇਰਲਾ ਵਿਚ ਇਕ 'ਕਲਟ'(ਚੁਲਤ ਗਿਰੇ) ਦੇ ਨੇਤਾ ਵਾਂਗ ਹੈ। ਉਹ ਬਹੁਤ ਹੀ ਰੈਡੀਕਲ 'ਫਿਲਮ ਮੇਕਰ' ਸੀ। ਚਾਰ ਸਾਲ ਪਹਿਲਾਂ ਜਾਹਨ ਇਬਰਹੀਮ ਨੇ 'ਉਡੇਸਾ ਮੂਵੀਜ਼' ਨਾਂ ਦੀ ਸੰਸਥਾ ਬਣਾਈ। ਇਸ ਪਿੱਛੇ ਉਸਦਾ ਮਕਸਦ ਉਹਨਾਂ ਸਾਰੇ ਫਿਲਮ ਮੇਕਰਾਂ, ਜੋ ਸਥਾਪਤੀ ਦੇ ਵਿਰੁੱਧ ਫਿਲਮਾਂ ਬਣਾਉਂਦੇ ਹਨ ਅਤੇ ਜਿਨ੍ਹਾਂ ਦੀਆਂ ਫਿਲਮਾਂ ਨੂੰ ਡਿਸਟਰੀਬਿਊਸ਼ਨ ਦੀਆਂ ਮੁਸ਼ਕਿਲਾਂ ਆਉਂਦੀਆਂ ਹਨ, ਨੂੰ ਹੌਂਸਲਾ ਹਾਰਨ ਤੋਂ ਰੋਕਣਾ ਸੀ। ਉਸ ਅਨੁਸਾਰ ਉਹਨਾ ਦੇ ਖਿਆਲਾਂ ਨਾਲ ਸਾਂਝ ਰੱਖਣ ਵਾਲੇ ਲੋਕਾਂ ਵਲੋਂ ਇਹਨਾ ਫਿਲਮ ਮੇਕਰਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਉਹਨਾ ਦੀਆਂ ਫਿਲਮਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਉਹ ਆਪਣੇ ਕਾਲਜ ਅਤੇ ਫਿਲਮ ਇੰਸਟੀਚਿਊਟ ਪੂਨਾ ਦੇ ਸਮੇਂ ਦੌਰਾਨ ਬਣਾਈਆਂ ਫਿਲਮਾਂ ਨੂੰ ਵੱਖ ਵੱਖ ਐਕਟਵਿਸਟਾਂ ਦੇ ਗਰੁੱਪਾਂ ਵਿਚ ਜਾ ਕੇ ਦਿਖਾਉਣ ਲੱਗਾ। ਇਸ ਤਰ੍ਹਾਂ ਉਹਨੇ ਇਹਨਾ ਗਰੁੱਪਾਂ ਦੇ ਕਾਰਕੁੰਨਾ ਨੂੰ ਫਿਲਮ ਅਤੇ ਫਿਲਮ ਦਿਖਾਉਣ ਦੇ ਪ੍ਰੋਗਰਾਮਾਂ ਦੀ ਮਹੱਤਤਾ ਦਾ ਅਹਿਸਾਸ ਕਰਾਇਆ। ਤਰ੍ਹਾਂ ਤਰ੍ਹਾਂ ਦੇ ਗਰੁੱਪ- ਜਿਵੇਂ ਥਿਏਟਰ, ਔਰਤਾਂ ਦੇ ਗਰੁੱਪ, ਕਲਾਕਾਰ ਦੇ ਗਰੁੱਪ- ਉਸਦੀ ਮੱਦਦ ਕਰਨ ਲੱਗੇ। ਉਹ ਆਪਣੀਆਂ ਫਿਲਮਾਂ ਨੂੰ ਕੇਰਲਾ ਵਿਚ ਪਿੰਡ ਪਿੰਡ, ਕਸਬੇ ਕਸਬੇ ਅਤੇ ਸ਼ਹਿਰ ਸ਼ਹਿਰ ਲੈ ਕੇ ਗਿਆ ਅਤੇ ਕੇਰਲਾ ਵਿਚ ਇਕ 'ਕਲਟ'ਫਿਗਰ ਬਣ ਗਿਆ। ਫਿਰ ਕੁੱਝ ਦੋਸਤਾਂ ਖਾਸ ਕਰਕੇ ਥਿਏਟਰ ਦੇ ਦੋਸਤਾਂ ਦੀ ਮੱਦਦ ਨਾਲ ਉਡੇਸਾ ਮੂਵੀਜ਼ ਦੀ ਨੀਂਹ ਰੱਖੀ। ਫਿਰ ਉਹਨੇ ਫੈਸਲਾ ਕੀਤਾ ਕਿ ਫਿਲਮ ਬਣਾਉਣ ਲਈ ਲੋਕਾਂ ਤੋਂ ਪੈਸੇ ਕਿਉਂ ਨਾ ਇਕੱਠੇ ਕੀਤੇ ਜਾਣ। ਇਹ ਬਹੁਤ ਵੱਡੀ ਚੁਨੌਤੀ ਸੀ। ਇਸ ਤਰ੍ਹਾਂ ਉਹਨੇ ਆਪਣੀ ਫਿਲਮ *'ਮਾਂ ਨੂੰ ਰੀਪੋਰਟ'* ਬਣਾਈ। ਇਹ ਫਿਲਮ ਹਿੰਦੁਸਤਾਨ ਦੇ 'ਆਲਟਰਨੇਟਿਵ ਸਿਨਮੇ' ਦੇ ਇਤਿਹਾਸ ਵਿਚ ਇਕ ਮੀਲ-ਪੱਥਰ ਸਾਬਤ ਹੋਈ ਹੈ। ਇਸ ਫਿਲਮ ਬਣਾਉਣ ਲਈ ਉਸਨੇ ਪੂਰੇ ਅੱਠ ਮਹੀਨੇ ਲੋਕਾਂ ਤੋਂ ਇਕ ਇਕ ਰੁਪਈਆ ਇਕੱਠਾ ਕਰਕੇ ਰਕਮ ਇਕੱਠੀ ਕੀਤੀ। ਫਿਰ ਕਲਾਕਾਰਾਂ ਨੇ ਇਸ ਵਿਚ ਮੁਫਤ ਕੰਮ ਕੀਤਾ। ਹੋਰ ਲੋਕਾਂ ਨੇ ਸ਼ੂਟਿੰਗ ਕਰਨ ਲਈ ਮੁਫਤ ਥਾਂ ਦਿੱਤੀ, ਕਾਰਾਂ ਦਿੱਤੀਆਂ। ਇਸ ਤਰ੍ਹਾਂ ਇਹ ਫਿਲਮ ਬਣੀ। ਫਿਲਮ ਬਣਨ ਤੋਂ ਬਾਅਦ ਇਸਦੇ 5000 ਸ਼ੋਅ ਹੋਏ। ਹਰੇਕ ਸ਼ੋਅ ਤੇ ਲੋਕਾਂ ਕੋਲ ਫੰਡ ਇਕੱਠਾ ਕੀਤਾ ਗਿਆ। ਇਸ ਤਰ੍ਹਾਂ ਉਡੇਸਾ ਮੂਵੀਜ਼ ਸ਼ੁਰੂ ਕਰਨ ਲਈ ਮੁੱਢਲੀ ਰਕਮ ਇਕੱਠੀ ਹੋਈ। ਫਿਰ ਇਹ ਫਿਲਮ ਲੰਡਨ ਫਿਲਮ ਫੈਸਟੀਵਲ ਵਿਚ ਭੇਜੀ ਗਈ। ਉੱਥੇ ਇਸਨੇ ਕਈ ਇਨਾਮ ਜਿੱਤੇ। ਹਿੰਦੁਸਤਾਨ ਵਾਪਸ ਆਕੇ ਇਸਨੇ ਨੈਸ਼ਨਲ ਅਵਾਰਡ ਜਿੱਤਿਆ। ਇਨ੍ਹਾਂ ਤੋਂ ਇਕੱਠੀ ਹੋਈ ਰਕਮ ਉਸਨੇ ਉਡੇਸਾ ਮੂਵੀਜ਼ ਨੂੰ ਦਾਨ ਕਰ ਦਿੱਤੀ। ਬੇਸ਼ੱਕ ਜਾਹਨ ਇਬਰਹੀਮ ਆਪ ਮਰ ਗਿਆ ਹੈ ਪਰ ਇਸ ਸਮੇਂ ਉਡੇਸਾ ਮੂਵੀਜ਼ ਨਾਲ 10 ਕਾਰਕੁੰਨ ਕੰਮ ਕਰਦੇ ਹਨ। ਇਹ ਕਾਰਕੁੰਨ ਆਪਣੇ ਆਪ ਨੂੰ ਫਿਲਮ ਐਕਟਿਵਸਟ ਕਹਿੰਦੇ ਹਨ। ਜੋਹਨ ਇਬਰਹੀਮ ਦਾ ਵਿਚਾਰ ਸੀ ਕਿ ਇਹ ਗੱਲ ਕਿਸੇ ਨੂੰ ਭੁੱਲਣੀ ਨਹੀਂ ਚਾਹੀਦਾ ਕਿ ਫੀਚਰ ਫਿਲਮਾਂ ਨਾਲੋਂ ਵੀ ਵੱਡੀ ਗੱਲ ਡਾਕੂਮੈਂਟਰੀ ਫਿਲਮਾਂ ਨੂੰ ਉਤਸ਼ਾਹਿਤ ਕਰਨਾ ਹੈ। ਡਾਕੂਮੈਂਟਰੀ ਫਿਲਮਾਂ ਨੂੰ ਦਿਖਾਉਣਾ ਪਹਿਲੇ ਨੰਬਰ 'ਤੇ ਆਉਣਾ ਚਾਹੀਦਾ ਹੈ ਕਿਉਂਕਿ ਇਹ ਲੋਕਾਂ ਦੀ ਅਸਲ ਆਵਾਜ਼ ਹੁੰਦੀਆਂ ਹਨ।

?: ਉਡੇਸਾ ਮੂਵੀਜ਼ ਨਾਲ ਫਿਲਮ ਵਿਖਾਉਣ ਦੇ ਆਪਣੇ ਤਜਰਬੇ ਬਾਰੇ ਦੱਸੋ?

-: ਉਹਨਾ ਮੈਨੂੰ ਸੱਦਾ ਦਿੱਤਾ ਕਿ ਉਹ ਮੇਰੀ ਫਿਲਮ ਕੇਰਲਾ ਵਿਚ ਦਿਖਾਉਣਾ ਚਾਹੁੰਦੇ ਹਨ ਅਤੇ ਇਸ ਵਿਚ ਮੇਰੀ ਪੂਰੀ ਸ਼ਮੂਲੀਅਤ ਚਾਹੁੰਦੇ ਹਨ। ਮੈਂ ਕਿਹਾ ਠੀਕ। ਮੈਂ ਆਪਣੀ ਫਿਲਮ ਦਰਸ਼ਕਾਂ ਤੱਕ ਲੈ ਕੇ ਜਾਣਾ ਚਾਹੁੰਦੀ ਹਾਂ ਕਿਉਂਕਿ ਫਿਲਮਾਂ ਦਾ ਉਹਨਾ ਤੱਕ ਪਹੁੰਚਣਾ ਜ਼ਰੂਰੀ ਹੈ। ਅਤੇ ਨਾਲ ਹੀ ਮੈਂ ਦਰਸ਼ਕਾਂ ਨਾਲ ਸੰਬਾਦ ਚਾਹੁੰਦੀ ਹਾਂ। ਉਹ ਕਹਿੰਦੇ ਸਾਡਾ ਵੀ ਇਹੀ ਮਕਸਦ ਹੈ।

ਉਹ ਪਹਿਲਾਂ ਹੀ ਸਥਾਨ ਨਿਸ਼ਚਤ ਕਰ ਲੈਂਦੇ ਹਨ ਕਿ ਕਿੱਥੇ ਕਿੱਥੇ ਫਿਲਮ ਦਿਖਾਉਣੀ ਹੈ। ਜਿਸ ਥਾਂ ਤੇ ਉਹਨਾ ਫਿਲਮ ਦਿਖਾਉਣੀ ਹੁੰਦੀ ਹੈ ਉਹਨਾਂ ਲੋਕਾਂ ਨਾਲ ਪੈਸੇ ਮਿੱਥੇ ਗਏ ਹੁੰਦੇ ਹਨ। ਇਹਨਾ ਪੈਸਿਆਂ ਵਿਚੋਂ ਕੁੱਛ ਪੈਸੇ ਫਿਲਮ ਮੇਕਰ ਨੂੰ ਦਿੱਤੇ ਜਾਂਦੇ ਹਨ, ਕੁੱਛ ਫਿਲਮ ਖਰੀਦਣ ਲਈ ਵਰਤੇ ਜਾਂਦੇ ਹਨ ਅਤੇ ਕੁੱਝ ਫਿਲਮ ਕੋਅਪ੍ਰੇਟਿਵ ਚਲਾਉਣ ਲਈ ਵਰਤੇ ਜਾਂਦੇ ਹਨ। ਕੁੱਛ ਪੈਸੇ ਲੋੜਵੰਦ ਫਿਲਮ ਮੇਕਰਾਂ ਦੀ ਮੱਦਦ ਲਈ ਵਰਤੇ ਜਾਂਦੇ ਹਨ। ਇਸ ਕੰਮ ਲਈ ਉਹ ਆਪਣੇ ਬੱਜਟ ਵਿਚ ਇਕ ਖਾਸ ਰਕਮ ਰਾਖਵੀਂ ਰੱਖਦੇ ਹਨ। ਉਹ ਤੁਹਾਡੀ ਇਸ ਤਰ੍ਹਾਂ ਮਦਦ ਕਰਦੇ ਹਨ ਤੇ ਫਿਰ ਤੁਹਾਨੂੰ ਫਿਲਮ ਦਿਖਾਉਣ ਦਾ ਟੂਰ ਲਾਉਣ ਲਈ ਸੱਦਾ ਦਿੰਦੇ ਹਨ ਅਤੇ ਪਹਿਲਾਂ ਲਾਈ ਰਕਮ ਇਕੱਠਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਉਹ ਫਿਲਮ ਮੇਕਰਾਂ ਨੂੰ ਇਹ ਸੁਨੇਹਾ ਦੇਣਾ ਚਾਹੁੰਦੇ ਹਨ, "ਜਿੰਦਗੀ ਵਿਚ ਕਦੇ ਵੀ ਸਾਰੇ ਰਸਤੇ ਬੰਦ ਨਹੀਂ ਹੁੰਦੇ। ਜੇ ਤੁਹਾਨੂੰ ਹੋਰ ਕਿਤਿਉਂ ਪੈਸੇ ਨਹੀਂ ਮਿਲਦੇ ਤਾਂ ਸਾਡੇ ਕੋਲ

ਕੇਰਲਾ ਵਿਚ ਆ ਉ, ਅਸੀਂ ਤੁਹਾਨੂੰ ਘਰ ਘਰ ਲੈਕੇ ਜਾਵਾਂਗੇ ਅਤੇ ਪੈਸੇ ਇਕੱਠੇ ਕਰਾਂਗੇ। ਅਸੀਂ ਤੁਹਾਡੀ ਹਰ ਕਦਮ ਤੇ ਮੱਦਦ ਕਰਾਂਗੇ ਪਰ ਤੁਸੀਂ ਇਹ ਨਾ ਕਹੋ ਕਿ ਤੁਸੀਂ ਹੋਰ ਡਾਕੂਮੈਂਟਰੀ ਫਿਲਮਾਂ ਨਹੀਂ ਬਣਾ ਸਕਦੇ।" ਸੱਚ ਮੁੱਚ ਹੀ ਇਹ ਬਹੁਤ ਵੱਡੀ ਸਦਾਚਾਰਕ ਸਹਾਇਤਾ (ਮੋਰਾਲ ਸੁਪਪੋਰਤ) ਹੈ।

?: ਜਦੋਂ ਉਹਨਾ ਨੇ ਤੁਹਾਡੀ ਫਿਲਮ ਕੇਰਲਾ ਵਿਚ ਵਿਖਾਈ, ਕੀ ਉਹਨਾ ਨੇ ਇਸਨੂੰ 'ਡੱਬ' ਕੀਤਾ ਜਾਂ 'ਸਬ-ਟਾਈਟਲ' ਵਰਤੇ?

:- ਨਹੀਂ ਉਹਨਾਂ ਇਸਨੂੰ 'ਪਾਰਾ-ਡੱਬ' ਕੀਤਾ। ਉਹਨਾ ਪ੍ਰੋਜੈਕਟਰ ਨਾਲ ਇਕ ਵਾਧੂ ਮਾਈਕਰੋਫੋਨ ਲਾਇਆ ਅਤੇ ਫਿਲਮ ਦੇ ਨਾਲ ਨਾਲ ਇਸਦਾ ਅਨੁਵਾਦ ਕੀਤਾ। ਉਹ ਇਸ ਕੰਮ ਵਿਚ ਬਹੁਤ ਮਾਹਰ ਹਨ। ਕਿਉਂਕਿ ਉਹਨਾ ਵਿੱਚੋਂ ਬਹੁਤੇ ਥਿਏਟਰ ਨਾਲ ਸਬੰਧਤ ਸਨ ਇਸ ਲਈ ਉਹਨਾ ਕੋਲ ਡਾਇਲਾਗ ਬੋਲਣ ਦੀ ਬਹੁਤ ਮੁਹਾਰਤ ਹੈ। ਤੁਹਾਡੇ ਜਾਣ ਤੋਂ ਪਹਿਲਾਂ ਉਹ ਕਈ ਵਾਰ ਤੁਹਾਡੀ ਫਿਲਮ ਦੇਖਦੇ ਹਨ। ਫਿਲਮ ਦੇ ਬਹੁਤੇ ਡਾਇਲਾਗ ਉਹ ਜ਼ਬਾਨੀ ਯਾਦ ਕਰ ਲੈਂਦੇ ਹਨ। ਉਹ ਇਕੱਲੇ ਇਕੱਲੇ ਫਰੇਮ ਨੂੰ ਬਹੁਤ ਗਹੁ ਨਾਲ ਦੇਖਦੇ ਹਨ। ਇਸ ਤਰ੍ਹਾਂ ਉਹ ਤੁਹਾਡੀ ਫਿਲਮ ਬਾਰੇ ਤੁਹਾਡੇ ਨਾਲੋਂ ਜਿਆਦਾ ਜਾਣਦੇ ਹਨ। ਤੁਹਾਡੇ ਜਾਣ ਤੋਂ ਪਹਿਲਾਂ ਉਹ ਤੁਹਾਡੀ ਫਿਲਮ ਬਾਰੇ ਕਿੰਨੀਆਂ ਹੀ ਬਹਿਸਾਂ ਕਰ ਚੁੱਕੇ ਹੁੰਦੇ ਹਨ। ਤਕਰੀਬਨ ਫਿਲਮ ਦੇ ਸਾਰੇ ਡਾਇਲਾਗ ਉਹਨਾਂ ਨੂੰ ਮੂੰਹ ਜਬਾਨੀ ਯਾਦ ਹੁੰਦੇ ਹਨ। ਜਦੋਂ ਫਿਲਮ ਚਲਦੀ ਹੈ ਤਾਂ ਵਾਧੂ ਮਾਈਕਰੋਫੋਨ ਰਾਹੀਂ ਉਹ 'ਪਾਰਾ-ਡੱਬ' ਕਰਦੇ ਹਨ ਜਾਨੀਕਿ ਦਰਸ਼ਕਾਂ ਦੀ ਬੋਲੀ ਵਿਚ 'ਰਨਿੰਗ ਕੁਮੈਂਟਰੀ' ਦਿੰਦੇ ਹਨ।

?: ਹਿੰਦੁਸਤਾਨ ਤੋਂ ਬਾਹਰ ਇਹ ਫਿਲਮ ਕਿੱਥੇ ਕਿੱਥੇ ਵਿਖਾਈ ਗਈ ਹੈ ਅਤੇ ਇਸ ਬਾਰੇ ਕਿਸ ਤਰ੍ਹਾਂ ਦੇ ਪ੍ਰਤੀਕਰਮ ਹੋਏ ਹਨ?

-: ਇਹ ਲੰਡਨ, ਮੈਲਬਰਨ, ਸਿਡਨੀ, ਟਰਾਂਟੋ, ਮੰਟਰੀਅਲ ਅਤੇ ਹੁਣ ਵੈਨਕੂਵਰ ਆਦਿ ਸ਼ਹਿਰਾਂ ਵਿਚ ਹੋਏ ਫਿਲਮ ਫੈਸਟੀਵਲਾਂ ਵਿਚ ਦਿਖਾਈ ਗਈ ਹੈ। ਬਾਹਰ ਸੱਭ ਤੋਂ ਪਹਿਲਾਂ ਇਹ ਅਕਤੂਬਰ 1988 ਵਿਚ ਲੰਡਨ ਵਿਚ ਦਿਖਾਈ ਗਈ ਸੀ ਅਤੇ ਉਸਤੋਂ ਇਕ ਹਫਤਾ ਬਾਅਦ ਅਸਟ੍ਰੇਲੀਆ ਵਿਚ ਚੈਨਲ 4 ਉੱਤੇ। ਲੰਡਨ ਦੇ ਸ਼ੋਅ ਸਮੇਂ ਸਾਰਾ ਹਾਲ ਭਰਿਆ ਹੋਇਆ ਸੀ ਅਤੇ ਫਿਲਮ ਮੁੱਕਣ ਤੋਂ ਬਾਅਦ 45 ਮਿਨਟਾਂ ਤੱਕ ਫਿਲਮ ਬਾਰੇ ਸਵਾਲ-ਜਵਾਬ ਹੁੰਦੇ ਰਹੇ। ਇਹ ਨਾ ਭੁੱਲਣ ਵਾਲਾ ਸੈਸ਼ਨ ਸੀ। ਇਸ ਨਾਲ ਫਿਲਮ ਬਾਰੇ ਲੰਡਨ ਦੀਆਂ ਅਖਬਾਰਾਂ ਵਿਚ ਕਾਫੀ ਵਧੀਆ ਚਰਚਾ ਹੋਇਆ। ਦੂਜੇ ਦੇਸ਼ਾਂ ਵਿਚ ਵੀ ਇਸ ਤਰ੍ਹਾਂ ਦਾ ਵਧੀਆ ਪ੍ਰਤੀਕਰਮ ਹੋਇਆ।

?: ਕਾਮਰੇਡਾਂ ਵਲੋਂ ਆਪਣੇ ਘਰਾਂ ਵਿਚ ਅਤੇ ਜਦੋਜਹਿਦ ਵਿਚ ਔਰਤਾਂ ਨਾਲ ਜੋ ਵਿਤਕਰਾ ਕੀਤਾ ਜਾਂਦਾ ਹੈ ਤੁਸੀਂ ਇਸ ਨੂੰ ਫਿਲਮ ਵਿਚ ਪੇਸ਼ ਕੀਤਾ ਹੈ ਇਸ ਬਾਰੇ ਏ.ਕੇ. ਰੋਇ ਅਤੇ ਦੂਜੇ ਮਰਦ ਕਾਮਰੇਡਾਂ ਦਾ ਕੀ ਪ੍ਰਤੀਕਰਮ ਸੀ?

-: ਇਹ ਬਹੁਤ ਹੀ ਦਿਲਚਸਪ ਸੀ। ਫਿਲਮ ਵਿਚ ਕਾਮਰੇਡ ਬਖਸ਼ੀ ਦਿਖਾਇਆ ਗਿਆ ਹੈ। ਉਹ ਸੀ.ਪੀ.ਐਮ. ਦਾ ਨੇਤਾ ਹੈ। ਪਹਿਲਾ ਉਹ ਆਕੇ ਮੈਨੂੰ ਕਹਿਣ ਲੱਗਾ, "ਤੂੰ ਇਸ ਤਰ੍ਹਾਂ ਕਿਵੇਂ ਕਰ ਸਕਦੀ ਹੈਂ?" ਪਰ ਦੂਜੀ ਸਵੇਰ ਉਹ ਬੜਾ ਸ਼ਾਂਤ ਜਿਹਾ ਆਪਣੀ ਬੀਵੀ ਦੇ ਨਾਲ ਆਇਆ ਅਤੇ ਕਹਿਣ ਲੱਗਾ, "ਮੈਂ ਆਪਣੀ ਬੀਵੀ ਨਾਲ ਇਸ ਬਾਰੇ ਗੱਲ ਕੀਤੀ ਹੈ ਅਤੇ ਹੁਣ ਮੈਂ ਇਸ ਨਤੀਜੇ ਉੱਪਰ ਪਹੁੰਚਿਆਂ ਹਾਂ ਕਿ ਤੂੰ ਇਹ ਬੜੀ ਸਿਆਣੀ ਗੱਲ ਕੀਤੀ ਹੈ। ਤੂੰ ਬਾਹਰੋਂ ਆਈ ਹੈ ਅਤੇ ਇਸ ਲਈ ਤੂੰ ਸਾਨੂੰ ਸਚਾਈ ਬਾਰੇ ਨਿਰਪੱਖ ਰਾਇ ਦੇ ਸਕਦੀ ਹੈਂ। ਅਸੀਂ ਸਦਾ ਸਚਾਈ ਨੂੰ ਡਕਾਨੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਹੁਣ ਅਚਾਨਕ ਹਜ਼ਾਰਾਂ ਲੋਕਾਂ ਦੀ ਹਾਜਰੀ ਵਿਚ ਤੂੰ ਸਚਾਈ ਸਾਡੇ ਸਾਹਮਣੇ ਲਿਆ ਰੱਖੀ ਹੈ। ਬੇਸ਼ਕ ਇਸ ਦਾ ਸਾਹਮਣਾ ਕਰਨ ਲੱਗਿਆਂ ਡਰ ਲਗਦਾ ਹੈ ਪਰ ਮੈਨੂੰ ਖੁਸ਼ੀ ਹੈ ਕਿ ਤੂੰ ਸਚਾਈ ਨਾਲ ਸਾਡਾ ਸਾਹਮਣਾ ਕਰਾਇਆ ਹੈ।" ਏ.ਕੇ. ਰੋਇ ਨੇ ਵੀ ਇਹੀ ਕਿਹਾ। ਮੈਂ ਉਸਨੂੰ ਕਿਹਾ ਕਿ ਤੂੰ ਫਿਲਮ ਦੇ ਵਿਚ ਨਹੀਂ ਹੈ ਅਤੇ ਫਿਲਮ ਵਿਚ ਜਦੋਜਹਿਦ ਦੀ ਅਤੇ ਨੇਤਾਵਾਂ ਦੀ ਆਲੋਚਨਾ ਹੈ। ਉਸਨੇ ਕਿਹਾ, "ਇਸੇ ਕਰਕੇ ਹੀ ਮੈਨੂੰ ਫਿਲਮ ਪਸੰਦ ਆਈ ਹੈ। ਅਸੀਂ ਸਦਾ ਹੀ ਮਜ਼ਦੂਰਾਂ ਦੇ ਬੁਲਾਰੇ ਬਣੇ ਰਹਿੰਦੇ ਹਾਂ। ਪਰ ਜਿਸ ਤਰ੍ਹਾਂ ਤੂੰ ਸਾਨੂੰ ਫਿਲਮ ਤੋਂ ਬਾਹਰ ਰੱਖਿਆ ਹੈ ਅਤੇ ਮਜ਼ਦੂਰਾਂ ਦੀ ਗੱਲ ਉਹਨਾ ਦੇ ਮੂੰਹੋਂ ਕਹਾਈ ਹੈ ਉਹ ਚੰਗੀ ਗੱਲ ਹੈ। ਅਸੀਂ ਗਲਤੀਆਂ ਕਰਦੇ ਹਾਂ ਅਤੇ ਜੇ ਕੋਈ ਸਾਨੂੰ ਸਾਡੀ ਗਲਤੀਆਂ ਦਾ ਅਹਿਸਾਸ ਹਾਂ-ਪੱਖੀ ਢੰਗ ਨਾਲ ਕਰਾਉਂਦਾ ਹੈ ਤਾਂ ਇਹ ਚੰਗੀ ਗੱਲ ਹੈ"।

?: ਤੁਸੀਂ ਫਿਲਮ ਨੂੰ ਲੋਕਾਂ ਵਿਚ ਦਿਖਾਉਣ ਲਈ ਆਪ ਲੈਕੇ ਗਏ ਹੋ। ਤੁਸੀਂ ਇਸ ਬਾਰੇ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ? ਇਕ ਫਿਲਮ ਮੇਕਰ ਨਾਤੇ ਕੀ ਤੁਸੀਂ ਇਸ ਵਿਚ ਲੱਗੇ ਸਮੇਂ ਨੂੰ ਸਾਰਥਕ ਸਮਝਦੇ ਹੋਂ ਜਾਂ ਤੁਸੀਂ ਇਸ ਤਰ੍ਹਾਂ ਮਹਿਸੂਸ ਕਰਦੇ ਹੋਂ ਕਿ ਇਹ ਜਿਹੜਾ ਵਕਤ ਤੁਸੀਂ ਫਿਲਮ ਨੂੰ ਥਾਂ ਥਾਂ ਲੈਕੇ ਜਾਣ ਤੇ ਲਾਇਆ ਹੈ ਇਸ ਨੂੰ ਅਗਲੀ ਫਿਲਮ ਬਣਾਉਣ ਵਿਚ ਲਾਉਣਾ ਚਾਹੀਦਾ ਸੀ?

:- ਜਦੋਂ ਮੈਂ ਹਿੰਦੁਸਤਾਨ ਵਿਚ ਸੀ ਉਸ ਸਮੇਂ ਮੈਂ ਇਸ ਨੂੰ ਇਕ ਭਾਰ ਸਮਝਦੀ ਸੀ ਅਤੇ ਇਸ ਤਰ੍ਹਾਂ ਦੀਆਂ ਜਿੰਮੇਵਾਰੀਆਂ ਲੈਣ ਲਈ ਆਪਣੇ ਆਪ ਨੂੰ ਕੋਸਦੀ ਸੀ। ਪਰ ਹੁਣ ਮੈਂ ਇਹਨਾ ਪੱਛਮੀ ਮੁਲਕਾਂ ਵਿਚ ਆਕੇ ਦੇਖਿਆ ਹੈ ਤਾਂ ਮੈਂ ਸਮਝਦੀ ਹਾਂ ਕਿ ਮੈਂ ਇਹ ਬਹੁਤ ਵਧੀਆ ਕੀਤਾ ਹੈ। ਜਦੋਂ ਮੈਂ ਫਿਲਮ ਲੋਕਾਂ ਵਿਚ ਦਿਖਾਉਣ ਲਈ ਲੈਕੇ ਜਾਂਦੀ ਹਾਂ ਤੇ ਜਦੋਂ ਫਿਲਮ ਦੇਖ ਕੇ ਲੋਕ 'ਰੀਐਕਟ' ਕਰਦੇ ਹਨ ਤਾਂ ਮੈਂ ਇਸ ਨੂੰ ਦੇਖ ਸਕਦੀ ਹਾਂ, ਜਾਣ ਸਕਦੀ ਹਾਂ। ਪਰ ਇਥੇ ਪੱਛਮ ਦੇ ਲੋਕਾਂ ਕੋਲ ਫਿਲਮ ਲੋਕਾਂ ਤੱਕ ਲੈ ਕੇ ਜਾਣ ਦਾ ਇਕ ਹੀ ਰਸਤਾ ਹੈ-ਟੀ.ਵੀ.। ਪਰ ਟੀ.ਵੀ. ਦੇਖਣ ਵਾਲੇ ਲੋਕਾਂ ਦਾ ਪ੍ਰਤੀਕਰਮ ਤੁਸੀਂ ਨਹੀਂ ਦੇਖ ਸਕਦੇ। ਤੁਸੀਂ ਉਹਨਾ ਨਾਲ ਗੱਲ ਨਹੀਂ ਕਰ ਸਕਦੇ। ਇਹਨਾਂ ਫਿਲਮ ਮੇਕਰਾਂ ਕੋਲ ਦੂਸਰਾ ਰਸਤਾ ਹੈ ਫਿਲਮ ਮੇਲਿਆਂ ਵਿਚ ਫਿਲਮ ਲੈਕੇ ਜਾਣਾ। ਪਰ ਫਿਲਮ ਮੇਲਿਆਂ ਵਿਚ ਬਹੁਤਾ ਕਰਕੇ ਦਰਸ਼ਕ ਜਾਂ ਤਾਂ ਫਿਲਮ ਮੇਕਰ ਖੁਦ ਹੁੰਦੇ ਹਨ ਜਾਂ ਮਿਡਲ ਕਲਾਸ ਦੇ ਲੋਕ। ਜਦੋਂ ਇਹਨਾਂ ਲੋਕਾਂ ਨਾਲ ਮੈਂ ਆਪਣੇ ਤਜਰਬਿਆਂ ਬਾਰੇ ਗੱਲ ਕਰਦੀ ਹਾਂ, ਉਡੇਸਾ ਮੂਵੀਜ਼ ਬਾਰੇ ਗੱਲ ਕਰਦੀ ਹਾਂ ਤਾਂ ਉਹ ਮੇਰੇ ਵੱਲ ਹੈਰਾਨੀ ਨਾਲ ਦੇਖਦੇ ਹਨ। ਕੱਲ ਇਕ ਸੈਮੀਨਾਰ ਵਿਚ ਮੈਂ ਇਹ ਗੱਲਾਂ ਦੱਸੀਆਂ। ਲੋਕਾਂ ਨੂੰ ਮੇਰੀਆਂ ਗੱਲਾਂ ਤੇ ਯਕੀਨ ਨਹੀਂ ਆ ਰਿਹਾ ਸੀ। ਉਹਨਾਂ ਲਈ ਇਹ ਗੱਲਾਂ ਇਕ ਸੁਫਨਾ ਹਨ ਇਕ ਵਿਜ਼ਨ (ਵਸਿੱਨਿ) ਹਨ। ਕੱਲ ਦੇ ਸੈਮੀਨਾਰ ਦਾ ਸਿਰਲੇਖ ਵੀ ਇਹ ਹੀ ਸੀ: "ਨਿਊ ਵਿਜ਼ਨ ਇਨ ਦੀ ਹਰਾਈਜ਼ਨ" (ਨੇੜ ਸਿੱਨਿ ਨਿ ਤਹੇ ੍ਹਰਡਿਨ)। ਪਰ ਮੇਰੇ ਲਈ ਇਹ ਇਕ ਸਚਾਈ ਹੈ ਅਤੇ ਉਹਨਾ ਲਈ ਇਕ ਵਿਜ਼ਨ। ਮੇਰੇ ਲਈ ਇਹ ਬੜੀ ਮਹੱਤਵ ਵਾਲੀ ਗੱਲ ਹੈ ਕਿ ਮੈਂ ਇਹ ਅਨੁਭਵ ਕੀਤਾ ਹੈ। ਹੁਣ ਮੈਂ ਪੱਕੀ ਤਰ੍ਹਾਂ ਕਾਇਲ ਹਾਂ ਕਿ ਮੈਨੂੰ ਇਹ ਰਸਤਾ ਅਪਣਾਉਣਾ ਚਾਹੀਦਾ ਹੈ; ਮੈਨੂੰ ਇਸ ਦਿਸ਼ਾ ਵਲ ਚਲਣਾ ਚਾਹੀਦਾ ਹੈ।

?: ਤੁਹਾਡੇ ਖਿਆਲ ਵਿਚ ਇਕ ਕਲਾਕਾਰ ਦਾ ਕੰਮ ਰਚਨਾ ਨੂੰ ਜਨਮ ਦੇਣਾ ਹੀ ਨਹੀਂ ਸਗੋਂ ਉਸਨੂੰ ਲੋਕਾਂ ਤੱਕ ਪਹੁੰਚਾਉਣਾ ਵੀ ਹੈ।

:-ਬਿਲਕੁਲ।

# ਪੁਸਤਕ ਪਰਿਚੈ

## ਲਾਵਾ (ਕਹਾਣੀ ਸੰਗ੍ਰਹਿ)

ਲੇਖਕ: ਤੇਜ ਸੈਂਧੂ ਸਮਾਧਵੀ

ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ;

ਪੰਨੇ:110; ਮੁੱਲ: 35 ਰੁਪਏ

ਤੇਜ ਸੈਂਧੂ ਸਮਾਧਵੀ ਦਾ 'ਲਾਵਾ' ਪਹਿਲਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਉਸਦੀਆਂ ਪਿਛਲੇ ਦਸ ਸਾਲ ਵਿਚ ਲਿਖੀਆਂ 16 ਕਹਾਣੀਆਂ ਸ਼ਾਮਲ ਹਨ। ਤੇਜ ਦੀਆਂ ਕਹਾਣੀਆਂ ਬਾਰੇ ਕਿਤੇ ਆਦਿਕਾ ਵਿਚ ਸੁਖਵੰਤ ਹੁੰਦਲ ਤੇ ਸਾਧੂ ਨੇ ਕਿਹਾ ਹੈ ਕਿ "ਤੇਜ ਸੈਂਧੂ ਦੀਆਂ ਕੁਝ ਕਹਾਣੀਆਂ ਨਿਰੋਲ ਕੈਨੇਡਾ ਦੇ ਜੀਵਨ ਨਾਲ, ਕੁਝ ਨਿਰੋਲ ਭਾਰਤ ਵਿਚਲੇ ਜੀਵਨ ਨਾਲ ਅਤੇ ਕੁਝ ਤਾਂ ਦੋਹਾਂ ਦੇਸ਼ਾਂ ਦਰਮਿਆਨ ਵਿਚਰਦੇ ਜੀਵਨ ਨਾਲ ਸਬੰਧਤ ਹਨ" ਠੀਕ ਹੀ ਜਾਪਦਾ ਹੈ।

ਕੈਨੇਡਾ ਦੇ ਜੀਵਨ ਨਾਲ ਸਬੰਧਤ ਕਹਾਣੀਆਂ ਜਿਵੇਂ 'ਜ਼ੈਲਦਾਰੀ' 'ਸੌਦਾ ਪੱਤਰ' 'ਮਜਬੂਰੀ' 'ਝੋਰਾ' 'ਕਮਰਾ ਨੰਬਰ ਦਸ' 'ਸ਼ਿਕਾਰ' 'ਆਵਾਜ਼' 'ਲਾਵਾ' 'ਕੰਮਪਿਊਟਰ' ਹਨ ਜਿਨ੍ਹਾਂ ਵਿਚ ਏਥੋਂ ਦੇ ਜੀਵਨ ਨਾਲ ਸਬੰਧਤ ਵਿਸ਼ੇ ਹਨ। ਤੇਜ ਸੈਂਧੂ ਕਿਉਂਕਿ ਕਿੱਤੇ ਵਜੋਂ ਆਪ ਲੱਕੜ ਦੀਆਂ ਮਿੱਲਾਂ ਨਾਲ ਸੰਬੰਧਤ ਹਨ, ਉਸਦੀਆਂ ਕਹਾਣੀਆਂ ਦੇ ਬਹੁਤੇ ਪਾਤਰ ਇਨ੍ਹਾਂ ਲੱਕੜ-ਮਿੱਲਾਂ ਦੇ ਕਾਮੇ ਹਨ। ਉਨ੍ਹਾਂ ਦੀ ਜ਼ਿੰਦਗੀ ਦੇ ਉਤਾਰ-ਚੜ੍ਹਾਅ ਉਨ੍ਹਾਂ ਪ੍ਰਵਾਰਾਂ ਦੀਆਂ ਅੰਦਰੂਨੀ ਵਿਰੋਧਤਾਈਆਂ, ਪ੍ਰਵਾਰਕ ਜੀਵਨ ਦੀਆਂ ਸਥਿਤੀਆਂ, ਉਨ੍ਹਾਂ ਦੇ ਸਭਿਆਚਾਰਕ ਖਲਾਅ ਤੇ ਧਾਰਮਿਕ ਸਲੀਕੇ, ਉਨ੍ਹਾਂ ਦੀਆਂ ਆਸ਼ਾਵਾਂ, ਦਿਲਗੀਰੀਆਂ, ਉਦਰੇਂਵੇ, ਸਮਾਜਕ, ਆਰਥਿਕ ਤੇ ਸਭਿਆਚਾਰਕ ਪ੍ਰਸਥਿਤੀਆਂ ਇਨ੍ਹਾਂ ਕਹਾਣੀਆਂ ਦੇ ਤਾਣੇ-ਪੇਟੇ ਵਿਚ ਸ਼ਾਮਲ ਹਨ।

ਭਾਰਤ ਵਿਚਲੇ ਜੀਵਨ ਨਾਲ ਸਬੰਧਤ ਕਹਾਣੀਆਂ 'ਆਵਦੀ ਲੀਹ', 'ਕਲਯੁੱਗ' 'ਮਾਨਸ ਕੀ ਜਾਤਿ, ਸਭੈ ਏਕੈ ਪਹਿਚਾਨਬੋ' 'ਭਾਪਾ' 'ਆਵਾਜ਼' ਵਿਚ ਤੇਜ ਸੈਂਧੂ ਇਕ ਕੈਨੇਡੀਅਨ ਵਜੋਂ ਉਥੇ ਦੀਆਂ ਸਮਾਜਕ ਹਾਲਤਾਂ, ਰਾਜਸੀ ਉਥਲ ਪੱਥਲ ਤੇ ਧਾਰਮਿਕ ਜਨੂੰਨ ਤੇ ਨਿਗਾਹ ਮਾਰਦਾ ਹੈ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਤੇ ਦਿੱਲੀ ਵਿਚ ਚੱਲੀ ਫਿਰਕੂ ਹਨੇਰੀ ਨੂੰ ਵੀ ਤੇਜ ਨੇ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ।

ਤੇਜ ਸੈਂਧੂ ਦੀਆਂ ਕਹਾਣੀਆਂ ਦੇ ਵਿਸ਼ਿਆ ਬਾਰੇ ਉਨਾਂ ਕਿੰਤੂ ਨਹੀਂ ਉਠਦਾ ਜਿੰਨਾਂ ਕਿੰਤੂ ਉਸ ਦੇ ਵਿਸ਼ਿਆਂ ਦੇ ਨਿਭਾਅ, ਪਾਤਰ-ਉਸਾਰੀ, ਵਾਰਤਾਲਾਪ, ਬੋਲੀ ਤੇ ਮੁੱਖ ਤੌਰ ਉੱਤੇ ਉਲੀਕੀਆਂ ਕਹਾਣੀਆਂ ਦੀ ਕਲਾਤਮਕਤਾ ਬਾਰੇ ਉਠਦਾ ਹੈ। ਨਿੱਕੀ ਕਹਾਣੀ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਸਦਾ ਪ੍ਰਭਾਵ ਬੱਝਵਾਂ ਹੋਵੇ। ਤੇਜ ਸੈਂਧੂ ਦੀਆਂ ਕਹਾਣੀਆਂ 'ਲਾਵਾ' ਤੇ 'ਭਾਪਾ' ਨੂੰ ਛੱਡ ਕੇ ਉਸਦੀਆਂ ਕਹਾਣੀਆ ਬੱਝਵਾਂ ਪ੍ਰਭਾਵ ਨਹੀਂ ਛੱਡਦੀਆਂ। ਉਸਦੇ ਪਾਤਰਾਂ ਦੇ ਵਾਰਤਾਲਾਪ ਤੇ ਬੋਲ ਮਲਵਈ ਉਪ-ਭਾਸ਼ਾ ਨਾਲ ਓਤ ਪੋਤ ਹਨ ਤੇ ਵਾਕ-ਬਣਤਰ ਵੀ ਦੋਸ਼-ਰਹਿਤ ਨਹੀਂ। ਉਹ ਕਹਾਣੀ ਦੇ ਬਿਰਤਾਂਤ ਵਿਚ ਤਾਂ ਜ਼ਰੂਰ ਜਾਂਦਾ ਹੈ ਪਰ ਪਾਤਰਾਂ ਦੀ ਮਨੋ-ਵਿਗਿਆਨਕ ਦਸ਼ਾ ਵਿਚ ਨਹੀਂ ਉਤਰਦਾ। ਏਸੇ ਕਾਰਨ ਉਸਦੀ ਸਿਰਜਨਾਤਮਕ ਸ਼ਕਤੀ ਪਾਤਰਾਂ ਨੂੰ ਮੂਰਤੀਮਾਨ ਕਰਨ ਵਿਚ ਅਸਫ਼ਲ ਰਹਿੰਦੀ ਹੈ।

ਤੇਜ ਦੀਆਂ ਕੁਝ ਕਹਾਣੀਆਂ ਦੇ ਪਾਤਰ ਸਜੀਵ ਲੱਗਦੇ ਹਨ ਜਿਵੇਂ 'ਲਾਵਾ' ਕਹਾਣੀ ਦਾ ਪਾਤਰ ਬੰਤਾ, 'ਭਾਪਾ' ਕਹਾਣੀ ਵਿਚ ਅਤਰ ਸਿੰਘ ਆਦਿ। 'ਸੌਦਾ ਪੱਤਰ' ਕਹਾਣੀ ਨਿਰਾ ਭਾਸ਼ਣ ਹੀ ਬਣ ਨਿਬੜਦੀ ਹੈ। 'ਲੀਡਰ' ਕਹਾਣੀ ਹੀ ਨਹੀਂ ਬਣਦੀ। 'ਇਜ਼ਤ' ਗੱਲ ਬਨਕੇ ਹੀ ਰਹਿ ਜਾਂਦੀ ਹੈ।

ਉਪ੍ਰੋਕਤ ਚਰਚਾ ਤੋਂ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ ਤੇਜ ਸੈਂਧੂ ਕਹਾਣੀ ਲਿਖਣ ਤੋਂ ਅਸਮਰੱਥ ਹੈ ਸਗੋਂ ਤੇਜ ਸੈਂਧੂ ਲਈ ਇਹ ਜ਼ਰੂਰੀ ਹੈ ਕਿ ਉਹ ਵਿਸ਼ਿਆ ਦੀ ਚੋਣ ਦੇ ਨਾਲ ਨਾਲ ਕਹਾਣੀ ਦੇ ਕਲਾਤਮਕ ਪੱਖ ਵੱਲ ਅੱਗੇ ਲਈ ਉਚੇਚਾ ਧਿਆਨ ਦੇਵੇ। ਕੈਨੇਡਾ ਦੀ ਪੰਜਾਬੀ ਕਹਾਣੀ ਲਈ ਵਿਸ਼ਾ-ਪੱਖ ਤੋਂ ਬਹੁਤ ਮੋਕਲਾ ਹੈ ਪਰ ਕਹਾਣੀ ਦੀ ਕਲਾਤਮਕਤਾ ਵਿਸ਼ੇ ਤੋਂ ਕੁਰਬਾਨ ਨਹੀਂ ਕੀਤੀ ਜਾਣੀ ਚਾਹੀਦੀ।

'ਲਾਵਾ' ਕਹਾਣੀ ਸੰਗ੍ਰਹਿ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਨੇ ਬਹੁਤ ਰੀਝ ਨਾਲ ਛਾਪਿਆ ਹੈ। ਕੈਨੇਡਾ ਦੀ ਪੰਜਾਬੀ ਕਹਾਣੀ ਵਿਚ ਤੇਜ ਸੈਂਧੂ ਦੇ ਪੁਸਤਕ-ਰੂਪ ਵਿਚ ਛਪਣ ਨੂੰ 'ਜੀਅ ਆਇਆਂ' ਕਿਹਾ ਜਾਣਾ ਚਾਹੀਦਾ ਹੈ।

## ਸਮੁੰਦਰੋਂ ਪਾਰ (ਨਾਵਲ)

ਲੇਖਕਾ: ਅਵਨਿੰਦਰ ਬੜੈਚ

ਪੰਨੇ: 151; ਮੁੱਲ: $5.95

ਪੰਜਾਬੀ ਲੇਖਕਾ ਅਵਨਿੰਦਰ ਬੜੈਚ ਦਾ ਇਹ ਪਹਿਲਾ ਨਾਵਲ ਹੈ। ਪਹਿਲਾ ਨਾਵਲ ਹੋਣ ਦੇ ਬਾਵਜੂਦ ਅਵਨਿੰਦਰ ਕਹਾਣੀ ਵਿਚ ਉਤਸੁਕਤਾ ਪੈਦਾ ਰੱਖ ਸਕਣ ਦੇ ਸਮਰੱਥ ਰਹੀ ਹੈ। ਇਕਹਿਰੀ ਸੋਚ ਕਾਰਨ ਕਹਾਣੀ ਅਸਲ ਵਿਚ ਇਕੋ ਪ੍ਰਵਾਰ ਦੇ ਆਲੇ ਦੁਆਲੇ ਘੁੰਮਦੀ ਹੈ।

ਗੁਰਬਚਨ ਸਿੰਘ ਕੈਨੇਡਾ ਤੋਂ ਆਪਣੇ ਪੁੱਤਰ ਹਰਜੀਤ ਦੀ ਸ਼ਾਦੀ ਕਰਨ ਲਈ ਭਾਰਤ ਜਾਂਦਾ ਹੈ। ਆਪਣੇ ਚੰਗੇ ਰੱਜੇ ਪੁੱਜੇ ਦੋਸਤ ਸੁਰਿੰਦਰ ਸਿੰਘ ਦੀ ਲੜਕੀ ਅੰਨੂ, ਪਿਉ ਪੁੱਤ ਦੋਵਾਂ ਨੂੰ ਪਸੰਦ ਆ ਜਾਂਦੀ ਹੈ। ਕੋਰਟ ਮੈਰਿਜ ਹੋ ਜਾਂਦੀ ਹੈ। ਕੋਰਟ ਮੈਰਿਜ ਦਾ ਕਾਰਨ ਕੈਨੇਡਾ ਵਿਚ ਬੈਠੀ ਮਾਂ ਦਲਜੀਤ ਕੋਰ ਹੈ ਜੋ ਵਿਆਹ ਉਤੇ ਭਾਰਤ ਜਾਣ ਲਈ ਤਿਆਰ ਨਹੀਂ ਹੁੰਦੀ ਕਿਉਂਕਿ ਉਹ ਹਰਜੀਤ ਦਾ ਰਿਸ਼ਤਾ ਆਪਣੀ ਸਹੇਲੀ ਗੁਰਦੇਵ ਕੋਰ ਦੀ ਭਤੀਜੀ ਨਾਲ ਕਰਾਉਣਾ ਚਾਹੁੰਦੀ ਹੈ। ਅੰਨੂ ਦਾ ਰੰਗ ਗੋਰਾ ਨਾ ਹੋਣਾ ਉਸ ਅਨੁਸਾਰ ਭਾਰੀ ਕਮੀ ਹੈ। ਪਰ ਹਰਜੀਤ ਦੀਆਂ ਭੈਣਾਂ ਸਤਵਿੰਦਰ ਤੇ ਤੇਜ਼ੀ ਨੂੰ ਅੰਨੂ ਪਸੰਦ ਹੈ।

ਅੰਨੂ ਦੇ ਕੈਨੇਡਾ ਪਹੁੰਚਣ ਉਤੇ ਸੱਸ ਸਹੁਰੇ ਦਾ ਬੇਰੀ ਦੇ ਖੇਤਾਂ ਵਿਚ ਕੰਮ ਕਰਨਾ ਉਨ੍ਹਾਂ ਨੂੰ ਚੰਗਾ ਨਹੀਂ ਲਗਦਾ। ਹੋਲੀ ਹੋਲੀ ਸੱਸ ਤੇ ਨੂੰਹ ਵਿਚਕਾਰ ਨਿਗੁਣੀਆਂ ਗਲਾਂ ਤੇ ਤਕਰਾਰ ਸ਼ੁਰੂ ਹੋ ਜਾਂਦਾ ਹੈ ਜੋ ਆਖ਼ਰ ਚਾਰ ਸਾਲ ਪਿਛੋਂ ਅੰਨੂ ਦੇ ਬੱਚਾ ਨਾ ਹੋਣ ਕਾਰਨ ਗੰਭੀਰ ਰੂਪ ਇਖਤਿਆਰ ਕਰ ਜਾਂਦਾ ਹੈ ਤੇ ਅੰਨੂ ਦੇ ਕੁਟਾਪੇ ਤੱਕ ਨੌਬਤ ਪੁੱਜਦੀ ਹੈ। ਦਲਜੀਤ ਕੋਰ ਹਰਜੀਤ ਦਾ ਦੂਜਾ ਵਿਆਹ ਕਰਨ ਲਈ ਤਿਆਰ ਹੋ

ਹੋ ਜਾਂਦੀ ਹੈ। ਹਰਜੀਤ ਦਾ ਵੀ ਐਨੂ ਤੋਂ ਦਿਲ ਅੱਕ ਜਾਂਦਾ ਹੈ ਪਰ ਸਤਵਿੰਦਰ ਦਿਲ ਆਪਣੇ ਨੂੰ ਸੰਭਾਲ ਲੈਂਦੀ ਹੈ। ਆਖ਼ਰ ਡਾਕਟਰੀ ਇਲਾਜ ਨਾਲ ਐਨੂ ਦੇ ਪੁੱਤਰ ਜੰਮ ਪੈਂਦਾ ਹੈ ਤੇ ਖ਼ੁਸ਼ੀ 'ਚ ਕਹਾਣੀ ਖ਼ਤਮ ਹੋ ਜਾਂਦੀ ਹੈ।

ਬਹੁਤ ਹੀ ਸਰਲ ਤੇ ਸਿੱਧੀ ਘਰੇਲੂ ਕਹਾਣੀ ਹੈ। ਅਵਨਿੰਦਰ ਨੂੰ ਕਹਾਣੀ ਨੂੰ ਅੱਗੇ ਤੋਰਨ ਦਾ ਵਲ ਤਾਂ ਹੈ ਪਰ ਨਾ ਤਾਂ ਕਹਾਣੀ ਵਿਚ ਡੂੰਘਾਈ ਹੈ ਤੇ ਨਾ ਹੀ ਨਾਵਲ ਦਾ ਪਸਾਰ ਕੈਨੇਡਾ ਵਿਚਲੀਆਂ ਜਟਿਲ ਸਥਿਤੀਆਂ ਨਾਲ ਭਰਪੂਰ ਢੰਗ ਨਾਲ ਦੋ ਚਾਰ ਹੁੰਦਾ ਹੈ। ਪੂੰਜੀਵਾਦੀ ਸਮਾਜ ਦੀਆਂ ਦੁਸ਼ਵਾਰੀਆਂ ਦਾ ਵਰਨਣ ਅਲੋਪ ਹੈ। ਬੇਸ਼ਕ ਐਨੂ ਨੂੰ ਚੰਗੇ ਕੰਮ ਮਿਲਣ ਦਾ ਜ਼ਿਕਰ ਲੇਖਕਾ ਨੇ ਜ਼ਰੂਰ ਕੀਤਾ ਹੈ। ਪਾਤਰ-ਉਸਾਰੀ ਵਿਚ ਵੀ ਗੁਰਬਚਨ ਸਿੰਘ, ਸਤਵਿੰਦਰ, ਜਗਦੀਪ ਆਦਿ ਪਾਤਰ flat ਪਾਤਰ ਹੀ ਹਨ। ਦਲਜੀਤ ਕੋਰ ਤੇ ਗੁਰਦੇਵ ਕੋਰ ਦੇ ਪਾਤਰਾਂ ਵਿਚ ਕੁਝ ਕੁ ਤਾਲ ਨਜ਼ਰ ਆਉਂਦਾ ਹੈ। ਡੇਜ਼ੀ ਦਾ ਪਾਤਰ ਵੀ ਕੁਝ ਜਾਨਦਾਰ ਹੈ ਪਰ ਬਾਕੀ ਦੇ ਪਾਤਰਾਂ ਦੀ ਉਸਾਰੀ ਬਹੁਤ ਢਿਲੀ ਹੈ। ਆਲੇ ਦੁਆਲੇ ਤੋਂ ਨਾਵਲ ਬਿਲਕੁਲ ਅਭਿੱਜ ਹੈ। ਕੈਨੇਡਾ ਦੇ ਜੀਵਨ ਦੀ ਜਟਿਲਤਾ ਨੂੰ ਪਕੜਨ ਵਿਚ ਲੇਖਕਾ ਅਸਮਰੱਥ ਨਜ਼ਰ ਆਉਂਦੀ ਹੈ। ਐਨੂ ਦੇ ਬੱਚੇ ਦਾ ਹੋਣਾ ਹੀ climatic situation ਨੂੰ ਪਚਾਉਂਦਾ ਹੈ ਜਦ ਕਿ ਡੇਜ਼ੀ ਵਰਗੀਆਂ ਦੂਜੀ ਪੀੜੀ ਦੀ ਕੁੜੀਆਂ ਜੋ ਕੈਨੇਡਾ ਵਿਚ ਪ੍ਰਵਾਸ ਕਰ ਰਹੀਆਂ ਹਨ - ਉਨ੍ਹਾਂ ਦੀ ਸਥਿਤੀ ਭਾਰਤ ਤੋਂ ਆਈਆਂ ਕੁੜੀਆਂ ਨਾਲੋਂ ਵੀ ਭਿਆਨਕ ਹੈ। ਮਾਪੇ ਇਨ੍ਹਾਂ ਕੁੜੀਆਂ ਨੂੰ ਕਿਵੇਂ ਭਾਰਤ ਦੇ ਮੁੰਡਿਆਂ ਨਾਲ ਨਰੜਦੇ ਹਨ - ਜੇ ਕਿਤੇ ਡੇਜ਼ੀ ਦਾ ਪਾਤਰ ਇਨ੍ਹਾਂ ਪੱਖੋਂ ਉਸਾਰਿਆ ਜਾਂਦਾ ਤਾਂ ਕਹਾਣੀ ਹੋਰ ਵੇ ਦਿਲਚਸਪ ਹੋ ਸਕਦੀ ਸੀ।

ਅਵਨਿੰਦਰ ਦਾ ਪਹਿਲਾ ਯਤਨ ਹੋਣ ਦੇ ਕਾਰਨ ਉਸਦੀ ਇਸ ਗਲੋਂ ਪ੍ਰਸ਼ੰਸਾਂ ਕਰਨੀ ਬਨਦੀ ਹੈ ਕਿ ਉਸਨੇ ਘਟੋ ਘੱਟ ਅਜਿਹਾ ਯਤਨ ਤਾਂ ਕੀਤਾ ਹੈ। ਸ਼ਾਇਦ ਆਪਣੇ ਅੱਗੇ ਆਉਣ ਵਾਲੇ ਨਾਵਲਾਂ ਵਿਚ ਉਹ ਸਾਨੂੰ ਸਫ਼ਲ ਨਾਵਲ ਦੇ ਸਕੇ। ਦੂਜੇ ਅਵਨਿੰਦਰ ਦਾ ਇਹ ਯਤਨ ਇਸ ਲਈ ਵੀ ਸ਼ਲਾਘਾਯੋਗ ਹੈ ਕਿ ਕੈਨੇਡਾ ਵਿਚ ਕਵਿਤਾ ਤੇ ਕਹਾਣੀ ਕਾਫ਼ੀ ਲਿਖੀ ਜਾਂਦੀ ਹੈ ਪਰ ਨਾਵਲ ਉਤੇ ਹੱਥ ਕੇਸਰ ਸਿੰਘ ਤੋਂ ਬਿਨਾਂ ਕਿਸੇ ਨੇ ਨਹੀਂ ਅਜ਼ਮਾਇਆ ਸੀ। ਇਸ ਲਈ ਅਵਨਿੰਦਰ ਵਧਾਈ ਦਾ ਪਾਤਰ ਹੈ। ਇਕ ਗੱਲੋਂ ਹੋਰ ਵੀ ਕਰੇਡਿਟ ਅਵਨਿੰਦਰ ਨੂੰ ਜਾਂਦਾ ਹੈ ਕਿ ਇਸ ਤਰ੍ਹਾਂ - ਲੇਖਕਾ ਵਜੋ ਉਸਦੀ ਇਸ ਯਤਨ ਦੀ ਭਰਪੂਰ ਪ੍ਰਸ਼ੰਸਾਂ ਕਰਨੀ ਵੀ ਬਨਦੀ ਹੈ। ਨਾਵਲ ਸਾਧਾਰਨ ਪਾਠਕ ਲਈ ਬਹੁਤ ਦਿਲਚਸਪ ਹੈ।

ਦਰਸ਼ਨ ਗਿੱਲ




**Shan Drapery Ltd.**




ਘਰ ਨੂੰ ਵਧੀਆ ਪਰਦਿਆਂ ਨਾਲ ਸ਼ਿੰਗਾਰਨ ਲਈ ਸਾਡੀਆਂ ਸੇਵਾਵਾਂ ਦਾ ਲਾਭ ਉਠਾਉ। ਪਰਦਿਆਂ ਸਬੰਧੀ ਸਾਡਾ ਡੂੰਘਾ ਤੇ ਲੰਮਾ ਤਜ਼ਰਬਾ ਹੈ। -ਸੁੱਚਾ ਸਿੰਘ ਕਲੇਰ

*CUSTOM DRAPERIES
*DRAPERY FABRICS
*DRAPERY HARDWARE
*VERTICAL BLINDS
*VENETIAN BLINDS
*MICRO BLINDS
*FREE ESTIMATE

**6543 - Main Street (Punjabi Market)**
**Vancouver, B.C. V5X 3H1**
***Call Sucha Singh Claire***
**321-1955**

**Contact YOur Friendly Realtor**



**Karmjit S. Ghuman**

**Buying/Selling** ***Home**
***Lots**

***Acreage** ***Commercial**
List your home with me and it will be displayed on the **Real Estate Channel** **Lakeview Realty Ltd.** 7909 Scott Rd.,
Delta, B.C., V4C 6P6
**Ph: 590-3231 Fax: 590-0633**
**Res:596-7965**

# ਸਰਗਰਮੀਆਂ

**ਰਿਚਮੰਡ, 17 ਫਰਵਰੀ 1990** - ਪਾਰ (PAAR - Punjabi Artists Association Richmond) ਵਲੋਂ ਆਪਣੀ ਛੋਟੇ ਬੱਚਿਆਂ ਦੀ ਤੰਗੜੇ ਦੀ ਟੀਮ ਦਾ ਸਨਮਾਨ ਕਰਨ ਲਈ ਇਕ ਸਮਾਗਮ ਕੀਤਾ ਗਿਆ। ਇਸ ਟੀਮ ਵਿਚ ਪੰਜ ਸਾਲ ਦੀ ਉਮਰ ਤੋਂ ਲੈ ਕੇ ਦਸ ਸਾਲ ਦੀ ਉਮਰ ਤੱਕ ਬੱਚੇ ਸ਼ਾਮਲ ਹਨ। ਪਾਰ ਦੀ ਇਸ ਟੀਮ ਦੇ ਬੱਚਿਆਂ ਨੇ ਵੈਨਕੂਵਰ ਤੇ ਆਸ ਪਾਸ ਦੇ ਕਿੰਨੇ ਹੀ ਪ੍ਰੋਗਰਾਮਾਂ ਤੇ ਆਪਣੇ ਲੋਕ ਨਾਚ ਨਾਲ ਹਰ ਉਮਰ ਤੇ ਹਰ ਕੌਮ ਦੇ ਸ੍ਰੋਤਿਆਂ ਨੂੰ ਖੁਸ਼ ਤੇ ਹੈਰਾਨ ਕੀਤਾ ਹੈ।

ਇਹਨਾਂ ਬੱਚਿਆ ਦੇ ਉਤਸ਼ਾਹ ਨੂੰ ਕਾਇਮ ਰੱਖਣ ਲਈ ਬੱਚਿਆਂ ਨੂੰ ਪਾਰ ਦੇ ਸੰਚਾਲਕਾਂ ਵਲੋਂ ਉਹਨਾਂ ਦੀਆਂ ਤੰਗੜੇ ਦੀਆਂ ਵੱਡੇ ਸਾਈਜ਼ ਦੀਆਂ ਤਸਵੀਰਾਂ ਬਣਵਾ ਕੇ ਪੇਸ਼ ਕੀਤੀਆਂ। ਤੇ ਇਹ ਤਸਵੀਰਾਂ ਹਰ ਬੱਚੇ ਦੇ ਮਾਂ ਪਿਓ ਨੇ ਆਪ ਆਪਣੇ ਬੱਚੇ ਨੂੰ ਭੇਂਟ ਕੀਤੀ। ਇਸ ਨਾਲ ਬੱਚਿਆਂ ਤੇ ਮਾਪਿਆਂ ਵਿਚਕਾਰ ਸਭਿਆਚਾਰਕ ਪੱਖੋਂ ਨੇੜਤਾ ਦਾ ਅਹਿਸਾਸ ਵਧਿਆ - ਆਪਣੇ ਮਾਪਿਆਂ ਨੂੰ ਆਪਣੀਆਂ ਸਰਗਰਮੀਆਂ ਵਿਚ ਸ਼ਰੀਕ ਹੁੰਦਿਆਂ ਦੇਖ ਬੱਚਿਆਂ ਨੂੰ ਸਭਿਆਚਾਰਕ ਕੰਮ ਕਰਨ ਦਾ ਹੌਂਸਲਾ ਮਿਲਿਆ। ਬੱਚਿਆਂ ਦੀ ਟੀਮ ਨੂੰ ਤਿਆਰ ਕਰਨ ਤੇ ਲੋਕਾਂ ਵਿਚ ਪੇਸ਼ ਕਰਨ ਲਈ ਪਾਰ ਦੇ ਮੈਂਬਰ ਪਾਲ ਬਿਨਿੰਗ ਵਧਾਈ ਦੇ ਹੱਕਦਾਰ ਹਨ।(ਸਾਧੂ ਬਿਨਿੰਗ)

**ਵੈਨਕੂਵਰ,19 ਫਰਵਰੀ 1990**-ਵੈਨਕੂਵਰ ਸੱਥ ਨੂੰ ਵੈਨਕੂਵਰ ਸ਼ਹਿਰ ਦਾ 1990 ਦਾ "ਹੈਰੀਟੇਜ਼ ਐਵਾਰਡ" ਮਿਲਿਆ। ਵੈਨਕੂਵਰ ਸਿਟੀ ਵਲੋਂ ਹਰ ਸਾਲ ਇਹ ਐਵਾਰਡ ਉਨ੍ਹਾਂ ਲੋਕਾਂ ਅਤੇ ਸੰਸਥਾਵਾਂ ਨੂੰ ਦਿੱਤੇ ਜਾਂਦੇ ਹਨ ਜਿਨ੍ਹਾਂ ਦੇ ਕੰਮਾਂ ਨੇ ਵੈਨਕੂਵਰ ਸ਼ਹਿਰ ਦੇ ਵਿਰਸੇ ਦੇ ਸੰਭਾਲ ਕਰਨ ਦੇ ਕੰਮ ਵਿਚ ਹਿੱਸਾ ਪਾਇਆ ਹੋਵੇ। ਇਸ ਸਾਲ ਇਨਾਮ ਹਾਸਲ ਕਰਨ ਵਾਲੇ 12 ਜੇਤੂਆਂ ਵਿਚੋਂ ਵੈਨਕੂਵਰ ਸੱਥ ਇਕ ਸੀ।

ਇਹ ਇਨਾਮ ਵੈਨਕੂਵਰ ਸੱਥ ਨੂੰ ਕਾਮਾਗਾਟਾਮਾਰੂ ਦੇ ਸਬੰਧ ਵਿਚ ਤਿਆਰ ਕੀਤੀ ਪ੍ਰਦਰਸ਼ਨੀ-"ਕਾਮਾਗਾਟਾਮਾਰੂਃ ਤਸਵੀਰਾਂ ਦੀ ਜ਼ਬਾਨੀ"- ਲਈ ਦਿੱਤਾ ਗਿਆ। ਸੱਥ ਨੇ ਇਹ ਪ੍ਰਦਰਸ਼ਨੀ ਕੈਨੇਡਾ ਦੇ ਇਤਿਹਾਸ ਵਿਚ ਵਾਪਰੀ ਬਹੁਤ ਹੀ ਮਹੱਤਵਪੂਰਨ ਘਟਨਾ - ਕਾਮਾਗਾਟਾਮਾਰੂ ਦੀ ਘਟਨਾ- ਦੀ 75ਵੀਂ ਬਰਸੀ ਦੀ ਯਾਦ ਮਨਾਉਣ ਦੇ ਸਬੰਧ ਵਿਚ ਤਿਆਰ ਕੀਤੀ ਸੀ। ਜਿੱਥੇ ਇਹ ਪ੍ਰਦਰਸ਼ਨੀ ਕਾਮਾਗਾਟਾਮਾਰੂ ਦੇ ਮੁਸਾਫਰਾਂ ਵੱਲੋਂ ਸਹੀਆਂ ਮੁਸ਼ਕਿਲਾਂ ਅਤੇ ਦੁੱਖਾਂ ਨੂੰ ਦਿਖਾਉਂਦੀ ਹੈ, ਉਸਦੇ ਨਾਲ ਹੀ ਇਹ ਪ੍ਰਦਰਸ਼ਨੀ ਉਨ੍ਹਾਂ ਲੋਕਾਂ ਵਲੋਂ ਬੇਇਨਸਾਫੀ ਵਿਰੁੱਧ ਲੜਨ ਦੇ ਹੌਂਸਲੇ ਨੂੰ ਵੀ ਰੂਪਮਾਨ ਕਰਦੀ ਹੈ। ਮਈ 1989 ਤੋਂ ਹੁਣ ਤੱਕ ਇਹ ਪ੍ਰਦਰਸ਼ਨੀ ਇਕੱਲੇ ਗਰੇਟਰ ਵੈਨਕੂਵਰ ਦੇ ਇਲਾਕੇ ਵਿਚ ਹੀ ਨਹੀਂ ਸਗੋਂ ਕੈਨੇਡਾ ਭਰ ਵਿਚ ਵੱਖ ਵੱਖ ਥਾਵਾਂ ਜਿਵੇਂ-ਵਿਨੀਪੈੱਗ, ਮੌਂਟਰੀਅਲ ਆਦਿ ਸ਼ਹਿਰਾਂ ਵਿਚ ਦਿਖਾਈ ਜਾ ਚੁੱਕੀ ਹੈ।

ਇਨਾਮ ਭੇਂਟ ਕਰਨ ਦੇ ਸਮਾਗਮ 'ਤੇ ਮੇਅਰ ਗੋਰਡਨ ਕੈਂਬਿਲ ਨੇ ਕਿਹਾ," ਇੰਡੋਕੇਨੇਡੀਅਨ ਕਮਿਊਨਟੀ ਦੇ ਇਤਿਹਾਸ ਬਾਰੇ ਚੇਤਨਾ ਪੈਦਾ ਕਰਨ ਦੇ ਆਸ਼ੇ ਨਾਲ ਵੈਨਕੂਵਰ ਸੱਥ ਨੇ ਇਤਿਹਾਸਕ ਤਸਵੀਰਾਂ ਅਤੇ ਪੁਰਾਣੀਆਂ ਲਿਖਤਾਂ ਦੇ ਆਧਾਰ ਤੇ ਇਹ ਪ੍ਰਦਰਸ਼ਨੀ ਤਿਆਰ ਕੀਤੀ ਹੈ। ਭਾਵੇਂ ਕਿ ਕਾਮਾਗਾਟਾਮਾਰੂ ਦੀ ਕਹਾਣੀ ਇਕ ਖੁਸ਼ੀ ਭਰੀ ਕਹਾਣੀ ਨਹੀਂ ਪਰ ਇਸ ਬਾਰੇ ਧਿਆਨ ਨਾਲ ਕੀਤੀ ਖੋਜ਼ ਅਤੇ ਪੇਸ਼ਕਾਰੀ ਸਹਿਣਸ਼ੀਲਤਾ ਦੇ ਮਹੱਤਵ ਨੂੰ ਯਾਦ ਕਰਨ ਵਿਚ ਇਕ ਮਹੱਤਵਪੂਰਨ ਚੇਤਾਉਣੀ ਹੈ। ਵੈਨਕੂਵਰ ਵਿਚ ਆ ਵਸੇ ਸੱਭਿਆਚਾਰਕ ਗਰੁੱਪਾਂ ਵਲੋਂ ਦਿੱਤੀ ਦੇਣ ਵੈਨਕੂਵਰ ਸ਼ਹਿਰ ਦੀ ਵਿਰਾਸਤ ਦਾ ਇਕ ਅਹਿਮ ਹਿੱਸਾ ਹੈ।"

ਅਸੀਂ ਵੈਨਕੂਵਰ ਸੱਥ ਵਿਚ ਇਹ ਮਹਿਸੂਸ ਕਰਦੇ ਹਾਂ ਕਿ ਇਹ ਇਨਾਮ ਵੈਨਕੂਵਰ ਸੱਥ ਵਲੋਂ ਕੀਤੇ ਕੰਮ ਦੇ ਨਾਲ ਨਾਲ ਸਾਡੇ ਇਤਿਹਾਸ ਦੀ ਇਕ ਬੇਇਨਸਾਫੀ ਭਰੀ ਅਤੇ ਦੁਖਾਂਤਮਕ ਘਟਨਾ ਦੀ ਵੈਨਕੂਵਰ ਸਿਟੀ ਵਲੋਂ ਕੀਤੀ ਸਵੀਕ੍ਰਿਤੀ ਵੀ ਹੈ।(ਵੈਨਕੂਵਰ ਸੱਥ)

**ਟਰਾਂਟੋ, 24 ਮਾਰਚ, 1990**-ਕੈਨੇਡਾ ਦੇ ਪ੍ਰਮੁੱਖ ਸ਼ਹਿਰ ਟਰਾਂਟੋ ਅਤੇ ਇਸਦੇ ਆਸ ਪਾਸ, ਪੰਜਾਬੀਆਂ ਦੀ ਭਾਰੀ ਗਿਣਤੀ ਵਸਦੀ ਹੈ। ਪੰਜਾਬੀ ਲੋਕ ਕੰਮਾਂ ਕਾਰਾਂ ਅਤੇ ਵਿਉਪਾਰ ਪੱਖੋਂ ਏਥੇ ਵੀ ਪੂਰੀ ਤਰ੍ਹਾਂ ਕਾਮਯਾਬ ਹਨ। ਪਰ ਬਦਕਿਸਮਤੀ ਨਾਲ, ਬਦੇਸ਼ੀ ਪੰਜਾਬੀ ਅਪਣੀ ਜ਼ਬਾਨ, ਸਾਹਿਤ, ਅਤੇ ਕਲਾ ਵਲ ਬੇਧਿਆਨੇ ਹੀ ਹਨ। ਫਿਰ ਵੀ ਇਹ ਬੜੀ ਹੌਸਲੇਅਫਜ਼ਾਈ ਵਾਲੀ ਗੱਲ ਹੈ ਕਿ 24 ਮਾਰਚ ਨੂੰ ਸੱਠ ਦੇ ਕਰੀਬ ਸਾਹਿਤ-ਪਰੇਮੀ, ਮਾਲਟਨ ਕਸਬੇ ਦੇ ਕਮਿਊਨਿਟੀ ਹਾਲ ਵਿਚ, ਪਾਸ਼ ਦੀ ਯਾਦ ਵਿਚ ਇਕੱਠੇ ਹੋਏ। ਇਸ ਸਮਾਗਮ ਦੀ ਪਰਧਾਨਗੀ, ਜਾਣੇ ਪਹਿਚਾਣੇ ਪੰਜਾਬੀ ਵਿਦਵਾਨ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਨੇ ਕੀਤੀ।

ਪ੍ਰੋਗਰਾਮ ਦੇ ਆਰੰਭ ਵਿਚ, ਇਕਬਾਲ ਰਾਮੂਵਾਲੀਆ ਨੇ ਪਾਸ਼ ਦੀਆਂ ਸਾਹਿਤਿਕ ਪ੍ਰਾਪਤੀਆਂ ਦਾ ਸੰਖੇਪ ਵੇਰਵਾ ਦਿਤਾ ਅਤੇ ਪਾਸ਼ ਦੀਆਂ ਤਿੰਨ ਬਹੁਚਰਚਿਤ ਨਜ਼ਮਾਂ ਪੜ੍ਹਕੇ ਸੁਣਾਈਆਂ। ਇਸ ਤੋਂ ਬਾਅਦ ਸ਼ਾਇਰੀ ਦੇ ਦੌਰ ਵਿਚ ਕਵੀ ਪ੍ਰੀਤਮ ਸਿੰਘ ਧੰਜਲ, ਬਲਦੇਵ ਮੁੱਤਾ, ਅਤੇ ਇਕਬਾਲ ਰਾਮੂਵਾਲੀਆ ਨੇ ਅਪਣੀਆਂ ਨਜ਼ਮਾ ਪੇਸ਼ ਕੀਤੀਆਂ। ਪਾਸ਼ ਦੇ ਇਕ ਪਰਸ਼ੰਸਕ ਸ਼ੌਕੀ ਨੇ ਪਾਸ਼ ਦੀ ਨਜ਼ਮ 'ਪ੍ਰਤੀਬਧਤਾ' ਪੜ੍ਹਕੇ ਸੁਣਾਈ।

ਪ੍ਰੋਗਰਾਮ ਦੇ ਅਖੀਰ ਵਿਚ ਨਵਤੇਜ ਭਾਰਤੀ ਨੇ ਪੰਜਾਬ ਵਿਚ ਗੋਲੀਆਂ ਅਤੇ ਬੰਦੂਕਾਂ ਦੇ ਸਹਿਮ ਵਿਚ ਸੁੰਗੜ ਰਹੀ ਮਨੁੱਖੀ ਜੁਰਅਤ ਬਾਰੇ ਭਾਵਪੂਰਕ ਪਰਚਾ ਪੜ੍ਹਿਆ ਜਿਸ ਉਤੇ ਬਹਿਸ ਦੌਰਾਨ ਦੀਪ ਸਿੰਘ, ਜਗਦੇਵ ਨਿਜਰ, ਰਣਜੀਤ ਵਿਰਦੀ, ਰਛਪਾਲ ਰਾਮੂਵਾਲੀਆ, ਪ੍ਰਿੰਸੀਪਲ ਅਜੀਤ ਸਿੰਘ ਜੋਹਲ, ਅਤੇ ਝਲਮਣ ਸਿੰਘ ਗੋਸਲ ਆਦਿਕ ਨੇ ਸਰਕਾਰੀ ਅਤੇ ਗ਼ੈਰ ਸਰਕਾਰੀ ਦਮਨ ਦੀ ਨਿੰਦਿਆ ਕੀਤੀ। ਬਹਿਸ ਵਿਚੋਂ ਇਹ ਵਿਚਾਰ ਉਤਰਿਆ ਕਿ ਕਤਲਾਂ ਦੀ ਸਿਆਸਤ ਅਜ ਦੇ ਯੁਗ ਵਿਚ ਨਾ ਤਾਂ ਪਰਵਾਨ ਹੀ ਹੋ ਸਕਦੀ ਹੈ ਤੇ ਨਾ ਹੀ ਮਸਲੇ ਹਲ ਕਰ ਸਕਦੀ ਹੈ। ਪ੍ਰਧਾਨਗੀ ਭਾਸ਼ਣ ਵਿਚ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਨੇ ਪਾਸ਼ ਦੀ ਕਵਿਤਾ ਦੀ ਪੁਖਤਗੀ, ਨਵੀਨਤਾ, ਅਤੇ ਭਾਵਪੂਰਤਾ ਬਾਰੇ ਵਿਖਿਆਨ ਦਿੱਤਾ। (ਇਕਬਾਲ ਰਾਮੂਵਾਲੀਆ)

**ਰਿਚਮੰਡ, 25 ਮਾਰਚ, 1990**- ਵੈਨਕੂਵਰ ਸੱਥ ਅਤੇ ਪੰਜਾਬੀ ਆਰਟਿਸਟ ਐਸੋਸੀਏਸ਼ਨ ਵਲੋਂ 23 ਮਾਰਚ ਦੇ ਸ਼ਹੀਦਾਂ ਦਾ ਯਾਦ-ਦਿਵਸ ਮਨਾਇਆ ਗਿਆ। ਇਸ ਸਮਾਗਮ ਵਿਚ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ, ਪਾਸ਼ ਅਤੇ ਹੋਰ ਸ਼ਹੀਦਾਂ ਨੂੰ ਯਾਦ ਕੀਤਾ

ਗਿਆ। ਵੈਨਕੂਵਰ ਸੱਥ ਦੇ ਸੁਖਵੰਤ ਹੁੰਦਲ, ਅਜਮੇਰ ਰੋਡੇ, ਹਰਮਿੰਦਰ ਸੰਘੇੜਾ, ਪਾਸ਼ ਮੈਮੋਰੀਅਲ ਟਰਸਟ ਦੇ ਸੁਰਿੰਦਰ ਧੰਜਲ, ਸੋਹਣ ਸੁਰਿੰਦਰ ਸੰਘਾ, ਅੰਜੂ ਹੁੰਦਲ, ਅਤੇ ਸੋਹਣ ਪੂੰਨੀ ਨੇ ਆਪਣੇ ਵਿਚਾਰ ਪ੍ਰਗਟਾਏ। ਮੰਗਾ ਬਾਸੀ, ਦਰਸ਼ਨ ਗਿੱਲ, ਅਮਰ ਸਿੰਘ ਬੈਨੀਪਾਲ ਅਤੇ ਅਮਨਪਾਲ ਸਾਰਾ ਨੇ ਕਵਿਤਾਵਾਂ ਪੜ੍ਹੀਆਂ। ਬਲਵਿੰਦਰ ਰੋਡੇ, ਪਾਲ ਬਿਨਿੰਗ ਅਤੇ ਕੈਲਾਫੋਰਨੀਆਂ ਤੋਂ ਆਏ ਜੁਗਿੰਦਰ ਰੰਧਾਵਾ ਨੇ ਗੀਤ ਸੁਣਾਏ।

ਪ੍ਰੋਗਰਾਮ ਵਿਚ ਬੋਲਣ ਵਾਲਿਆਂ 23 ਮਾਰਚ ਦੀ ਮਹੱਤਤਾ ਬਾਰੇ ਆਪਣੇ ਆਪਣੇ ਵਿਚਾਰ ਪ੍ਰਗਟਾਏ। 23 ਮਾਰਚ ਦੇ ਸ਼ਹੀਦਾਂ ਸਮਾਜ ਵਿਚ ਬੇਇਨਸਾਫੀ ਖਤਮ ਕਰਨ ਲਈ ਕਮਿਊਨਿਜ਼ਮ ਦੀ ਵਿਚਾਰ ਧਾਰਾ ਨੂੰ ਆਪਣਾਇਆ ਸੀ। ਅੰਤਰਰਾਸ਼ਟਰੀ ਪੱਧਰ ਤੇ ਖਾਸ ਕਰਕੇ ਕਮਿਊਨਿਸਟ ਦੇਸ਼ਾਂ ਅੰਦਰ ਵਾਪਰੀਆਂ ਘਟਨਾਵਾਂ ਨੂੰ ਦੇਖਦਿਆਂ ਹੋਇਆਂ ਇਸ ਵਿਚਾਰ ਵਟਾਂਦਰੇ ਦਾ ਕੇਂਦਰੀ ਸੁਆਲ ਇਹ ਬਣਿਆ ਕਿ ਕੀ ਅੱਜ ਵੀ ਇਨ੍ਹਾਂ ਸ਼ਹੀਦਾਂ ਦੀ ਸ਼ਹੀਦੀ ਦੀ ਉਤਨੀ ਹੀ ਮਹੱਤਤਾ ਹੈ ਜਿੰਨੀ ਅੱਜ ਤੋਂ ਇਕ ਜਾਂ ਦੋ ਵਰ੍ਹੇ ਪਹਿਲਾਂ ਸੀ। ਇਸ ਸੁਆਲ ਬਾਰੇ ਬੁਲਾਰਿਆਂ ਨੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਆਪਣੇ ਵਿਚਾਰ ਪ੍ਰਗਟਾਏ। ਇਸ ਸਾਰੀ ਗੱਲਬਾਤ ਵਿਚੋਂ ਇਕ ਗੱਲ ਉੱਭਰ ਕੇ ਸਾਹਮਣੇ ਆਈ ਕਿ ਅੱਜ ਵੀ ਦੁਨੀਆਂ ਭਰ ਵਿਚ ਉਸ ਹੀ ਤਰ੍ਹਾਂ ਦੀਆਂ ਹੀ ਬੇਇਨਸਾਫੀ ਅਤੇ ਨਾਬਰਾਬਰਤਾ ਵਾਲੀਆਂ ਹਾਲਤਾਂ ਹਨ ਜਿਨ੍ਹਾਂ ਵਿਰੁੱਧ ਇਨ੍ਹਾਂ ਸ਼ਹੀਦਾਂ ਨੇ ਸੰਘਰਸ਼ ਕੀਤਾ ਸੀ ਇਸ ਲਈ ਉਨ੍ਹਾਂ ਦੀ ਕੁਰਬਾਨੀ ਦੀ ਮਹੱਤਤਾ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ।

ਪ੍ਰੋਗਰਾਮ ਦੇ ਅਖੀਰ ਵਿਚ ਜੁਗਿੰਦਰ ਰੰਧਾਵਾ ਵਲੋਂ ਸੰਤ ਰਾਮ ਉਦਾਸੀ ਦਾ ਗੀਤ ਸ਼ਹੀਦ ਦਾ ਲੋਕਾਂ ਦੇ ਨਾਂ ਸੁਨੇਹਾ- ਮੇਰੀ ਲੋਥ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਉ/ ਆਪਣੇ ਅੱਖਾਂ ਦੇ ਰੋਹ ਨੂੰ, ਹੰਝੂਆਂ 'ਚ ਨਾ ਗਵਾਇਉ- ਨੇ ਸ੍ਰੋਤਿਆਂ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ। (ਸੁਖਵੰਤ ਹੁੰਦਲ)

# ਪਿੰਜਰੇ ਦੇ ਪੰਛੀ

## ਦਰਸ਼ਨ ਗਿੱਲ

**ਬੰਦ ਪਿੰਜਰੇ ਦੇ ਪੰਛੀ, ਕੀ ਉਡਾਣਾਂ ਭਰਨਗੇ?
ਲਹੂ ਦੇ ਹੰਝੂ ਰੋਣਗੇ, ਖ਼ੁਦ ਨੂੰ ਹੀ ਜ਼ਖਮੀ ਕਰਨਗੇ।
ਜਿਹੜੀ ਧਰਤ ਨਾ ਦੇ ਸਕੇ, ਸਕੂਨ ਆਪਣੇ ਬਸ਼ਰ ਨੂੰ,
ਪ੍ਰਦੇਸਾਂ ਵਿਚ ਰੁਲਣਗੇ, ਹਿੱਕਾਂ ਤੇ ਛਾਲੇ ਜਰਨਗੇ।
ਮੌਤ ਸਾਡੀ ਬਾਅਦ ਵੀ, ਇਹ ਮਰਸੀਆ ਹੀ ਪੜ੍ਹਨਗੇ
ਕਿਸ਼ਤੀਆਂ ਕਾਗਜ਼ ਦੀਆਂ, ਵਾਲੇ ਮਲਾਹ ਕੀ ਤਰਨਗੇ?
ਸੋਨੇ ਦੀਆਂ ਇੱਟਾਂ ਦੇ ਮਹਿਲਾਂ ਨੂੰ ਉਸਾਰਨ ਵਾਲਿਓ
ਵਾਰਸ ਤੁਹਾਡੇ ਇਹਨਾਂ ਲਈ, ਆਪੋ 'ਚ ਖਹਿਕੇ ਮਰਨਗੇ।
ਜਿਨ੍ਹਾਂ ਨੂੰ ਆਪਣੀ ਧਰਤ ਦਾ ਪਾਣੀ ਨਾ ਹੋਇਆ ਨਸੀਬ
ਕਬਰਾਂ 'ਚ ਬੈਠੇ ਰੋਣਗੇ, ਇਲਜ਼ਾਮ ਕਿਸ 'ਤੇ ਧਰਨਗੇ?**

# ਪੰਜਾਬ ਦੇ ਪਰਦੇਸੀ ਪੁੱਤਰ

## ਆਸ਼ਿਕ/ਲਾਹੌਰ

ਅਸੀਂ ਨਿਮਾਣੇ ਆਲ੍ਹਣਿਉ ਡਿਗੇ ਬੋਟ ਨੀ ਮਾਏ
ਕਿਸਰਾਂ ਪਰਤ ਕੇ ਆਈਏ
ਅਜੇ ਨਹੀਂ ਸਾਂ ਉਡਣ ਜੋਗੇ
ਪੰਡ ਗ਼ਮਾਂ ਦੀ ਚੁਕਣ ਜੋਗੇ
ਦੂਰ ਦੁਰਾਡੇ ਪੁਗਣ ਜੋਗੇ
ਜਾਣਾ ਪਿਆ ਜ਼ਰੂਰ ਅਸਾਨੂੰ
ਤਾਂ ਜੇ ਹਿਜਰ ਹੰਡਾਈਏ
ਅਸੀਂ ਨਿਮਾਣੇ
ਗ਼ੈਰਾਂ ਦੇ ਵਿਚ ਵਸਣਾ ਔਖਾ
ਸੱਜਣਾਂ ਦਾ ਲੜ ਛਡਣਾ ਔਖਾ
ਪਿਆਰ ਦਾ ਰਿਸ਼ਤਾ ਵਦਣਾ ਔਖਾ
ਦਿਲ ਦੀ ਵਸਤੀ ਉੱਜੜ ਗਈ ਏ
ਕਿਥੇ ਨਵੇਂ ਵਸਾਈਏ
ਅਸੀਂ ਨਿਮਾਣੇ
ਕੀ ਦੱਸੀਏ ਪਰਦੇਸਾਂ ਦੇ ਵਿਚ
ਕਿਸਰਾਂ ਰਾਤਾਂ ਲੰਘਣ
ਚਿਨਤਾ, ਫ਼ਿਕਰ ਅੰਦੇਸ਼ੇ ਹਰ ਦਮ
ਆਸੇ ਪਾਸੇ ਲੰਘਣ
ਦੋ ਪਲ ਵੀ ਖ਼ੁਸ਼ ਰਹਿਣ ਨ੍ਹੀਂ ਦੇਂਦੇ
ਅਪਣਾ ਹਿਸਾ ਮੰਗਣ
ਹਰ ਵੇਲੇ ਏਹ ਚੰਬੜੇ ਰਹਿੰਦੇ ਭਾਵੇਂ ਮਗਰੋਂ ਲਾਹੀਏ
ਅਸੀਂ ਨਿਮਾਣੇ
ਸਾਡੇ ਭਾਗ ਦੁਖਾਂ ਦਾ ਜਰਨਾ
ਸਧਰਾਂ, ਆਸਾਂ ਦੇ ਸੰਗ ਲੜਨਾ
ਅਪਣੀ ਅੱਗ ਵਿਚ ਆਪੇ ਸੜਨਾ
ਐਹ ਅਜ਼ਲੋਂ ਮਕਸੂਮ ਅਸਾਡਾ
ਕਿਉਂ ਫ਼ਿਰ ਜਾਨ ਛੁਡਾਈਏ
ਅਸੀਂ ਨਿਮਾਣੇ ਆਲ੍ਹਣਿਉਂ ਡਿਗੇ ਬੋਟ ਨੀ ਮਾਏ
ਕਾਹਨੂੰ ਪਰਤ ਕੇ ਆਈਏ।



# ...ਤੇ ਤੁਸੀਂ ਲਿਖਿਆ

**(ਅਸੀਂ ਇਸ ਵਾਰ ਆਏ ਖ਼ਤਾਂ ਵਿਚੋਂ ਕੁੱਝ ਖ਼ਤ ਨਹੀਂ ਛਾਪ ਰਹੇ।ਅਸੀਂ ਇਸ ਕਾਲਮ ਵਿਚ ਉਹ ਹੀ ਖ਼ਤ ਛਾਪਾਂਗੇ ਜੋ ਜ਼ਾਤੀ ਮਿਹਣੇਬਾਜ਼ੀ ਅਤੇ ਵਿਅਕਤੀਗਤ ਚਿੱਕੜਬਾਜ਼ੀ ਤੋਂ ਰਹਿਤ ਹੋਣ। ਹੋ ਸਕਦਾ ਹੈ ਕਿ ਸਾਡੇ ਪਿਛਲੇ ਅੰਕ ਵਿਚ ਕੁੱਝ ਅਜਿਹੇ ਖ਼ਤ ਛਪੇ ਹੋਣ ਜਿਨ੍ਹਾਂ ਨਾਲ ਕੁੱਝ ਵਿਅਕਤੀਆਂ ਨੂੰ ਵਿਅਕਤੀਗਤ ਠੇਸ ਪਹੁੰਚੀ ਹੋਵੇ। ਅਸੀਂ ਵਤਨ ਦੇ ਪਾਠਕਾਂ ਨੂੰ ਯਕੀਨ ਦਿਵਾਉਂਦੇ ਹਾਂ ਕਿ ਅੱਗੇ ਤੋਂ ਅਜਿਹੇ ਖ਼ਤ ਵਤਨ ਦੇ ਕਾਲਮਾਂ ਵਿਚ ਨਹੀਂ ਛਪਣਗੇ।- ਸੰਪਾਦਕ)**

## ਅਮਰਜੀਤ ਸੂਫੀ ਵਲੋਂ ਕੀਤੀ ਟਿੱਪਣੀ ਦਾ ਜੁਆਬ:

ਅਮਰਜੀਤ ਸੂਫੀ ਨੂੰ ਅਮਰਜੀਤ ਚੰਦਨ ਦੇ ਸ਼ਬਦਾਂ ਨਾਲ ਸੰਬੋਧਨ ਕਰ ਰਿਹਾ ਹਾਂ, ਮੀਤ ਮੁਰਾਰੇ ਜੀਓ, ਤੁਹਾਡੀ ਟਿਪਣੀ ਪੜ੍ਹ ਕੇ ਮਨ ਬਹੁਤ ਪਰਸੰਨ ਹੋਇਆ। ਜਵਾਬ ਦੇਣ ਦਾ ਇਰਾਦਾ ਨਹੀਂ ਸੀ ਪਰ ਵਿਸ਼ੇ ਦੇ ਵਧੇਰੇ ਸਪਸ਼ਟੀਕਰਨ ਦੀ ਤੁਹਾਡੀ ਮੰਗ ਕਾਰਨ ਜਵਾਬ ਦੇ ਰਿਹਾਂ ਹਾਂ। ਤੁਹਾਡੇ ਕਿੰਤੂਆਂ ਦਾ ਜਵਾਬ ਤਾਂ ਅਸਲ ਵਿੱਚ ਇਕ ਪੂਰੇ ਲੇਖ ਵਿੱਚ ਹੀ ਦਿਤਾ ਜਾ ਸਕਦਾ ਹੈ। ਪਰ ਫਿਲਹਾਲ ਜਵਾਬ ਸੰਖੇਪ ਰਖਣ ਦੀ ਕੋਸ਼ਿਸ਼ ਕਰਾਂਗਾ।

ਲੇਖ ਵਿੱਚ, ਅਬਾਦੀ ਦੇ ਵਾਧੇ ਦੇ ਇਤਿਹਾਸਕ ਵਿਕਾਸ ਨਾਲ ਸੰਬਧ ਬਾਰੇ, ਦਲੀਲਾਂ ਦੀ ਕਮੀ ਦਾ ਤੁਹਾਡਾ ਖਿਆਲ ਠੀਕ ਹੈ; ਇਹ ਲੇਖ ਆਪਣੇ ਅਸਲੀ ਰੂਪ ਵਿੱਚ ਬਹੁਤ ਲੰਬਾ ਹੈ। 'ਵਤਨ' ਵਿੱਚ ਦੇਣ ਸਮੇਂ ਇਸ ਨੂੰ ਅਤਿਅੰਤ ਸੰਖੇਪ ਰੂਪ ਦਿਤਾ ਗਿਆ ਸੀ।

ਤੁਹਾਡੀ ਟਿਪਣੀ ਉਸ ਐਬਸਟ੍ਰੈਕਟ ਚਿਤ੍ਰ ਵਾਂਗ ਹੈ ਜਿਸ ਵਿੱਚ ਅੰਗ ਤਾਂ ਸਾਰੇ ਹੁੰਦੇ ਹਨ (ਜਾਂ ਕਾਫੀ ਹੁੰਦੇ ਹਨ) ਪਰ ਉਹ ਆਪਣੀ ਆਪਣੀ ਦਰੁਸਤ ਥਾਂ ਨਹੀਂ ਹੁੰਦੇ। ਟਿਪਣੀ ਉੱਤੇ ਟਿਪਣੀ ਲਿਖਣਾ ਉਚਿਤ ਨਹੀਂ ਹੈ ਇਸ ਲਈ ਇਸ ਦੇ ਮੂਲ ਤੱਤ ਵਲ ਜਾ ਰਿਹਾ ਹਾਂ।

ਤੁਸੀਂ ਇਤਿਹਾਸ ਨੂੰ ਸ੍ਰਿਜਣਾਤਮਕਤਾ ਅਤੇ 'ਸੂਝ ਬੂਝ ਦੇ ਵਿਕਾਸ਼ ਦੀ ਸ਼ਕਤੀ'(?) ਚੋਂ ਪੈਦਾ ਹੁੰਦਾ ਦਸਿਆ ਹੈ। ਇਹ ਦੋਵੇਂ ਚੀਜ਼ਾਂ ਮਨੁੱਖੀ ਮਨ ਦੇ ਖਾਸੇ ਹਨ, ਅਤੇ ਮਨੁੱਖੀ ਇੱਛਾ ਦੇ ਅਧੀਨ ਚਲਦੇ ਹਨ। ਜੇ ਇਤਿਹਾਸ ਮਨੁੱਖੀ ਮਨ ਦੀ ਹੀ ਉਪਜ ਹੁੰਦਾ ਤਾਂ ਇਤਿਹਾਸਕ ਵਰਤਾਰੇ ਮਨੁੱਖੀ ਇੱਛਾ ਦੇ ਕਾਬੂ ਵਿੱਚ ਹੋਣੇ ਚਾਹੀਦੇ ਸਨ ਅਤੇ ਹੁਣ ਤਕ ਆਦਰਸ਼-ਸਮਾਜ ਹੋਂਦ ਵਿੱਚ ਆ ਜਾਣਾ ਚਾਹੀਦਾ ਸੀ। ਪਰ ਆਇਆ ਨਹੀਂ ਅਤੇ ਨਾ ਅਜੇ ਕੋਈ ਰੁਕ-ਰੁਕਾਨ ਦਿਸਦਾ ਹੈ। ਜੇ ਸ੍ਰਿਜਣਾਤਮਕਤਾ ਰਾਹੀਂ ਸੱਭ ਕੁਝ ਨਿਸਚਿਤ ਹੋ ਰਿਹਾ ਹੁੰਦਾ ਤਾਂ ਸ਼ਾਇਦ ਅਜ ਦਾ ਸਮਾਜ ਬੈਨੀਪਾਲ ਦੀ ਗਜ਼ਲ ਵਾਂਗ ਹੁੰਦਾ ਜੋ ਪੂਰੀ ਹੋਣ ਤੋਂ ਪਹਿਲਾਂ ਪੂਰਨ ਹੋਣਾ ਮੰਗਦੀ ਹੈ।

ਇਹੋ ਜਹੀ ਸੋਚ ਅਜੇ ਤਕ ਆਦਰਸ਼ਵਾਦੀ ਭੁਲੇਖੇ ਹਨ। ਇਹ ਜ਼ਰੂਰ ਮੇਰੇ ਲੇਖ ਦਾ ਕਸੂਰ ਹੋਣਾ ਹੈ ਕਿ ਤੁਹਾਡੇ ਵਰਗੇ ਮਾਰਕਸਵਾਦੀ ਨੂੰ ਆਦਰਸ਼ਵਾਦੀ ਭੁਲੇਖਾ ਲੱਗ ਗਿਆ। ਇਹ ਭੁਲੇਖਿਆਂ ਦਾ ਸਿਲਸਲਾ ਅਨੈਕਸਾਗੋਰਸ ਦੇ ਸਮਝ (volis) ਦੇ ਸਿਧਾਂਤ ਤੋਂ ਚਲ ਕੇ ਯੂਰਪ ਵਿੱਚ ਹੇਗਲ ਦੇ ਇਉ ਦਾਨੂੰ ਸਿਸਟਮ ਤਕ ਪਹੁੰਚਾ। ਪਰ ਕਿਉਂਕਿ ਤੁਹਾਡਾ ਇਹ ਖਿਆਲ ਸੁਹਿਰਦ ਅਤੇ ਮੌਲਿਕ ਹੈ ਇਸ ਲਈ ਪੰਜਾਬੀ ਵਿੱਚ ਆਦਰਸ਼ਵਾਦ ਦੇ ਪਹਿਲੇ ਭੁਲੇਖੇ ਦਾ ਸਿਹਰਾ ਤੁਹਾਡੇ ਵਲ ਜਾਂਦਾ ਹੈ।

ਸ੍ਰਿਜਣਾਤਮਕਤਾ ਮਨੁੱਖੀ ਕਿਰਤ ਦਾ ਇਕ ਹਿੱਸਾ ਹੈ। ਇਹ ਉਹਨਾਂ ਵਰਤਾਰਿਆਂ ਤੇ ਕੰਮ ਕਰਦੀ ਹੈ ਜਿਨ੍ਹਾ ਦਾ ਮਨੁੱਖ ਨੂੰ ਗਿਆਨ ਹੋਵੇ। ਕੁਦਰਤ ਬਾਰੇ ਮਨੁੱਖ ਦਾ ਗਿਆਨ ਕਾਫੀ ਵਿਕਸਤ ਹੋ ਚੁਕਾ ਹੈ ਪਰ ਸਮਾਜ ਅਤੇ ਇਤਿਹਾਸ ਦਾ ਗਿਆਨ ਅਜੇ ਬੜਾ ਅਧੂਰਾ ਹੈ। ਇਸਦਾ ਜ਼ਿਕਰ ਲੇਖ ਦੇ ਆਖਰੀ ਹਿਸੇ ਵਿੱਚ ਕੀਤਾ ਗਿਆ ਸੀ ਕਿ ਜਦੋਂ ਮਨੁੱਖ ਨੂੰ ਇਤਿਹਾਸਕ ਅਤੇ ਸਮਾਜਕ ਤਾਕਤਾਂ ਦਾ ਗਿਆਨ ਹੋ ਗਿਆ ਤਾਂ ਇਨਸਾਨ ਇਹਨਾ ਵਰਤਾਰਿਆਂ ਨੂੰ ਕਾਬੂ ਵਿੱਚ ਕਰ ਸਕੇਗਾ। ਮਾਰਕਸ ਅਨੁਸਾਰ, ਉਹ ਵਕਤ, ਇਨਸਾਨ ਦੇ ਅਸਲ ਇਤਹਾਸ ਦਾ ਸ਼ੁਰੂ ਹੋਵੇਗਾ। ਅਜੇ ਤਬਦੀਲੀ ਦਾ ਕੋਈ ਗੁੱਝਾ ਸੋਮਾ ਇਤਿਹਾਸ ਨੂੰ ਅਬੁੱਝ ਅਤੇ ਅਣਚਾਹਤ ਮੰਜ਼ਲਾਂ ਵਲ ਭਟਕਾਈ ਫਿਰਦਾ ਹੈ। ਮੇਰੇ ਅਧਿਅਨ ਵਿੱਚ ਇਸ ਦੀ ਖੋਜ ਪੈੜ ਅਬਾਦੀ ਦੇ ਨਿਰੰਤਰ ਵਾਧੇ ਵਲ ਜਾਂਦੀ ਹੈ। ਲੇਖ ਵਿੱਚ ਮੈਂ ਇਸ ਨੂੰ ਲੱਭਣ ਦਾ ਯਤਨ ਨਹੀਂ ਸੀ ਕੀਤਾ ਦਰਸਾਣ ਦਾ ਯਤਨ ਕੀਤਾ ਸੀ। ਲੱਭਿਆ ਤਾਂ ਕੁਝ ਅਰਸਾ ਪਹਿਲਾਂ ਸੀ।

ਸਿਰਜਣਾਤਮਕਤਾ ਦਾ ਰੋਲ 'ਦਾਸ ਕੈਪੀਟਲ' ਦੀ ਸਮਾਲੋਚਨਾ ਵਿੱਚ ਵਧੇਰੇ ਤਫਸੀਲ ਵਿੱਚ ਦੇ ਰਿਹਾ ਹਾਂ। ਪਰ ਜਿਥੋਂ ਤਕ ਸਮਾਜਕ ਅਦਾਰਿਆਂ ਅਤੇ ਦਵੰਦਾ ਦਾ ਸਵਾਲ ਹੈ ਇਹਨਾਂ ਵਿੱਚ ਤਰਕਸ਼ੀਲਤਾ ਦੇ ਅਧਾਰ ਉੱਤੇ ਫੈਸਲੇ ਹੁੰਦੇ ਹਨ ਸ੍ਰਿਜਣਾਤਮਕਤਾ ਦੇ ਅਧਾਰ ਉੱਤੇ ਨਹੀਂ। ਬਹੁਤ ਸਾਰਾ ਮਨੁੱਖੀ ਇਤਹਾਸ ਇਨਸਾਨੀ ਹੱਕਾਂ ਦੀ ਲੜਾਈ ਹੈ ਅਤੇ ਤਰਕਸ਼ੀਲਤਾ ਨਾਲ ਡੂੰਘਾ ਸੰਬਧ ਰਖਦਾ ਹੈ।

ਮਾਰਕਸ ਅਨੁਸਾਰ ਸੋਚ ਅਤੇ ਵਿਗਿਆਨਕ ਵਿਸ਼ਲੇਸ਼ਣ 'ਪੋਸਟ ਫੇਸਟਮ' (ਯਾਣੀ ਕਿ ਹਕੀਕਤ ਵਾਪਰਨ ਤੇ ਬਾਅਦ) ਸ਼ੁਰੂ ਹੁੰਦੇ ਹਨ। ਹੇਗਲ ਇਸ ਬਾਰੇ ਕਹਿੰਦਾ ਹੈ ਕਿ ਜਦੋਂ ਮਿਨਰਵਾ ਦੇ ਉੱਲੂ ਆਪਣੀ ਉਡਾਰੀ ਸ਼ੁਰੂ ਕਰਦੇ ਹਨ ਤਾਂ ਜ਼ਿੰਦਗੀ ਦਾ ਇਕ ਪਰਛਾਵਾਂ ਪਹਿਲਾਂ ਹੀ ਬੁੱਢਾ ਹੋ ਰਿਹਾ ਹੁੰਦਾ ਹੈ।

ਅਬਾਦੀ ਬਾਰੇ ਤੁਹਾਡੇ ਤੱਤ ਠੀਕ ਨਹੀਂ ਹਨ ਅਤੇ ਅਬਾਦੀ ਦੇ ਵਾਧੇ ਦੇ ਅਸਰਾਂ ਦੀ ਤੁਹਾਡੀ ਵਿਆਖਿਆ ਵੀ ਮੇਰੇ ਲੇਖ ਨਾਲ ਮੇਲ ਨਹੀਂ ਖਾਂਦੀ। ਕੁਝ ਸੰਖੇਪ ਤੱਤ ਪੇਸ਼ ਕਰ ਰਿਹਾਂ ਹਾਂ। ਪਹਿਲਾ ਸਟੀਮ ਇੰਜਣ ਜ਼ੀਸਸ ਵੇਲੇ ਬਣਾਇਆ ਗਿਆ ਸੀ। ਇਸਦਾ ਬਿਆਨ ਅਲੈਗਜ਼ੈਂਡਰੀਆ ਵਿੱਚ ਰਹਿੰਦੇ ਵਿਗਿਆਨੀ ਹੀਰੋ ਨੇ 60 A.D. ਵਿੱਚ ਕੀਤਾ ਸੀ। ਪਰ ਗੁਲਾਮੀ ਦੇ ਇਸ ਯੁਗ ਵਿੱਚ ਇਸ ਨੂੰ ਇਕ ਦਿਲਚਸਪ ਚੀਜ਼ (ਸ਼ੁੱਧ ਸ੍ਰਿਜਣਾਤਮਕਤਾ) ਤੋਂ ਵਧ ਕੁੱਝ ਨਹੀਂ ਸਮਝਿਆ ਗਿਆ।

ਸਨਅਤੀ ਇਨਕਲਾਬ ਵੇਲੇ ਵਧ ਰਹੀ ਇੰਗਲੈਂਡ ਦੀ ਅਬਾਦੀ ਬਾਰੇ ਮਾਲਥੂਸ ਨੇ ਬੜਾ ਸਨਸਨੀ ਖੇਜ਼ ਲੇਖ ਲਿਖਿਆ ਸੀ। ਉਸ ਤੋਂ ਬਿਨਾ ਇਸ ਬਾਰੇ ਟਾਊਨਸੈਂਡ, ਵਾਲੇਸ, ਡੇਫੋ, ਸਰ ਸਟੂਅਰਟ ਜੇਮਜ਼ ਅਤੇ ਫਰੈਂਕਲਿਨ ਵੀ ਲਿਖ ਚੁਕੇ ਸਨ। ਅਜ ਵੀ ਇੰਗਲੈਂਡ ਦੀ ਅਬਾਦੀ ਪ੍ਰਤੀ ਵਰਗ ਮੀਲ ਦੇ ਲਿਹਾਜ਼ ਨਾਲ ਹਿੰਦੁਸਤਾਨ ਨਾਲੋਂ ਵਧੇਰੇ ਹੈ। ਇੰਗਲੈਂਡ ਵਿੱਚ 936 ਬੰਦੇ ਅਤੇ ਹਿੰਦੁਸਤਾਨ ਵਿੱਚ 633 ਬੰਦੇ ਪ੍ਰਤੀ ਵਰਗ ਮੀਲ ਵਿੱਚ ਰਹਿੰਦੇ ਹਨ। ਵਧਦੀ ਅਬਾਦੀ ਨਾਲ ਪੈਦਾ ਹੋਈ ਕਮੀ ਦਾ ਸਭ ਤੋਂ ਆਮ ਅਸਰ, ਜੋ ਹਰ ਮੁਲਕ ਵਿੱਚ ਨੁਮਾਇਆ ਹੈ, ਅਰਥਚਾਰੇ ਦੀ ਹੋਂਦ ਹੈ। ਅਰਥਚਾਰੇ ਦੀ ਪਰੀਭਾਸ਼ਾ ਹੈ, ਸੀਮਿਤ ਵਸੀਲਿਆਂ ਦਾ ਸੰਜਮ। ਇਸ ਕਮੀ ਦਾ ਸਭ ਤੋ ਪ੍ਰਮੁੱਖ ਅਤੇ ਵਿਸ਼ਵਮਈ ਅਸਰ ਪੈਸੇ ਦੀ ਕਮੀ ਦੇ ਰੂਪ ਵਿੱਚ ਨੁਮਾਇਆ ਹੁੰਦਾ ਹੈ। ਪੈਸੇ ਦੀ ਕਮੀ ਅਤੇ ਇਸ ਦਾ ਜ਼ਿੰਦਗੀ ਨਾਲ ਤੁਅਲਕ ਕੌਣ ਨਹੀਂ ਜਾਣਦਾ।

ਤੁਸੀਂ ਫਾਇਰਬਾਖ ਅਤੇ ਹੇਗਲ ਦੋਹਵਾਂ ਨੂੰ ਆਦਰਸ਼ਵਾਦ ਦੇ ਥੰਮੇ ਥੰਨ ਗਏ ਹੋ। ਕਲਾਕਨਰ ਅਨੁਸਾਰ ਫਾਇਰਬਾਖ ਦਾ ਹੇਗਲ ਨਾਲ ਉਹੀ ਰਿਸ਼ਤਾ ਸੀ ਜੋ ਜ਼ਹਿਰ ਦੇ ਪਿਆਲੇ ਦਾ ਸੁਕਰਾਤ ਨਾਲ। ਫਾਇਰਬਾਖ ਦੇ ਇਹ ਸ਼ਬਦ ਹੇਗਲ ਦੇ ਅਤੇ ਤੁਹਾਡੀ ਟਿਪਣੀ ਦੇ ਵਿਰੁਧ ਹਥੌੜੇ ਵਾਂਗ ਵਜਦੇ ਹਨ, 'ਪਰਿੰਸੀਪੀਅਮ ਅਸੈਂਡੀ ਹੀ ਪਰਿਸੀਪੀਅਮ ਕਾਗਨੋਸੈਂਡੀ ਵੀ ਹੈ।'

ਬਲਦੇਵ ਦੁਹੜੇ (ਨਾਰਥ ਵੈਨਕੂਵਰ)

"ਵਤਨ" ਜਨਵਰੀ, ਫ਼ਰਵਰੀ, ਮਾਰਚ 1990 ਮਿਲਿਆ। ਪਰਚਾ ਬਹੁਤ ਚੰਗਾ ਲੱਗਾ। ਆਮ ਕਰਕੇ ਵਿਦੇਸ਼ਾਂ ਦੇ ਪੰਜਾਬੀ ਪਰਚਿਆਂ ਦਾ ਪੱਧਰ ਕੋਈ ਬਹੁਤਾ ਉੱਚਾ ਨਹੀਂ ਹੁੰਦਾ। ਪਰ "ਵਤਨ" ਦਾ ਇਹ ਅੰਕ ਦੇਖ ਕੇ ਇਹ ਮਿੱਥ ਟੁੱਟ ਜਾਂਦੀ ਹੈ।

ਅਜਮੇਰ ਰੋਡੇ ਦਾ "ਸਕਾਈ ਟਰੇਨ", ਡਾਕਟਰ ਰਾਜਪਾਲ ਸਿੰਘ ਦਾ ਮਾਨਸਿਕ ਸਿਹਤ ਬਾਰੇ ਲੇਖ ਤੇ ਸਾਧੂ ਦਾ "ਜਗਤੂ ਦੀਆਂ ਚੀਨ ਦੇ ਹਾਕਮਾਂ ਨੂੰ ਸਲਾਹਾਂ" ਬੜੇ ਉੱਚੇ ਪਾਏ ਦੇ ਹਨ। ਪੰਜਾਬੀ ਵਿਚ ਹਾਸ ਜਾਂ ਵਿਅੰਗ ਬੜਾ ਹੀ ਕਮਜ਼ੋਰ ਹੈ। ਨਾ ਗੱਲ ਨਾਲ ਹਾਸਾ ਆਉਂਦਾ ਹੈ, ਨਾ ਵਿਅੰਗ ਕੁਝ ਕਹਿੰਦਾ ਹੈ।

ਅਸਲ ਵਿੱਚ ਅੱਜ ਹਾਸ ਜਾਂ ਵਿਅੰਗ ਲਿਖਣ ਲਈ ਇਕ ਤਾਂ ਅੰਤਰਰਾਸ਼ਟਰੀ ਪੱਧਰ ਉਤੇ ਰਾਜਨੀਤੀ ਦੀ ਪੂਰੀ ਜਾਣਕਾਰੀ ਦੀ ਲੋੜ ਹੈ। ਦੂਜੇ ਸੰਸਾਰ ਦੀਆਂ ਹਾਂ-ਪੱਖੀ ਤੇ ਨਾਂਹ-ਪੱਖੀ ਤਾਕਤਾਂ ਨੂੰ ਜਾਨਣ ਦੀ, ਤੇ ਤੀਜੇ ਵਿਗਿਆਨਕ ਜਾਂ ਮਾਰਕਸਵਾਦੀ ਦ੍ਰਿਸ਼ਟੀਕੋਣ ਦੀ। ਸਾਧੂ ਦਾ ਲੇਖ ਇਹਨਾਂ ਸਾਰੀਆਂ ਗੱਲਾਂ ਉਤੇ ਪੂਰਾ ਉਤਰਨ ਵਾਲਾ ਹੈ। ਅਜਮੇਰ ਰੋਡੇ ਨੇ ਬਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਬਜ਼ੁਰਗਾਂ ਦੇ ਜਵਿਨ ਦੀ ਸਹੀ ਤਸਵੀਰ ਖਿੱਚੀ ਹੈ। ਡਾ: ਰਾਜਪਾਲ ਸਿੰਘ ਮਾਨਸਿਕ ਸਿਹਤ ਬਾਰੇ ਅਗੋਂ ਵੀ ਲਿਖਦੇ ਰਹਿਣ। ਹਾਂ ਸੱਚ, ਕਾਮਾਗਾਟਾ ਮਾਰੂ ਬਾਰੇ ਸੋਹਣ ਸਿੰਘ ਪੂੰਨੀ ਹੋਰਾਂ ਦਾ ਲੇਖ ਵੀ ਬਹੁਤ ਵਧੀਆ ਹੈ। ਇਹ ਨਾ ਸਮਝਣਾ, ਮੈਂ ਉਂਜੇ ਤਾਰੀਫ਼ ਕਰ ਰਿਹਾਂ ਹਾਂ। ਝੂਠੀਆਂ ਤਾਰੀਫ਼ਾਂ ਮੈਂ ਕਦੇ ਨਹੀਂ ਕੀਤੀਆਂ। ਇਹ ਰਚਨਾਵਾਂ ਸਚਮੁਚ ਹੀ ਮੈਨੂੰ ਚੰਗੀਆਂ ਲਗੀਆਂ ਹਨ।

ਗੁਰਚਰਨ ਰਾਮਪੁਰੀ ਦੀਆਂ ਕਵਿਤਾਵਾਂ ਦੀ ਵਸਤੂ ਸਦਾ ਹੀ ਠੀਕ ਹੁੰਦੀ ਹੈ। ਪਰ ਰੂਪ ਪੱਖੋਂ ਇਹ ਕਵਿਤਾਵਾਂ ਵੰਨ-ਸੁਵੰਨਤਾ ਚਾਹੁੰਦੀਆਂ ਹਨ। ਮਹਾਂ ਕਾਵਿਆਂ ਵਿਚ ਵੀ ਰੂਪ ਜਾਂ ਛੰਦਾਂ ਪਖੋਂ ਵੰਨ-ਸੁਵੰਨਤਾ ਹੁੰਦੀ ਹੈ। ਹਾਲਾਂ ਕਿ ਜੇ ਮਹਾਂਕਾਵਿ ਇਕੋ ਛੰਦ ਵਿਚ ਹੋਵੇ, ਤਾਂ ਵੀ ਪੁਗ ਜਾਂਦਾ ਹੈ। ਚਲੋ। ਪਰਚਾ ਕਾਫੀ ਚੰਗਾ ਹੈ, ਛਪਾਈ ਤੇ ਰੂਪ ਪਖੋਂ ਵੀ।

ਸੰਤੋਖ ਸਿੰਘ ਧੀਰ

(ਚੰਡੀਗੜ੍ਹ,)

ਵਤਨ ਨੂੰ ਪ੍ਰਕਾਸ਼ਿਤ ਕਰਨ ਵਿਚ, ਤੁਹਾਡੀਆਂ ਮਜਬੂਰੀਆਂ ਅਤੇ ਸੀਮਾਵਾਂ ਦਾ ਪੂਰਾ ਅਹਿਸਾਸ ਹੈ। ਇਸ ਗੱਲ ਦੇ ਬਾਵਜੂਦ ਮੈਨੂੰ 'ਵਤਨ' ਤੋਂ ਵੱਡੀਆਂ ਆਸਾਂ ਹਨ। ਇਸ ਕਰਕੇ ਕੁਝ ਕਿੰਤੂ ਅਤੇ ਟਿੱਪਣੀਆਂ ਕਰ ਰਿਹਾ ਹਾਂ:

1. ਪਰਚੇ ਦੇ ਕਵਰ ਡਿਜ਼ਾਈਨ ਵਲ ਧਿਆਨ ਦੇਣ ਦੀ ਲੋੜ ਹੈ। ਤਿੰਨੇ ਅੰਕਾਂ ਦੇ ਕਵਰਾਂ ਦੇ inset (ਵਿਚਲੇ ਫੋਟੋਗਰਾਫ) ਨਿਕੰਮੇ ਸਨ। ਦੂਜੇ ਅੰਕ ਦਾ ਕਵਰ ਤਾਂ ਅਸ਼ਲੀਲਤਾ ਦੀ ਹੱਦ ਤਕ ਘਟੀਆ ਸੀ।

2. ...ਤੇ ਤੁਸੀਂ ਲਿਖਿਆ ਨੂੰ ਹਰ ਤਰ੍ਹਾਂ ਦੇ ਮਹੱਤਵਪੂਰਣ ਵਿਚਾਰ ਦੇ ਆਦਾਨ ਪਰਦਾਨ ਦਾ ਮੰਚ ਨਹੀਂ ਬਣਾਉਣਾ ਚਾਹੀਦਾ (ਘਟੋ ਘਟ ਇਸ ਸਮੇਂ) ਕਿਉਂਕਿ ਸਾਡੇ ਬਹੁਤੇ ਪਾਠਕਾਂ ਦੀਆਂ ਚਿੱਠੀਆਂ ਉਸਤਤ-ਨਿੰਦਿਆ ਨਾਲ ਹੀ ਲਿਬੜੀਆਂ ਹੁੰਦੀਆਂ ਹਨ। ਉਨ੍ਹਾਂ ਵਿਚੋਂ 'ਵਿਚਾਰ' ਦਾ ਪ੍ਰਗਟਾਵਾ ਗਾਇਬ ਹੁੰਦਾ ਹੈ। ਤੁਸੀਂ ਬੇਫਿਕਰ ਹੋ ਕੇ ਚਿੱਠੀਆਂ ਦਤਿ ਕਰੋ, ਭਾਵੇਂ ਇਸ ਸਬੰਧ ਵਿਚ ਇਕ ਲੇਖ ਵੀ ਲਿਖੋ.......ਚਿੱਠੀਆਂ ਸਿਸ੍ਰੋ-ਰੰਨਿਤੇਦ ਹੋਣੀਆਂ ਚਾਹੀਦੀਆਂ ਹਨ।

3. 'ਤੂਤਕ ਤੂਤਕ ਤੂਤੀਆਂ' ਵਾਲਾ ਸਿਲਸਿਲਾ ਵੀ ਹੁਣ ਬੰਦ ਕਰ ਦੇਣਾ ਚਾਹੀਦਾ ਹੈ। ਜਿਹੜੇ ਪਾਠਕ 'ਤੂਤਕ ਤੂਤਕ ਤੂਤੀਆਂ' ਨੂੰ ਭੱਜ ਕੇ ਪੜ੍ਹਨ ਵਾਲੇ ਹਨ, ਉਹ ਚੰਦਾ ਭੇਜਣ ਵਾਲੇ ਨਹੀਂ। ਜਿਹੜੇ ਚੰਦਾ ਭੇਜਣ ਵਾਲੇ ਹਨ, ਉਹ ਸ਼ਾਇਦ ਤੂਤਕ ਤੂਤਕ ਤੂਤੀਆਂ ਪੜ੍ਹਨ ਵਾਲੇ ਨਹੀਂ।

4. ਵਿਅੰਗ ਵਲੋਂ ਵੀ ਬਹੁਤ ਸਾਵਧਾਨ ਹੋਣ ਦੀ ਲੋੜ ਹੈ। ਮੈਨੂੰ 'ਜੁਗਤੂ' ਬਿਲਕੁਲ ਪਸੰਦ ਨਹੀਂ ਆਇਆ। ਸੂਖਮ ਵਿਅੰਗ ਲਈ ਬੁਧੂਪੁਣਾ ਅਤੇ ਬੜਬੋਲਾ ਹੋਣਾ ਜ਼ਰੂਰੀ ਨਹੀਂ।

ਨਵਤੇਜ ਭਾਰਤੀ

(ਉਨਟੈਰਿਓ)

-ਜਦੋਂ ਵੀ 'ਵਤਨ' ਮਿਲਦਾ ਹੈ, ਵਤਨੋਂ ਦੂਰ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਖੁਸ਼ੀ ਦੀ ਗੱਲ ਹੈ ਕਿ ਵਤਨੋਂਦੂਰ ਨੇ, ਅਗਾਂਹਵਧੂ ਸਾਹਿਤ ਦਾ ਸਫ਼ਰ ਜਿੱਥੇ ਲੈ ਜਾ ਕੇ ਛੱਡਿਆ ਸੀ ਵਤਨ ਨੇ ਉਸਨੂੰ ਅੱਗੇ ਤੋਰਿਆ ਹੈ। ਇਸੇ ਕਰਕੇ ਨਾਂ ਬਦਲਣ ਨਾਲ ਕੋਈ ਫਰਕ ਨਹੀਂ ਪਿਆ-ਉਹੋ ਹੀ ਲੁਭਾਵੀਂ ਦਿੱਖ, ਉਹੋ ਹੀ ਸਾਫ ਸੁਥਰੀਆਂ ਪਾਠਕਾਂ ਨੂੰ ਨਰੋਈ ਸੇਧ ਦੇਣ ਵਾਲੀਆਂ ਰਚਨਾਵਾਂ ਤੇ ਉਹੋ ਹੀ ਉਸਰੂ ਪੜਚੋਲ।

ਵਤਨ ਦੇ ਤੀਜੇ ਅੰਕ ਵਿਚ ਜੋਹਨ ਮੈਗਲਿਨ ਦੇ ਨਾਵਲ 'ਮੌਤ ਦੀਆਂ ਪਸਲੀਆਂ ਦੇ ਹੇਠਾਂ' ਦੇ ਕੁੱਝ ਹਿੱਸੇ ਟੋਧਰਲੇ ਪਾਠਕਾਂ ਲਈ ਖਾਸ ਦਿਲਚਸਪੀ ਵਾਲੇ ਹਨ। ਪਾਰਵਾਸੀਆਂ ਦੀ ਜ਼ਿੰਦਗੀ ਤੇ ਸਰਸਰੀ ਝਾਤ ਪਵਾਉਂਣ ਲਈ ਇਹ ਹਿੱਸੇ ਅਪਣੇ ਆਪ ਵਿਚ ਪੂਰਨ ਹਨ। ਹੋ ਸਕੇ ਤਾਂ ਇਸ ਨਾਵਲ ਦਾ ਪੰਜਾਬੀ ਅਨੁਵਾਦ ਪਾਠਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕਰੋ।

ਸਕਾਈ ਟਰੇਨ (ਲੇਖਕ ਅਜਮੇਰ ਰੋਡੇ) ਦੇ ਸਬੰਧ ਵਿਚ: ਇਹ ਇਕ ਪਰਿਵਾਰ ਦੀਆਂ ਦੋ ਪੀੜ੍ਹੀਆਂ ਦੀ ਮਾਨਸਿਕਤਾ ਦੇ ਅੰਤਰ ਵਿਰੋਧ ਦੀ ਕਹਾਣੀ ਹੈ। ਘਰ ਦੇ ਉਪਰੋਂ ਦੀ ਸਕਾਈ ਟਰੇਨ ਦੇ ਲੰਘਣ ਨਾਲ ਨਵੀਂ ਪੀੜ੍ਹੀ ਸੰਕਟ ਵਿਚ ਹੈ। ਇਸਦਾ ਘਰ ਉਪਰੋਂ ਲੰਘਣਾ ਉਨ੍ਹਾਂ ਨੂੰ ਵਿਘਨ ਪਾਉਂਦਾ ਹੈ। ਇਹ ਉਨ੍ਹਾਂ ਦੇ ਅਪਣੇ ਨਿੱਜੀ ਜੀਵਨ ਦੀ ਪਰਾਈਵੇਸੀ ਭੰਗ ਕਰਦਾ ਹੈ ਜੋ ਉਨ੍ਹਾਂ ਕੋਲੋਂ ਬਰਦਾਸ਼ਤ ਨਹੀਂ ਹੁੰਦਾ। ਇਸੇ ਕਰਕੇ ਉਹ ਘਰ ਹੋਰ ਥਾਂ ਲੈਣ ਦੇ ਯਤਨਾਂ ਵਿਚ ਹਨ। ਪਰ ਦੂਸਰੇ ਪਾਸੇ ਪੁਰਾਣੀ ਪੀੜ੍ਹੀ ਜਿਸਦੀ ਨੁਮਾਇੰਦਗੀ ਇਕ ਬਜ਼ੁਰਗ ਕਰਦਾ ਹੈ, ਉਹ ਸਕਾਈ ਟਰੇਨ ਦੇ ਲੰਘਣ ਨੂੰ ਬੁਰਾ ਨਹੀਂ ਸਮਝਦਾ ਤੇ ਨਾ ਹੀ ਉਸਦੇ ਜੀਵਨ ਵਿਚ ਉਸਦਾ ਕੋਈ ਦਖਲ ਹੈ। ਸਗੋਂ ਉਹ ਸਕਾਈ ਟਰੇਨ ਦੇਖਕੇ ਖੁਸ਼ੀ ਮਹਿਸੂਸ ਕਰਦਾ ਹੈ। ਇਹ ਆਮ ਗਲ ਹੈ ਕਿ ਇਕ ਕਰਮ ਤੋਂ ਇਕ ਬੰਦੇ ਨੂੰ ਖਿੱਝ ਆਉਂਦੀ ਹੈ ਤੇ ਦੂਸਰੇ ਨੂੰ ਉਸੇ ਤੇ ਅਨੰਦ। ਫਰਕ ਸਿਰਫ ਮਹਿਸੂਸ ਕਰਨ ਤੇ ਸੋਚਣ ਦਾ ਹੈ। ਅਤੇ ਜੇਕਰ ਸੋਚ ਦਾ ਪੱਧਰ ਬਦਲ ਲਿਆ ਜਾਵੇ ਤਾਂ ਉਹੋ ਦਰਦ ਖਿੱਝ ਛਡਕੇ ਕੇ ਖੁਸ਼ੀ ਦੇਣ ਲਗ ਪੈਂਦਾ ਹੈ। ਇਸੇ ਤਰ੍ਹਾਂ ਕਹਾਣੀ ਵਿਚ ਇਕ ਵਰਗ ਨੂੰ ਅਪਣੀ ਸੋਚ ਬਦਲਣ ਦੀ ਲੋੜ ਹੈ।

ਜੇ ਕਰ ਲੇਖਕ ਕਹਾਣੀ ਵਿਚ ਇਹੋ ਗਲ ਦਸਣੀ ਚਾਹੁੰਦਾ ਹੈ ਤਾਂ ਕਹਾਣੀ ਠੀਕ ਹੈ ਪਰ ਜੇ ਕਰ ਸੋਚ ਦੇ ਇਸ ਟਕਰਾ 'ਚ ਹੱਲ ਕਰਨਾ ਚਾਹੁੰਦਾ ਹੈ ਤਾਂ ਕਹਾਣੀ ਅਧੂਰੀ ਹੈ। ਵੈਸੇ ਸਫਲ ਕਹਾਣੀ 'ਚ ਇਸਦਾ ਹੱਲ ਹੋਣਾ ਜਰੂਰੀ ਸੀ। ਸਮੱਸਿਆਂ 'ਚ ਘਿਰੇ ਹੋਏ ਪਰਿਵਾਰ ਨੂੰ ਸਹੀ ਸੇਧ ਦੇਣੀ ਲੇਖਕ ਦੀ ਲੇਖਣੀ ਦਾ ਫਰਜ ਵੀ ਬਣਦਾ ਹੈ। ਕਹਾਣੀ ਦਾ ਅੰਤ ਸੋਫੇ ਤੇ ਬੈਠਕੇ ਇਕ ਪੀੜ੍ਹੀ ਦੇ ਹੰਝੂ ਵਹਾਉਣਾ ਨਹੀਂ ਹੋਣਾ ਚਾਹੀਦਾ। ਬਜ਼ੁਰਗ ਘਰ ਛੱਡਣ ਲਈ ਇਸ ਕਰਕੇ ਤਿਆਰ ਨਹੀਂ ਕਿਉਂਕਿ ਇਥੇ ਇਸ ਕੋਲ ਅਜਿਹੀ ਥਾਂ ਹੈ ਜਿਥੇ ਸਾਥੀ ਆ ਕੇ ਬੈਠਦੇ ਹਨ, ਦਿਲਾਂ ਦਾ ਦਰਦ ਸਾਂਝਾ ਕਰਦੇ ਹਨ, ਦੁੱਖ ਸੁੱਖ ਫਰੋਲਦੇ ਹਨ ਤੇ ਮਾਨਸਿਕ ਤ੍ਰਿਪਤੀ ਕਰਦੇ ਹਨ। ਘਰ ਬਦਲਣ ਨਾਲ ਉਹ ਇਸਤੋਂ ਵਾਂਝੇ ਹੋ ਜਾਣਗੇ। ਵਾਕਿਆ ਹੀ ਇਸ ਪੀੜ੍ਹੀ ਦਾ ਘਰ ਨਾ ਛੱਡਣ 'ਚ ਇਕ ਬਹੁਤ ਵੱਡਾ ਕਾਰਨ ਹੈ ਜਿਸਨੂੰ ਕਿਸੇ ਤਰ੍ਹਾਂ ਵੀ ਅਣਗੌਲ੍ਹਿਆ ਨਹੀਂ ਕੀਤਾ ਜਾ ਸਕਦਾ।

ਕਹਾਣੀ ਦਾ ਅੰਤ ਇਸ ਤਰ੍ਹਾਂ ਚਾਹੀਦਾ ਸੀ ਕਿ ਨਵੀਂ ਪੀੜ੍ਹੀ ਪਿਛਲੀ ਪੀੜ੍ਹੀ ਦੇ ਇਸ ਕਾਰਨ ਨੂੰ ਦਿਲੋਂ ਸਮਝਦੀ ਅਤੇ ਉਸਦੀ ਸਮਸਿਆਂ ਨੂੰ ਮਹਿਸੂਸ ਕਰਦੀ ਅਤੇ ਸਕਾਈ ਟਰੇਨ ਦੇ ਗੁਜ਼ਰਨ ਦੇ ਕਰਮ ਨੂੰ ਖਿੱਝ ਦੀ ਬਜਾਏ ਅਨੰਦਮਈ ਮਹਿਸੂਸ ਕਰਨ ਲਈ ਆਪਣੀ ਮਾਨਸਿਕਤਾ ਨੂੰ ਬਦਲਣ ਦਾ ਯਤਨ ਕਰਦੀ ਹੋਈ ਘਰ ਨੂੰ ਬਦਲਣ ਦਾ ਫੈਸਲਾ ਰੱਦ ਕਰ ਦੇਂਦੀ। ਇੰਝ ਕਹਾਣੀ ਦੋ ਪੀੜ੍ਹੀਆਂ ਦੀ ਸੋਚ ਦੇ ਦਵੰਦ ਨੂੰ ਖਤਮ ਕਰਨ ਅਤੇ ਇਕ ਦੂਸਰੇ ਨੂੰ ਸਮਝਣ ਲਈ ਰਾਹ ਦਰਸਾਉਂਦੀ।

ਸਾਧੂ ਦਾ ਤੂਤਕ...ਵਾਲਾ ਕਾਲਮ ਬਹੁਤ ਪਸੰਦ ਹੈ ਜੋ ਪਾਠਕਾਂ ਨੂੰ ਨਿਸਚੇ ਹੀ ਝੰਝੋੜਦਾ ਹੋਵੇਗਾ ਤੇ ਇਕ ਲੇਖਕ ਦਾ ਵਿਅੰਗ ਸਧਾਰਨ ਪਾਠਕ ਦੀ ਸੋਚ ਵਿਚ ਕਿੱਲ ਠੋਕਣ ਵਾਲੀ ਗਲ ਹੈ। ਸਿਧੇ ਸਾਦੇ ਪਾਠਕ ਨੂੰ ਉਸੇ ਦੀ ਭਾਸ਼ਾ ਵਿਚ ਔਖੀ ਗੱਲ ਸਮਝਾਉਂਣ ਦਾ ਇਹ ਵਧੀਆ ਤੇ ਸਫਲ ਤਰੀਕਾ ਹੈ। ਡਾ: ਰਾਜਪਾਲ ਦੇ ਲੇਖਾਂ ਦੀ ਲੋੜ ਭਾਰਤੋਂ ਬਾਹਰ ਦੇ ਪਾਠਕਾਂ ਲਈ ਸ਼ਾਇਦ ਵਧੇਰੇ ਜਰੂਰੀ ਹੈ।

ਸੁਰਿੰਦਰ ਕੋਲੇ,

(ਲੁਧਿਆਣਾ)

-ਅਸੀਂ ਪਲਸ ਮੰਚ ਤੇ ਸਰਦਲ ਦੇ ਸਾਰੇ ਦੋਸਤ ਤੁਹਾਡੇ ਉਦੱਮ ਤੋਂ ਬੇਹੱਦ ਪ੍ਰਭਾਵਿਤ ਹਾਂ ਅਤੇ "ਵਤਨੋਂ ਦੂਰ" ਮਗਰੋਂ "ਵਤਨ" ਦੀ ਪਬਲੀਕੇਸ਼ਨ ਨਾਲ ਤੁਹਾਡੇ ਹੋਰ ਨੇੜੇ ਨੇੜੇ ਮਹਿਸੂਸ ਕਰਨ ਲਗੇ ਹਾਂ। ਕੈਨੇਡਾ 'ਚ ਰਹਿੰਦੇ ਦੋਸਤਾਂ ਨੂੰ ਸਾਡੀ ਗੁਜ਼ਾਰਿਸ਼ ਹੈ ਕਿ ਤੁਹਾਡੇ ਆਪਦੇ "ਵਤਨ" ਤੋਂ ਸਰਦਲ ਨਿਕਲਦਾ ਹੈ। ਇਸ ਨੂੰ ਜਾਰੀ ਰੱਖਣ ਲਈ ਤੁਹਾਡੇ ਸਹਿਯੋਗ ਦੀ ਲੋੜ ਹੈ। ਤੁਸੀਂ ਇਸ ਦੇ ਵੱਧ ਤੋਂ ਵੱਧ ਪਾਠਕ ਪੈਦਾ ਕਰ ਸਕੋ ਅਤੇ ਇਸ ਲਈ ਮਾਇਕ ਸਹਾਇਤਾ ਭੇਜੋਂ ਤਾਂ ਇਹ ਹੋਰ ਵੀ ਪੱਕੇ ਪੈਰੀ ਹੋਵੇਗਾ।

ਮਹਿੰਦਰ ਰਾਹੀ, ਆਨਰੇਰੀ ਸੰਪਾਦਕ

"ਸਰਦਲ"(ਭਾਰਤ)

-ਵਤਨ ਦਾ ਅਕਤੂਬਰ- ਨਵੰਬਰ- ਦਸੰਬਰ ਅੰਕ ਮਿਲਿਆ। ਪਰਚਾ ਪੜ੍ਹ ਕੇ ਮੈਂ ਬਹੁਤ ਪ੍ਰਭਾਵਤ ਹੋਇਆਂ ਹਾਂ। ਪਰਚੇ ਦੀ ਦਿੱਖ ਬਹੁਤ ਹੀ ਪ੍ਰਭਾਤਸ਼ਾਲੀ ਸੀ। ਮੈਟਰ ਵੀ ਬਹੁਤ ਕਾਬਲੇ ਗੌਰ ਸੀ। ਅਜਮੇਰ ਰੋਡੇ ਅਤੇ ਸੁਖਵਿੰਦਰ ਕੰਬੋਜ ਦੀਆਂ ਨਜ਼ਮਾ ਜੋ ਕਿ 'ਪਾਸ਼' ਨੂੰ ਸਮਰਪਤ ਸਨ, ਖ਼ੂਬ ਸਨ। ਪਰ ਰੋਡੇ ਦੀ ਕਹਾਣੀ 'ਅਪਣੇ ਲੋਕ' ਪਰਚੇ ਦੇ ਅਤੇ ਸਮਕਾਲੀ ਕਹਾਣੀਆਂ ਦੇ ਮੇਚ ਦੀ ਨਹੀਂ ਸੀ। ਸੁਖਵੰਤ ਹੁੰਦਲ ਦਾ ਲੇਖ 'ਦੁਨੀਆਂ ਵਿਚ ਭੁੱਖ-ਜ਼ਿੰਮੇਵਾਰ ਕੌਣ' ਸਲਾਹੁਣ ਯੋਗ ਅਤੇ ਕਾਫੀ ਜਾਣਕਾਰੀ ਭਰਪੂਰ ਸੀ।

ਕਮਲ ਦੇਵ ਪਾਲ

(ਹੁਸ਼ਿਆਰ ਪੁਰ)

ਵਤਨ ਦਾ ਜਨਵਰੀ ਦਾ ਪਰਚਾ ਪੜ੍ਹਨ ਦਾ ਮੋਕਾ ਮਿਲਿਆ। ਆਪਣੇ ਸੰਖੇਪ ਜਿਹੇ ਵਿਚਾਰ ਭੇਜ ਰਿਹਾਂ। ਪਰਚਾ ਬਹੁਤ ਉੱਚ ਦਰੱਜੇ ਦਾ ਤੇ ਚੰਗੇ ਲੇਖਾਂ ਸਮੇਤ ਬੜਾ ਪਸੰਦ ਆਇਆ। ਡਾਕਟਰ ਰਾਜਪਾਲ ਸਿੰਘ ਮਾਨਸਿਕ ਸਿਹਤ ਉਪਰ ਲੇਖ ਬਹੁਤ ਵੀ ਇਨਫਰਮੇਸ਼ਨ ਵਾਲਾ ਤੇ ਬੜਾ ਹੀ ਪ੍ਰਭਾਵਸ਼ਾਲੀ ਸੀ। ਉਸ ਤਰ੍ਹਾਂ ਵੀ ਆਪਣੀ ਕਮਿਊਨਿਟੀ ਵਿਚ ਮਾਨਸਿਕ ਸਿਹਤ ਬਾਰੇ ਇਨਫਰਮੇਸ਼ਨ ਦੀ ਬਹੁਤ ਹੀ ਜ਼ਿਆਦਾ ਕਮੀ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਪੰਜਾਬੀ ਪਰਚੇ ਵਿਚ ਮਾਨਸਿਕ ਸਿਹਤ ਬਾਰੇ ਪੜ੍ਹਨ ਨੂੰ ਮਿਲਿਆ। ਮੈਂ ਤੁਹਾਨੂੰ ਤੇ ਡਾਕਟਰ ਸਿੰਘ ਨੂੰ ਬਹੁਤ ਵਧਾਈ ਭੇਜਦਾ ਹਾਂ ਤੇ ਕਾਮਨਾ ਕਰਦਾ ਕਿ ਡਾਕਟਰ ਸਿੰਘ ਆਉਣ ਵਾਲੇ ਸਮੇਂ ਵਿਚ ਹੀ ਇਸ ਵਿਸ਼ੇ ਤੇ ਹੋਰ ਲੇਖ ਲਿਖਣਗੇ। ਹੋਰ ਵੀ ਚੰਗਾ ਹੋਵੇ ਜੇਕਰ ਡਾਰਟਰ ਸਿੰਘ ਨਸ਼ਿਆਂ ਤੇ ਮਾਨਸਿਕ ਸਿਹਤ ਬਾਰੇ ਲਿਖਣ।

ਕੁਲਵੰਤ ਬੜਿਆਲ,(M.A.Phil.(Psy) (ਸੈਨ ਹੋਜ਼ੇ ਕੈਲਾਫੋਰਨੀਆ)

'ਵਤਨ' ਦਾ ਤੀਜਾ ਅੰਕ ਮਿਲਿਆ ਤਾਂ ਮੈਂ ਬਾਬਾ ਭਗਤ ਸਿੰਘ ਬਿਲਗਾ ਦੀ ਹੁਣੇ ਛਪੀ ਪੁਸਤਕ, ਗ਼ਦਰ ਲਹਿਰ ਦੇ ਅਣਗੌਲ੍ਹੇ ਵਰਕੇ ਪੜ੍ਹ ਰਿਹਾ ਸਾਂ। ਇਸ ਵਿਚ ਗ਼ਦਰ ਪਾਰਟੀ ਤੇ ਕਿਰਤੀ ਪਾਰਟੀ, ਦੋਹਾਂ ਦੇ ਇਤਿਹਾਸ (1908 ਤੋਂ 52ਤੱਕ) ਦੇ ਕੁਝ ਧੂੜ ਲਿਬੜੇ ਵਰਕਿਆਂ ਦੀ ਧੂੜ ਝਾੜਨ ਦਾ ਉਪਰਾਲਾ ਕੀਤਾ ਗਿਆ ਹੈ। ਬਿਲਗਾ ਜੀ ਲਿਖਦੇ ਹਨ: "ਗ਼ਦਰ ਪਾਰਟੀ ਬਾਰੇ ਪਹਿਲਾਂ ਲਿਖੀਆਂ ਕਿਤਾਬਾਂ ਵਿਚ ਵਿਚਾਰਨ ਤੋਂ ਰਹਿ ਗਏ ਗ਼ਦਰ ਇਤਿਹਾਸ ਦੇ ਅਣਫੋਲੇ ਵਰਕੇ ਇਸ ਕਿਤਾਬ ਵਿਚ ਦਰਜ ਹਨ। ਕਿਰਤੀ ਪਾਰਟੀ, ਜਿਹੜੀ ਕਿ ਗ਼ਦਰੀ ਕਮਿਊਨਿਸਟਾਂ ਦਾ ਹੀ ਦੂਜਾ ਨਾਂ ਸੀ, ਬਾਬਤ ਇਤਿਹਾਸ ਵਿਚ ਕਿਤੇ ਵੀ ਜ਼ਿਕਰ ਨਹੀਂ ਆਉਂਦਾ ।" ਪੁਸਤਕ ਦੇ ਪ੍ਰਕਾਸ਼ਕ ਵੀ ਬਾਬਾ ਜੀ ਖ਼ੁਦ ਹਨ ਤੇ ਇਹ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਤੋਂ 5 ਪਾਉਂਡ/60 ਰੁਪਏ ਜਾਂ ਪੇਪਰ ਬੈਕ 35/- ਰੁਪਏ ਵਿਚ ਮਿਲ ਸਕਦੀ ਹੈ। ਮੈਂ ਇਹ ਵੇਰਵਾ ਲਿਖਦਾ ਹੋਇਆ ਸੋਚ ਰਿਹਾ ਹਾਂ ਕਿ ਦੇਖੋ: ਇਹਨਾਂ ਮਹਾਨ ਬਾਬਿਆਂ ਨੇ ਪਹਿਲਾਂ ਇਤਿਹਾਸ ਬਣਾਇਆ, ਫੇਰ ਦੇਖਿਆ, ਫੇਰ ਇਤਿਹਾਸ ਲਿਖਿਆ ਤੇ ਹੁਣ ਆਪ ਹੀ ਉਸ ਨੂੰ ਪ੍ਰਕਾਸ਼ਤ ਕਰਨ ਦਾ ਬੋਝ ਵੀ ਢੋ ਰਹੇ ਹਨ। ਇਹਨਾਂ ਦੀ ਮਹਾਨ ਲੋਕ ਸੇਵਾ ਅੱਗੇ ਸਿਰ ਝੁਕਦਾ ਹੈ।

ਇਸ ਪੁਸਤਕ ਵਿਚ ਬੇਅੰਤ ਵਾਰ ਸ਼ਬਦ 'ਵਤਨ' ਆਇਆ ਹੈ। ਤੁਹਾਡਾ ਪਰਚਾ ਮਿਲਣ 'ਤੇ ਮੈਨੂੰ ਇਸ ਸ਼ਬਦ ਦੀ ਅਹਿਮੀਅਤ, ਮਿਠਾਸ, ਜਿੰਦ-ਛੋਹ ਤੇ ਦੇਸ ਦੀ ਆਜ਼ਾਦੀ ਵਿਚ ਇਸ ਦੇ ਰੋਲ ਦਾ ਕੁਝ-ਕੁਝ ਅਹਿਸਾਸ ਹੋਇਆ ਹੈ। 'ਵਤਨ' ਦੇਸ ਹੈ, ਆਪਣੀ ਧਰਤੀ ਹੈ, ਆਪਣੇ ਲੋਕ ਹਨ, ਆਪਣਾ ਕੱਚਾ ਕੋਠਾ ਹੈ, ਵਿਹੜਾ ਹੈ, ਵਿਹੜੇ ਵਿਚ ਖੇਡਦੇ ਬਾਲ ਹਨ, ਓਟ ਉਹਲੇ ਧੂਏਂ ਦੇ ਪੱਜ ਰੋਂਦੀ ਪਤਨੀ ਹੈ - ਪੂਰਾ ਸੰਸਾਰ ਹੈ। ਬਾਕੀ ਤੁਹਾਨੂੰ ਪਤਾ ਹੋਵੇਗਾ ਇਹ ਕੀ ਹੈ। ਅਸੀਂ, ਜਿਹੜੇ ਪਿੰਡੋ ਚੱਲ ਕੇ ਸਿਰਫ ਚੰਡੀਗੜ, ਤੱਕ ਹੀ ਆਏ ਹਾਂ (ਉਹ ਵੀ ਬੋਚਿਆਂ ਸਮੇਤ), ਇਸ ਲਫਜ਼ ਦੀਆਂ ਗਹਿਰਾਈਆਂ ਨਹੀਂ ਮਾਪ ਸਕਦੇ। 'ਵਤਨ' ਅੱਜ ਵੀ ਇਕ ਨਵੀਂ ਆਜ਼ਾਦੀ ਦੀ ਲੋੜ ਮਹਿਸੂਸ ਕਰਦਾ ਹੈ। ਸੰਕਟ ਦਿਨੋ-ਦਿਨ ਸੰਗੀਨ ਹੁੰਦਾ ਜਾ ਰਿਹਾ ਹੈ। ਇਸ ਦੇ ਨਿਵਾਰਨ ਲਈ ਫੇਰ ਇਕ ਹੰਭਲੇ ਦੀ ਲੋੜ ਹੈ। ਪਰ ਲਗਦਾ ਹੈ ਇਸ ਹੰਭਲੇ ਦਾ ਆਰੰਭ ਹੁਣ ਵੀ ਤੁਹਾਡੇ ਵਲੋਂ ਹੀ ਹੋਣਾ ਹੈ। 'ਵਤਨ', 'ਸੰਵਾਦ' ਤੇ ਹੋਰ ਪਰਚੇ 'ਫਰੀ ਹਿੰਦੋਸਤਾਨ', 'ਆਰੀਆ', 'ਸੰਸਾਰ' ਤੇ 'ਗ਼ਦਰ' ਦੀਆਂ ਯਾਦਾਂ ਨੂੰ ਮੁੜ ਤਾਜ਼ਾ ਕਰ ਰਹੇ ਹਨ। ਗੁਰਚਰਨ ਰਾਮਪੁਰੀ ਵਾਂਗ ਸਾਨੂੰ ਵੀ 'ਸੁੱਕੇ ਮੁੱਢ ਦੀ ਵੱਖੀ ਵਿਚ' ਫੁੱਟਦੀਆਂ ਇਨ੍ਹਾਂ ਕਰੂੰਬਲਾਂ ਉੱਤੇ ਹੀ ਆਸਾਂ ਹਨ। ਸਾਨੂੰ ਤਾਂ ਸਮੇਂ ਦੀ 'ਚਾਲ' ਨੇ ਬਿਲਕੁਲ ਨਕਾਰਾ ਕਰ ਦਿਤਾ ਹੈ। ਤੁਹਾਨੂੰ ਇਹ ਸ਼ਬਦ ਲਿਖਣ ਦਾ ਬਲ ਵੀ ਬਾਬੇ ਬਿਲਗੇ ਦੀ ਕਿਤਾਬ ਨੇ ਦਿਤਾ ਹੈ, ਜਾਂ 'ਵਤਨ' ਦੇ ਟਾਈਟਲ ਸਫ਼ੇ 'ਤੇ ਸ਼ਹੀਦ ਸੇਵਾ ਸਿੰਘ ਦੀ ਤਸਵੀਰ ਨੇ। ਮੇਵਾ ਸਿੰਘ ਦੀ ਫੋਟੋ ਤੇ ਕਾਮਾਗਾਟਾ ਮਾਰੂ ਦੇ ਗ਼ਦਰੀ-ਕਾਰਨਾਮਿਆਂ ਨੂੰ ਉਭਾਰਨਾ ਤੇ ਉਸ ਸਾਰੀ ਲਹਿਰ ਦਾ ਨਵੇਂ ਪ੍ਰਸੰਗਾਂ ਵਿਚ ਵਿਸ਼ਲੇਸ਼ਣ ਕਰਨਾ ਤੁਹਾਡੇ ਪਰਚੇ ਦੀ ਸੇਧ ਅਤੇ ਠੀਕ ਰਾਜਨੀਤੀ ਨੂੰ ਸਪਸ਼ੱਟ ਕਰਦੇ ਹਨ। ਸ਼ਸ਼ੀ ਸਮੁੰਦਰਾ ਦੀ 'ਘੁੱਗੀ', ਮਹਿੰਦਰ ਸੂਮਲ ਦੀ 'ਰਾਖ਼', ਅਜਮੇਰ ਰੋਡੇ ਦੀ 'ਸਕਾਈ ਟਰੇਨ' ਤੇ ਸਾਧੂ ਦੀਆਂ 'ਨੇਕ ਸਲਾਹਾਂ' ਨੇ ਮੈਨੂੰ ਪ੍ਰਭਾਵਿਤ ਕੀਤਾ ਹੈ

ਕੇਸਰ ਸਿੰਘ

'ਕੇਸਰ'(ਭਾਰਤ)

-'ਪਾਸ਼ ਲਈ' ਕਵਿਤਾ ਬਾਰੇ ਇਤਰਾਜ਼ ਛਪਿਆ ਹੈ, ਕਿ ਵਿਅਕਤੀਗਤ ਵੈਰ ਵਿਰੋਧ ਆਦਿ ਨਹੀਂ ਛਪਣਾ ਚਾਹੀਦਾ। ਇਹ ਇਤਰਾਜ਼ ਸਿਰ ਮੱਥੇ ਤੇ ਹੈ। ਪਰ ਸਾਡੀ ਸ਼ਾਇਦ ਬਦਕਿਸਮਤੀ ਹੀ ਅਜਿਹੀ ਹੈ ਕਿ ਅਸੀਂ ਪ੍ਰਾਪਤ ਯਥਾਰਥ ਦੇ ਵੈਰ ਵਿਰੋਧਾਂ ਦੇ ਵਰਤਮਾਨ ਪ੍ਰਸੰਗ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਾਂ। ਹੁੰਦਾ ਬਹੁਤ ਵਾਰ ਇਹ ਹੈ ਕਿ ਕਵਿਤਾ ਯਥਾਰਥ ਨੂੰ ਸੰਬੋਧਨ ਤਾਂ ਹੁੰਦੀ ਹੈ ਪਰ ਇਹ ਕਵਿਤਾ ਪ੍ਰਾਪਤ ਯਥਾਰਥ ਦੇ ਭੂਤਕਾਲੀ ਵਿਰੋਧਾਂ ਦਾ ਸੰਸ਼ੋਧਨ ਕਰਦੇ ਹੋਏ ਵਰਤਮਾਨ ਤੇ ਉਂਗਲ ਰੱਖਣੋ ਸੰਕੋਚ ਕਰਦੀ ਹੈ। ਇਹੀ ਕਾਰਨ ਹੈ ਕਿ ਕਵਿਤਾ ਯਥਾਰਥ ਨੂੰ ਸੰਬੋਧਨ ਹੁੰਦੀ ਹੋਈ ਵੀ ਉਹਦਾ ਇਤਿਹਾਸਕ ਵਿਸ਼ਲੇਸ਼ਣ ਕਰਨ ਤੋਂ ਅਸਮਰੱਥ ਰਹਿ ਜਾਂਦੀ ਹੈ। ਚਾਹੀਦਾ ਤਾਂ ਇਹ ਹੈ ਕਿ ਕਵਿਤਾ ਸਮਾਜ ਦੇ ਪ੍ਰਾਪਤ ਇਤਿਹਾਸਕ ਸਾਰ ਦੀ ਸਹੀ ਸਤਹ ਤੋਂ ਉਪਰ ਉਠਕੇ ਉਹਦੇ ਸਦੀਵੀ ਵਿਰੋਧਾਂ ਨੂੰ ਵਰਤਮਾਨ ਕਾਲ ਦੀ ਦਿਸ਼ਾ 'ਚ ਉਲੀਕ ਕੇ ਭਵਿੱਖ ਲਈ ਰਾਹ ਰੋਸ਼ਣਾਵੇ, ਪਰ ਕਈ ਵਾਰ ਪ੍ਰਾਪਤ ਯਥਾਰਥ ਏਨਾ ਕਠੋਰ ਤੇ ਕਰੂਰ ਹੁੰਦਾ ਹੈ ਕਿ ਲਗਦਾ ਹੈ ਇਹ ਜ਼ਾਤੀ ਰੰਜਸਾਂ ਹਨ। ਪਰ ਸੱਚ ਇਸਦੇ ਐਨ ਉਲਟ ਹੈ। ਇਸ ਕਵਿਤਾ ਵਿਚ ਹੋ ਸਕਦਾ ਹੈ ਕਿ ਕਿਸੇ ਨੂੰ ਇਹ ਵਿਅਕਤੀਗਤ ਵੈਰ ਵਿਰੋਧ ਜਾਪੇ ਪਰ ਜੇਕਰ ਇਸ ਕਵਿਤਾ ਵਿਚਲੇ ਵਿਰੋਧਾਂ ਨੂੰ ਇਤਿਹਾਸ ਦੇ ਸਹੀ ਸਮਾਜਕ ਪ੍ਰਸੰਗ 'ਚ ਰੱਖ ਕੇ ਵਾਚੀਏ ਤਾਂ ਇਹ ਵਿਰੋਧ ਵਿਅਕਤੀਗਤ ਨਾ ਹੋ ਕੇ ਸਮੂਹਕ ਅਸਾਰ ਦੇ ਧਾਰਨੀ ਬਣਦੇ ਹਨ। ਉਂਝ ਕਈ ਵਾਰ ਸਮਾਜਕ ਯਥਾਰਥ ਏਨਾ ਧੁੰਦਲਾ ਤੇ ਅਸਪਸ਼ਟ ਹੁੰਦਾ ਹੈ ਕਿ ਉਹਦੇ ਵਿਰੋਧ-ਵਿਕਾਸੀ ਲੱਛਣਾਂ ਨੂੰ ਸਮਝਣ ਲਈ ਇਤਿਹਾਸਕ ਸਮਝ ਦੀ ਡੂੰਘੀ ਪਕੜ ਦੀ ਲੋੜ ਹੁੰਦੀ ਹੈ। ਉਂਝ ਮੈਂ ਇਹ ਦਾਅਵਾ ਨਹੀਂ ਕਰਦਾ ਕਿ ਮੈਂ ਹੀ ਸੱਚ ਹਾਂ, ਬਾਕੀ ਸਭ ਕੂੜ ਹੈ ਪਰ ਇਨ੍ਹਾਂ ਪ੍ਰਸੰਗ ਨੂੰ ਸਮਝਣ ਦਾ ਇਹ ਵੀ ਤਾਂ ਇਕ ਨੁਕਤਾ ਨਜ਼ਰ ਹੋ ਸਕਦਾ ਹੈ।

ਸੁਖਵਿੰਦਰ ਸਿੰਘ ਕੰਬੋਜ

(ਕੈਲਾਫੋਰਨੀਆਂ)

ਵਤਨ ਦਾ ਤੀਜਾ ਅੰਕ ਦੇਖਕੇ ਇਸ ਗੱਲ ਦੀ ਖ਼ੁਸ਼ੀ ਹੋਈ ਹੈ ਕਿ ਹੁਣ ਤੁਸੀਂ ਰਚਨਾਵਾਂ ਦੀ ਪੇਸ਼ਕਾਰੀ ਦੇ ਨਾਲ ਨਾਲ ਕਲਾਤਮਕ ਪੱਖ ਵੱਲ ਵੀ ਧਿਆਨ ਦੇ ਰਹੇ ਹੋ।

ਖ਼ਤਾਂ ਰਾਹੀਂ ਤੁਸੀਂ ਇਕ ਮੰਚ ਉਸਾਰਨ ਦੇ ਯਤਨਾਂ ਵਿਚ ਹੋ- ਤੁਹਾਡਾ ਇਹ ਉਪਰਾਲਾ ਸਲਾਹੁਣਯੋਗ ਹੈ। ਪਰ ਤੁਹਾਨੂੰ ਇਸ ਕਾਰਜ ਵਿਚ ਪੇਸ਼ ਆਉਣ ਵਾਲੀਆਂ ਮੁੱਸ਼ਕਿਲਾਂ ਵਲੋਂ ਵੀ ਹਰ ਵੇਲੇ ਚੇਤੰਨ ਰਹਿਣਾ ਪਵੇਗਾ...

ਸੁਖਿੰਦਰ, ਸਕਾਰਬਰੋ

(ਉਨਟੇਰੀਉ)

ਵਤਨ ਦਾ ਤਾਜ਼ਾ ਅੰਕ ਮਿਲਿਆ।(ਤੁਹਾਡੇ) ਸਿਦਕ ਅਤੇ ਸਿਰੜ ਦੀ ਦਾਦ ਦੇਣੀ ਪੈਂਦੀ ਹੈ। ਹੰਭਲਾ ਮਾਰਕੇ ਇਸਨੂੰ ਕਮਰਸ਼ਲ ਪੱਧਰ ਉੱਤੇ ਵੀ ਸਫਲ ਬਣਾਉ। ਤੁਹਾਡੇ ਲਈ ਇਸ਼ਤਿਹਾਰ ਲੈਣੇ ਨਾ ਔਖੇ ਹਨ ਅਤੇ ਨਾ ਹੀ ਅਸੰਭਵ। ਇਸੇ ਤਰ੍ਹਾਂ ਪਾਠਕਾਂ ਦੇ ਘੇਰੇ ਨੂੰ ਵੀ ਉਚੇਚੇ ਯਤਨ ਨਾਲ ਵਧਾਉਣ ਦੀ ਲੋੜ ਹੈ। ਪਰਚੇ ਦਾ ਆਤਮ ਨਿਰਭਰ ਹੋਣਾ/ਆਪਣਾ ਬੋਝ ਆਪ ਚੁੱਕਣਾ ਬਹੁਤ ਜ਼ਰੂਰੀ ਹੈ। ਸ਼ਹਿਰ-ਸ਼ਹਿਰ, ਨਗਰ-ਨਗਰ ਦਰਵਾਜ਼ੇ ਖੜਕਾਕੇ ਹੀ ਗਾਹਕ ਬਣਾਏ ਜਾ ਸਕਦੇ ਹਨ ਤਾਂਕਿ ਲੋਕਾਂ ਵਿਚ ਪੜ੍ਹਨ ਦੀ ਆਦਤ ਪਵੇ।

ਰਵਿੰਦਰ ਰਵੀ , ਨਿਊ੍ਂ, ਆਇਨਸ਼

ਜਨਵਰੀ-ਮਾਰਚ ਅੰਕ ਦਾ ਕਵਰ ਬੜਾ ਸੋਗਮਈ ਜਿਹਾ ਸੀ। ਚੰਗਾ ਹੁੰਦਾ ਜੇ ਤੁਸੀਂ ਇਹ ਤਸਵੀਰ ਅੰਦਰਲੇ ਪੇਜ਼ 'ਤੇ ਦਿੰਦੇ। ਤੁਹਾਡਾ ਵਿਅੰਗ ਕਾਲਮ ਬੜਾ ਦਿਲਚਸਪ ਹੈ। ਆਪਣੇ ਲੋਕ ਕਾਲਮ ਰਾਹੀਂ ਅਜਮੇਰ ਰੋਡੇ ਵੀ ਚੰਗਾ ਲਿਖ ਰਿਹਾ ਹੈ। ਜੌਨ੍ਹ ਮੈਰਲਿਨ ਦੀ ਲਿਖਤ ਜਿਹਿਆਂ ਵਧੀਆ ਲਿਖਤਾਂ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣਾ ਬੜਾ ਸ਼ਲਾਘਾਯੋਗ ਕੰਮ ਹੈ। ਏਸ ਲਈ ਬਹੁਤ ਸ਼ੁਕਰੀਆ। ਮਹਿੰਦਰ ਸੂਮਲ ਦੀਆਂ ਕਵਿਤਾਵਾਂ ਟੁੰਬਦੀਆਂ ਹਨ।

ਤੁਹਾਡਾ ਇਹ ਕਹਿਣਾ ਤਾਂ ਠੀਕ ਹੈ ਕਿ ਸਾਨੂੰ ਪੰਜਾਬੀਆਂ ਨੂੰ ਇਹ ਆਦਤ ਹਟਾਉਣੀ ਚਾਹੀਦੀ ਹੈ ਕਿ ਜਾਮਣ ਜੇ ਮੂੰਹ 'ਚ ਸਿੱਧੀ ਡਿੱਗੂ ਤਾਂ ਹੀ ਖਾਵਾਂਗੇ। ਪਰ ਪਰਚੇ ਨੂੰ ਏਹਦੇ ਪਾਠਕਾਂ ਦੀ ਪਹੁੰਚ ਤੱਕ ਰੱਖਣਾ ਹੀ ਠੀਕ ਹੈ। ਬੱਚਾ ਪਹਿਲਾਂ ਫੜਨਾ ਸਿੱਖੇਗਾ ਤਾਂ ਹੀ ਪੌੜੀ ਚੜੇਗ੍ਹਾ। 'ਵਤਨ' ਦੇ ਬਹੁਗਿਣਤੀ ਪਾਠਕਾਂ ਨੂੰ ਅੱਖੋਂ ਓਹਲੇ ਕਰਕੇ ਰਚਨਾਵਾਂ ਦੇਣੀਆਂ ਵੱਡੀ ਗਲਤੀ ਹੋਵੇਗੀ ਤੇ ਪਰਚੇ ਦੀ ਮੌਤ ਵੀ।

ਸ਼ਸ਼ੀ ਸਮੁੰਦਰਾ,

ਅਮਰੀਕਾ

ਵਤਨ ਵਿਚ ਡਾਕਟਰ ਰਾਜਪਾਲ ਸਿੰਘ ਦਾ ਲੇਖ ਪੜ੍ਹਿਆ। ਬਹੁਤ ਹੀ ਦਿਲਚਸਪ ਲੇਖ ਸੀ। ਮੈਂ ਲੇਖ ਨੂੰ ਇਕ ਵਾਰ ਪੜ੍ਹਨਾ ਸ਼ੁਰੂ ਕੀਤਾ ਤਾਂ ਪੂਰੇ ਪੜ੍ਹੇ ਤੋਂ ਬਿਨਾਂ ਬੰਦ ਨਾ ਕਰ ਸਕਿਆ। ਡਾ: ਸਿੰਘ ਨੇ ਮਾਨਸਿਕ ਸਿਹਤ ਬਾਰੇ ਅਤੇ ਖਾਸ ਕਰਕੇ ਇਸਦੇ  ਲੱਛਣਾ ਦੀ ਵਿਆਖਿਆ ਬੜੇ ਚੰਗੇ ਢੰਗ ਨਾਲ ਕੀਤੀ ਹੈ। ਲੇਖ ਲਿਖਣ ਲਈ ਮੈਂ ਉਨ੍ਹਾਂ ਨੂੰ ਦਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਨ੍ਹਾਂ ਵਲੋਂ ਲਿਖੇ ਹੋਰ ਆਰਟੀਕਲ ਵੀ ਪੜ੍ਹਨ ਨੂੰ ਮਿਲਣਗੇ।

ਸਮੁੱਚੇ ਰੂਪ ਵਿਚ ਵਤਨ ਵੀ ਪਸੰਦ ਆਇਆ। ਪਰਚੇ ਦਾ ਫਾਰਮੇਟ ਅਤੇ ਹੋਰ ਲੇਖਾਂ ਦੀ ਚੋਣ ਵੀ ਵਧੀਆ ਸੀ। ਅਜਿਹੇ ਪਰਚਾ ਕੱਢਣ ਲਈ ਮੈਂ ਤੁਹਾਨੂੰ ਮੁਬਾਰਕਵਾਦ ਭੇਜਦਾ ਹਾਂ। ਅਜਿਹਾ ਪਰਚਾ ਕੱਢਣ ਲਈ ਹੌਂਸਲੇ ਅਤੇ ਸਿਆਣਪ ਦੀ ਲੋੜ ਹੈ। ਮੈਗਜੀਨ ਲਈ ਸ਼ੁੱਭ ਇਛਾਵਾਂ ਭੇਜਦਾ ਹਾਂ।

ਹਰਜੀਤ ਸਿੰਘ

ਸਿੱਧੂ(ਅਮਰੀਕਾ)

ਵਤਨ ਦਾ ਤੀਸਰਾ ਅੰਕ ਮਿਲਿਆ। ਇਹ ਦੇਖਕੇ ਖੁਸ਼ੀ ਹੋਈ ਕਿ ਤੁਸੀਂ ਮਾਨਸਿਕ ਸਿਹਤ ਬਾਰੇ ਸਥਾਈ ਕਾਲਮ ਸ਼ੁਰੂ ਕਰ ਦਿੱਤਾ ਹੈ।....ਪੰਜਾਬੀ ਵਿਚ ਸੌਖੀ ਤੇ ਦਿਲਚਸਪ ਭਾਸ਼ਾ ਵਿਚ ਗਿਆਨ ਭਰਪੂਰ ਵਾਰਤਕ ਲਿਖਣ ਵਾਲੇ ਲੇਖਕਾਂ ਦੀ ਬਹੁਤ ਘਾਟ ਹੈ। ਖਾਸ ਕਰ ਵਿਗਿਆਨਕ ਵਿਸ਼ਿਆ ਬਾਰੇ ਲਿਖਣ ਵਾਲੇ ਤਾਂ ਗਿਣਤੀ ਦੇ ਹੀ ਲੇਖਕ ਹਨ। ਸੋ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢਕੇ ਮਨੋਵਿਗਿਆਨ ਅਤੇ ਮਨੋਚਿਕੱਤਸਾ ਦੇ ਖੇਤਰ ਵਿਚ ਲਿਖਣਾ, ਹਰ ਜਗ੍ਹਾ ਬੈਠੇ ਪੰਜਾਬੀ ਲੋਕਾਂ ਨੂੰ ਡਾਕਟਰ ਸਾਹਿਬ ਦੀ ਕਾਫੀ ਵੱਡੀ ਦੇਣ ਹੋਵੇਗੀ। ਵੈਨਕੂਵਰ ਸੱਥ ਨੂੰ 1990 ਦਾ ਹੈਰੀਟੇਜ ਐਵਾਰਡ ਮਿਲਣ ਤੇ ਵਧਾਈ।

ਰਾਜਪਾਲ ਸਿੰਘ  ਸੰਪਾਦਕ ਤਰਕਸ਼ੀਲ

(ਕੋਟਕਪੂਰਾ)

—— —— ——

## ਸਫਾ ੨ ਦੀ ਬਾਕੀ

ਮਨਾਈਆਂ ਗਈਆਂ ਹਨ। ਬੇਸ਼ਕ ਸਾਊਥ ਅਫਰੀਕਾ ਵਿਚ ਅਪਾਰਥਾਈਡ ਪ੍ਰਬੰਧ ਅਜੇ ਵੀ ਕਾਈਮ ਹੈ ਜਿਸ ਅਧੀਨ ਘੱਟ ਗਿਣਤੀ ਚਿੱਟੇ ਲੋਕਾਂ ਦੀ ਰਾਜ ਸੱਤਾ ਤੇ ਸਰਦਾਰੀ ਹੈ। ਸਾਊਥ ਅਫਰੀਕਨ ਕਾਲੇ ਲੋਕਾਂ, ਰੰਗਦਾਰ ਲੋਕਾਂ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਕਿਸੇ ਵੀ ਕਿਸਮ ਦਾ ਸਿਆਸੀ ਅਧਿਕਾਰ ਨਹੀਂ। ਸਾਊਥ ਅਫਰੀਕਾ ਦੇ ਲੋਕਾਂ ਵਲੋਂ ਇਸ ਪ੍ਰਬੰਧ ਨੂੰ ਖਤਮ ਕਰਨ ਲਈ ਲੜਾਈ ਜ਼ਾਰੀ ਹੈ। ਨੈਲਸਨ ਮੰਡੇਲਾ ਦੀ ਰਿਹਾਈ ਇਹ ਲੜਾਈ ਲੜ ਰਹੇ ਸਾਊਥ ਅਫਰੀਕਨ ਲੋਕਾਂ ਦੇ ਨਾਲ ਨਾਲ ਦੁਨੀਆਂ ਭਰ ਦੇ ਇਨਸਾਫ ਪਸੰਦ ਲੋਕਾਂ ਲਈ ਜਿੱਤ ਅਤੇ ਖੁਸ਼ੀ ਵਾਲੀ ਘਟਨਾ ਹੈ। ਇਸ ਮੌਕੇ ਤੇ ਅਸੀਂ ਪਾਠਕਾਂ ਲਈ ਮੰਡੇਲਾ ਵਲੋਂ ਵੱਖ ਵੱਖ ਸਮੇਂ ਦਿੱਤੇ ਭਾਸ਼ਨਾਂ ਅਤੇ ਬਿਆਨਾਂ ਦੇ ਕੁੱਝ ਹਿੱਸੇ ਵਤਨ ਵਿਚ ਪੇਸ਼ ਕਰਦੇ ਹਾਂ।

* * *

ਅਗਲੇ ਅੰਕ ਤੋਂ ਵਤਨ  ਪਹਿਲਾ ਸਾਲ ਪੂਰਾ ਕਰ ਦੂਜੇ ਸਾਲ ਵਿਚ ਪੇਸ਼ ਕਰ ਰਿਹਾ ਹੈ। ਅਸੀਂ ਦੂਜੇ ਸਾਲ ਦਾ ਪਹਿਲਾ ਅੰਕ 'ਕੈਨੇਡਾ ਵਿਚ ਪੰਜਾਬੀ ਨਾਟਕ ਅਤੇ ਰੰਗਮੰਚ' ਉਪਰ ਸਪੈਸ਼ਲ ਅੰਕ ਕੱਢਣ ਦਾ ਫੈਸਲਾ ਲਿਆ ਹੈ। ਇਸ ਅੰਕ ਵਿਚ ਅਸੀਂ ਕੈਨੇਡਾ ਵਿਚ ਇੰਡੋਕੈਨੇਡੀਅਨ ਲੋਕਾਂ ਬਾਰੇ ਲਿਖੇ ਗਏ ਨਾਟਕ ਅਤੇ ਕੈਨੇਡਾ ਵਿਚ ਪੰਜਾਬੀ ਰੰਗਮੰਚ ਦਾ ਸੰਖੇਪ ਇਤਿਹਾਸ ਛਾਪਾਂਗੇ। ਇਸ ਲਈ ਅਸੀਂ ਕੈਨੇਡਾ ਦੇ ਪੰਜਾਬੀ ਨਾਟਕਕਾਰਾਂ ਅੱਗੇ ਬੇਨਤੀ ਕਰਦੇ ਹਾਂ ਉਹ ਸਾਨੂੰ ਆਪਣੇ ਅਣਛਪੇ ਨਾਟਕ ਭੇਜਣ। ਇਸਦੇ ਨਾਲ ਹੀ ਅਸੀਂ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕੰਮ ਕਰ ਰਹੀਆਂ ਨਾਟਕ ਮੰਡਲੀਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਆਪਣੀਆਂ ਰੰਗਮੰਚੀ ਸਰਗਰਮੀਆਂ ਬਾਰੇ ਸੰਖੇਪ ਰੀਪੋਰਟਾਂ ਭੇਜਣ। ਇਨ੍ਹਾਂ ਰੀਪੋਰਟਾਂ ਵਿਚ ਇਹ ਦੱਸਿਆ ਹੋਣਾ ਚਾਹੀਦਾ ਹੈ ਕਿ ਮੰਡਲੀ ਕਦੋਂ ਹੋਂਦ ਵਿਚ ਆਈ, ਹੁਣ ਤੱਕ ਉਸਨੇ ਕਿੰਨ੍ਹੇ ਨਾਟਕ ਖੇਡੇ ਹਨ, ਇਹ ਨਾਟਕ ਕਦੋਂ ਅਤੇ ਕਿੱਥੇ ਖੇਡੇ ਗਏ ਹਨ, ਨਾਟਕਾਂ ਵਿਚ ਕਿਹੜੇ ਕਿਹੜੇ ਕਲਾਕਾਰਾਂ ਨੇ ਭਾਗ ਲਿਆ ਹੈ ਆਦਿ। ਇਸ ਤਰ੍ਹਾਂ ਰੰਗਮੰਚ ਨਾਲ ਸਬੰਧਤ ਕਲਾਕਾਰਾਂ ਅਗੇ ਬੇਨਤੀ ਹੈ ਕਿ ਉਹ ਸਾਨੂੰ ਇਹ ਲਿਖ ਕੇ ਭੇਜਣ ਕਿ ਉਨ੍ਹਾਂ ਨੇ ਕਿਹੜੇ ਕਿਹੜੇ ਨਾਟਕਾਂ ਵਿਚ ਹਿੱਸਾ ਲਿਆ ਹੈ? ਇਸ ਸਪੈਸ਼ਲ ਅੰਕ ਨੂੰ ਵਧੀਆ ਬਣਾਉਣ ਲਈ ਸਾਨੂੰ ਤੁਹਾਡੇ ਸਾਰਿਆਂ ਦੇ ਸਹਿਯੋਗ ਦੀ ਜ਼ਰੂਰਤ ਹੈ। ਤੁਸੀਂ ਸਾਨੂੰ ਇਹ ਸਾਰੀ ਸਮੱਗਰੀ 15 ਜੂਨ ਤੱਕ ਭੇਜ ਦੇਵੋਂ ਤਾਂ ਅਸੀਂ ਤੁਹਾਡੇ ਬਹੁਤ ਹੀ ਧੰਨਵਾਦੀ ਹੋਵਾਂਗੇ।

—— —— ——


BUYING OR SELLING



REAL ESTATE

Call SUKH SHOKER

Res. (604) 325-1982 Bus. (604) 435-9477

SUTTON GROUP EXCELL REALTY

3010 BOUNDARY ROAD, BURNABY, B.C. V5M 4A1

Sutton GROUP

**Watan**
**P.O. Box 67681, Stn. 'O'**
**Vancouver, B.C.**
**V5W 3V2**

**Vol. 1, No. 4**
**Spring, 1990**
**April/May/June**

TO

## ਦੋ ਅਨੁਵਾਦਤ ਕਵਿਤਾਵਾਂ

# "ਮੈਂ ਸ਼ਹਿਰ ਕਿਉਂ ਸਾੜਿਆ"

## ਲਾਰੈਂਸ ਬੈਂੱਨਫੋਰਡ (ਨਵੀਂ ਬਲੈਕ ਪੋਇਟਰੀ)

ਮੇਰਾ ਸ਼ਹਿਰ ਸੁੱਤਾ ਰਿਹਾ
ਜਦੋਂ ਮੈਂ ਵਧ ਫੁਲ ਰਿਹਾ ਸੀ
ਉਸ ਨਫਰਤ ਵਿਚ
ਜੋ ਪਿਛਵਾੜੇ ਦੀਆਂ ਵੀਹੀਆਂ ਵਿਚ
ਉਬਲ ਰਹੀ ਸੀ।

ਮੇਰੇ ਸ਼ਹਿਰ ਤੇ ਸੂਰਜ ਲਿਸ਼ਕਿਆ
ਪਰ ਉਸਦੀਆਂ ਕਿਰਣਾਂ
ਉਨ੍ਹਾਂ ਕੋਲਿਆਂ ਵਲ ਨਾ ਮੁੜੀਆਂ
ਜਿੱਥੇ ਮੈਂ ਬੂਟ ਪਾਲਸ਼ ਕੀਤੇ
ਆਪਣੇ ਦੰਦਾਂ ਨਾਲ,
ਜਿਥੇ ਮੇਰੇ ਪਿਤਾ ਨੇ ਸ਼ਹਿਰ ਦਾ ਕੂੜਾ ਕਰਕਟ ਖਾਧਾ
ਆਪਣੇ ਹੱਥਾਂ ਨਾਲ
ਜਿਥੇ ਮੇਰੀ ਮਾਂ ਨੇ ਗੋਰੇ ਬੱਚਿਆਂ ਨੂੰ ਪਾਲਿਆ ਪੋਸਿਆ
ਆਪਣੀਆਂ ਕਾਲੀਆਂ ਛਾਤੀਆਂ ਨਾਲ।

ਮੇਰਾ ਸ਼ਹਿਰ, ਹਾਂ ਮੇਰਾ ਸ਼ਹਿਰ
ਸੁੱਤਾ ਰਿਹਾ, ਪਸਰੀਆਂ
ਜਰਨੈਲੀ ਸੜਕਾਂ ਦੇ ਆਲੇ ਦੁਆਲੇ
ਉੱਚੀਆਂ ਇਮਾਰਤਾਂ ਦੀ ਨਿੱਘ ਵਿਚ
ਬੇਥਵੇ ਬੰਦਿਆਂ ਦੀ ਮਲਕੀਅਤ ਵਾਲੇ
ਲੱਖ ਲੱਖ ਡਾਲਰਾਂ ਦੇ ਘਰਾਂ ਵਿਚ।

ਅਤੇ ਮੈਂ ਵੱਡਾ ਹੋ ਗਿਆ...
ਜਿਵੇਂ ਆਪਣਾ ਸਾਥੀ
ਮਰਿਆ, ਖਾਧਾ ਹੋਇਆ ਵੇਖ ਕੇ
ਜੰਗਲੀ ਜਾਨਵਰ ਚੌਂਕ ਉੱਠਦਾ ਹੈ
ਮੈਂ ਪਲ ਵਿਚ ਉਸ ਅੱਗ ਨਾਲ ਵੱਡਾ ਹੋ ਗਿਆ
ਜੋ ਮੇਰੀ ਆਤਮਾ ਵਿਚ ਮਘ ਉੱਠੀ ਸੀ
ਉਹ ਅੱਗ ਜਿਸਨੇ ਮੇਰੇ ਨਰਮ ਦਿਲ ਤੇ
ਉਹ ਛੇਕ ਕੀਤੇ ਸੀ
ਜੋ ਸਿੱਕੇ ਨਾਲ ਬੰਦ ਕੀਤੇ ਗਏ

ਤਾਂ ਜੋ ਮੈਂ ਲਹੂ ਵਗ ਕੇ ਨਾ ਮਰਾਂ
ਅਤੇ ਮੈਂ ਕਾਲਜ ਨੂੰ ਤੇਲ ਦਾ ਡਬਾ ਲੈ ਕੇ
ਚਲਾ ਗਿਆ।

# ਤੂੰ...ਮੈਨੂੰ ਜੁਆਬ ਦੇ

## ਨਿਕੋਲਸ ਗੁਈਲਨ (ਕਿਊਬਨ ਕਵੀ)

ਤੂੰ ਜਿਸਨੇ ਕਿਊਬਾ ਛਡ ਦਿੱਤਾ ਹੈ
ਜੁਆਬ ਦੇ
ਕਿੱਥੋਂ ਲੱਭੇਂਗਾ ਤੂੰ
ਅਸਮਾਨ ਥੱਲੇ
ਹਰੀਆਂ ਹੀ ਹਰੀਆਂ
ਨੀਲੀਆਂ ਹੀ ਨੀਲੀਆਂ
ਖਜੂਰਾਂ ਹੀ ਖਜੂਰਾਂ?
ਜੁਆਬ ਦੇ
ਤੂੰ ਜਿਹੜਾ ਆਪਣੀ ਮਾਂ ਬੋਲੀ ਭੁਲ ਚੁੱਕਾ ਹੈ
'ਅਛਾ' ਅਤੇ 'ਤੂੰ'
ਜਿਹੇ ਸ਼ਬਦਾਂ ਨੂੰ
ਓਪਰੀ ਬੋਲੀ ਵਿਚ ਚਿਥਦੈਂ
ਤੂੰ ਗੂੰਗਾ ਹੋ ਕੇ ਕਿਵੇਂ ਜਿਉਂ ਸਕਦੈਂ?
ਜੁਆਬ ਦੇ
ਤੂੰ ਜਿਸਨੇ ਉਹ ਧਰਤੀ ਛਡ ਦਿੱਤੀ ਹੈ
ਜਿੱਥੇ ਤੇਰਾ ਪਿਤਾ ਕਰਾਸ ਥੱਲੇ
ਦਫਨਾਇਆ ਹੋਇਆ ਹੈ
ਤੂੰ ਆਪਣੀਆਂ ਹਡੀਆਂ
ਕਿਥੇ ਦੱਬੇਂਗਾ?
ਜੁਆਬ ਦੇ
ਓ ਬਦਕਿਸਮਤ ਜੁਆਬ ਦੇ ਮੈਨੂੰ
ਕਿਥੋਂ ਲਭੇਂਗਾ ਤੂੰ।

ਅਨੁਵਾਦਕ: ਸੁਰਿੰਦਰ

ਵਤਨ

**Watan (The Country) is a literary and Cultural quarterly of Punjabi- the mother tongue of East Punjab (India) and West Punjab (Pakistan)- Published by Watan Publication. The contributors include well-known Punjabi writers throught the world.**

ਕੀਮਤ ਦੋ ਡਾਲਰ